ISSN:2231-6930

94

# ਪ੍ਰਵਚਨ



ਜਨਵਰੀ-ਮਾਰਚ 2024

ਮੁੱਲ 75 ਰੁਪਏ

## ਕਹਾਣੀ ਗੋਸ਼ਟੀ ਵਿਸ਼ੇਸ਼ ਅੰਕ

# ਰਜਨੀਸ਼ ਬਹਾਦਰ ਸਿੰਘ ਦਾ ਆਲੋਚਨਾ ਸੰਸਾਰ




ਰਜਨੀਸ਼ ਬਹਾਦਰ ਸਿੰਘ ਕੁਝ ਵਰ੍ਹਿਆ 'ਚ ਈ ਆਪਣੀ ਵਿਦਵਤਾ ਤੇ ਪ੍ਰਤਿਭਾ ਸਦਕੇ ਪੁਸਤਕ ਸਮੀਖਿਅਕ ਤੇ ਆਲੋਚਕ ਵਜੋਂ ਤੇਜ਼ੀ ਨਾਲ ਉੱਭਰ ਕੇ ਸਥਾਪਤ ਹੋਇਆ ਏ। ਉਹ ਪ੍ਰਤਿਬਧ ਮਾਰਕਸਵਾਦੀ ਆਲੋਚਨਾ ਦੇ ਸਿਧਾਂਤ 'ਤੇ ਚਲਦਾ ਹੋਇਆ ਕਿਸੇ ਵੀ ਵਾਦ ਦੇ ਸਮੇਂ ਨਾਲ ਬਦਲਦੇ ਚਿੰਤਨ ਨੂੰ ਵਾਚਦਾ ਹੈ।

ਏਸ ਤੋਂ ਪਹਿਲਾਂ ਦੇ ਮਾਰਕਸਵਾਦੀ ਆਲੋਚਕ ਪਹਿਲਾਂ ਵਿਸ਼ੇ ਬਾਰੇ ਸੋਚਦੇ ਸੀ ਤੇ ਫਿਰ ਨਿਭਾਅ ਬਾਰੇ। ਓਸ ਰਚਨਾ ਦੇ ਚੰਗਾ ਮਾੜਾ ਸਾਹਿਤ ਹੋਣ ਜਾਂ ਨਾ ਹੋਣ ਦਾ ਦਾਰੋਮਦਾਰ ਲੇਖਕ ਦੀ ਨੀਅਤ ਨੂੰ ਮੰਨਿਆ ਜਾਂਦਾ ਸੀ। ... ਰਜਨੀਸ਼ ਮਾਰਕਸਵਾਦੀ ਤਾਂ ਹੈ ਪਰ ਸਮੇਂ ਦੇ ਚਿੰਤਨ ਦੇ ਨਾਲ ਤੁਰਨਾ ਜਾਣਦਾ ਹੈ। ਉਹਦੇ 'ਚ ਕਈ ਕੰਮਾਂ ਨੂੰ ਇਕੋ ਵਾਰੀ ਹੱਥ ਪਾਉਣ ਤੇ ਨਿਭਾਉਣ ਦੀ ਸਮਰਥਾ ਹੈ। ਆਪਣੀ ਕਮਾਲ ਦੀ ਯਾਦ ਸ਼ਕਤੀ, ਤੀਬਰ ਬੁੱਧੀ-ਵਿਵੇਕ ਕਰ ਕੇ ਉਹਦੇ ਚਿੰਤਨ 'ਚ ਗਹਿਰਾਈ ਪੈਦਾ ਹੁੰਦੀ ਗਈ ਏ। -ਪ੍ਰੇਮ ਪ੍ਰਕਾਸ਼

# ਸੰਤੋਖ ਧਾਲੀਵਾਲ ਦਾ ਗਲਪ ਸੰਸਾਰ




ਸੰਤੋਖ ਧਾਲੀਵਾਲ ਪੱਛਮੀ ਜੀਵਨ ਵਰਤਾਰੇ ਨੂੰ ਗਤੀਸ਼ੀਲ ਦ੍ਰਿਸ਼ਟੀ ਰਾਹੀਂ ਪੇਸ਼ ਕਰਦਾ ਹੈ। ਉਹ ਰਚਨਾ ਵਸਤ ਅਨੁਸਾਰ ਉਸ ਦੀ ਵਿਧਾ ਦੀ ਘਾੜਤ ਬਣਾਉਂਦਾ ਹੈ ਇਸ ਲਈ ਉਹ ਕਹਾਣੀ ਤੋਂ ਨਾਵਲ ਤਕ ਦੀ ਸਿਰਜਣਕਾਰੀ ਦਾ ਸਫ਼ਰ ਤੈਅ ਕਰਦਾ ਹੈ। ਉਸ ਦਾ ਸਿਰਜਣੀ ਸੰਸਾਰ ਪ੍ਰਵਾਸ ਦੇ ਵਰਤਾਰੇ ਦੇ ਗਲੈਮਰ ਤੋਂ ਲੈ ਕੇ ਰਿਸ਼ਤਿਆਂ ਦੇ ਆਦਰਸ਼ ਦੀ ਤਿੜਕਣ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਉਸ ਦੀ ਮੁਹਾਵਰੇਦਾਰ ਭਾਸ਼ਾ ਉਸ ਦੀ ਸਿਰਜਣਕਾਰੀ ਦੀ ਵਿਲੱਖਣਤਾ ਹੈ। ਉਸ ਦੇ ਰਚਨਾ ਸੰਸਾਰ ਨੂੰ ਉਸ ਦੀਆਂ ਗਲਪ ਰਚਨਾਵਾਂ ਦੇ ਸਮੁੱਚ ਵਿਚੋਂ ਸਮਝਿਆ ਜਾ ਸਕਦਾ ਹੈ।

*-ਡਾ. ਕੁਲਵੰਤ ਸਿੰਘ ਸੰਧੂ*


- ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
- ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ KULWANT SINGH ਦੇ ਨਾਂ ਭੇਜੇ ਜਾਣ।
- ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
- ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 24 ਪੁਸਤਕ ਲੜੀ : 94 ਜਨਵਰੀ–ਮਾਰਚ 2024

**ਬਾਨੀ ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ**

**ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ**

124, CHHOTI BARADARI-II

Jalandhar-144001

Mob: 98722-44885

pravachanpunjabi@gmail.com

www.pravachan. org

**ਸੰਪਾਦਕ: ਡਾ. ਰਮਿੰਦਰ ਕੌਰ**

Mob: 94172–75147

**ਸਲਾਹਕਾਰ ਬੋਰਡ**

ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)

ਡਾ. ਜਸਵਿੰਦਰ ਸਿੰਘ (ਪਟਿਆਲਾ)

ਡਾ. ਮਹਿਲ ਸਿੰਘ (ਅੰਮ੍ਰਿਤਸਰ)

ਡਾ. ਜਨਮੀਤ

ਡਾ. ਜਸ ਮੰਡ

ਸੁਕੀਰਤ

ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਡਾ. ਪਰਮਜੀਤ ਕੌਰ ਸਿੱਧੂ (ਕੁਰੂਕਸ਼ੇਤਰ ਯੂਨੀਵਰਸਿਟੀ)

ਸੰਤੋਖ ਧਾਲੀਵਾਲ (ਯੂ. ਕੇ.)

ਬਲਬੀਰ ਪਰਵਾਨਾ

ਰਾਹੁਲ ਸਿੰਘ

**ਚੰਦਿਆਂ ਦਾ ਵੇਰਵਾ:**

| | |
|---|---|
| India | Rs. 75 Per Issue |
| | Rs.1500 Per 5 Years |
| U.K. | £20 Per Year |
| | £100 Per 5 Years |
| U.S.A./ | $40 Per Year |
| | $160 Per 5 Years. |
| Canada | $40 Per Year |
| | $200 Per 5 Years. |

**ਅੰਦਰ ਪੜ੍ਹੋ**

- ਪੰਜਾਬੀ ਕਹਾਣੀ–ਗੋਸ਼ਟੀ ਵਿਸ਼ੇਸ਼ ਅੰਕ –ਕੁਲਵੰਤ ਸਿੰਘ/2
- ਵਰਤਮਾਨ ਪੰਜਾਬੀ ਕਹਾਣੀ: ਦ੍ਰਿਸ਼ ਅਤੇ ਦ੍ਰਿਸ਼ਟੀ –ਡਾ. ਜੇ.ਬੀ. ਸੇਖੋਂ/03
- ਵਿਚਾਰ–ਚਰਚਾ/15
- ਕਹਾਣੀ: ਤੁਖ਼ਮ: –ਭੁਪਿੰਦਰ ਸਿੰਘ ਮਾਨ/28
- ਵਿਚਾਰ–ਚਰਚਾ/39
- ਕਹਾਣੀ: ਮੁਕਤੀ –ਅਮਰਜੀਤ ਸਿੰਘ ਮਾਨ/46
- ਵਿਚਾਰ–ਚਰਚਾ/53
- ਕਹਾਣੀ: ਜਿਊਣ ਦਾ ਵੱਲ –ਵਿਪਨ ਗਿੱਲ/59
- ਵਿਚਾਰ–ਚਰਚਾ/64
- ਕਹਾਣੀ: ਬੋਦੀ ਵਾਲਾ ਤਾਰਾ –ਆਗ਼ਾਜ਼ਬੀਰ/68
- ਵਿਚਾਰ–ਚਰਚਾ/89
- ਸਮਕਾਲੀ ਸਾਹਿਤ ਨੂੰ ਵਾਚਦਿਆਂ –ਕੁਲਵੰਤ ਸਿੰਘ ਸੰਧੂ/95

# ਪੰਜਾਬੀ ਕਹਾਣੀ ਗੋਸ਼ਟੀ

ਅਦਾਰਾ 'ਪ੍ਰਵਚਨ' ਵੱਲੋਂ ਇਹ 20ਵੀਂ ਗੋਸ਼ਟੀ ਹੈ, ਕਿਸੇ ਵੀ ਕੰਮ ਨੂੰ ਸ਼ੁਰੂ ਕਰਨਾ ਸ਼ਾਇਦ ਮੁਸ਼ਕਿਲ ਨਹੀਂ ਹੁੰਦਾ, ਪਰ ਉਸ ਦੀ ਨਿਰੰਤਰਤਾ ਨੂੰ ਕਾਇਮ ਰੱਖਣਾ ਨਿਸ਼ਚੇ ਹੀ ਔਖਾ ਹੁੰਦਾ ਹੈ। ਇਹ ਡਾ: ਰਜਨੀਸ਼ ਬਹਾਦਰ ਦੀ ਸਿਰੜੀ ਸ਼ਖ਼ਸੀਅਤ ਦਾ ਹੀ ਅਸਰ ਸੀ ਕਿ ਉਸ ਨੇ ਨਿਰੰਤਰਤਾ ਨੂੰ ਵੀ ਬਣਾਈ ਰੱਖਿਆ ਤੇ ਇਸ ਦੇ ਮਿਆਰ ਨਾਲ ਵੀ ਕੋਈ ਸਮਝੌਤਾ ਨਹੀਂ ਕੀਤਾ ਉਸਦੇ ਅਚਾਨਕ ਵਿਛੋੜੇ ਤੋਂ ਬਾਅਦ ਅਸੀਂ ਸਾਰੇ ਦੋਸਤਾਂ ਨੇ ਪ੍ਰਵਚਨ ਨੂੰ ਤੇ ਗੋਸ਼ਟੀ ਪਰੰਪਰਾ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ।

ਇਸ ਵਾਰ ਦੀ ਗੋਸ਼ਟੀ ਨਵੀਂ ਪੰਜਾਬੀ ਕਹਾਣੀ ਬਾਰੇ ਹੈ। ਇਸ ਲਈ ਅਸੀਂ ਪੰਜ ਨਵੇਂ ਕਹਾਣੀਕਾਰਾਂ; ਭੁਪਿੰਦਰ ਸਿੰਘ ਮਾਨ, ਅਮਰਜੀਤ ਸਿੰਘ ਮਾਨ, ਵਿਪਨ ਗਿੱਲ, ਸੰਦੀਪ ਸਮਰਾਲਾ ਤੇ ਆਗਾਜ਼ਬੀਰ ਨੂੰ ਗੋਸ਼ਟੀ ਲਈ ਉਚੇਚੇ ਤੌਰ 'ਤੇ ਕਹਾਣੀਆਂ ਲਿਖਣ ਲਈ ਬੇਨਤੀ ਕੀਤੀ ਤੇ ਸਮੁੱਚੀ ਪੰਜਾਬੀ ਕਹਾਣੀ ਬਾਰੇ ਪਰਚਾ ਲਿਖਣ ਲਈ ਡਾ: ਜੇ.ਬੀ. ਸੇਖੋਂ ਨੂੰ ਗੋਸ਼ਟੀ ਦੀ ਪਰੰਪਰਾ ਮੁਤਾਬਿਕ ਛੇ ਵੱਖ-ਵੱਖ ਸੈਸ਼ਨਾਂ ਵਿਚ ਇਨ੍ਹਾਂ ਕਹਾਣੀਆਂ ਤੇ ਪਰਚੇ ਨੂੰ ਪੜ੍ਹਿਆ ਤੇ ਵਿਚਾਰਿਆ ਗਿਆ। ਵੀਹ ਦੇ ਕਰੀਬ ਵਿਦਵਾਨ ਦੋਸਤਾਂ ਨੇ ਇਸ ਗੋਸ਼ਟੀ ਵਿਚ ਸ਼ਮੂਲੀਅਤ ਕੀਤੀ ਤੇ ਵਿਚਾਰ-ਚਰਚਾ ਦਾ ਹਿੱਸਾ ਬਣੇ। ਕਹਾਣੀਕਾਰ ਦੋਸਤਾਂ ਨੇ ਆਪਣੀਆਂ ਕਹਾਣੀਆਂ ਤੇ ਹੋਈ ਵਿਚਾਰ-ਚਰਚਾ ਦੀ ਗੋਸ਼ਟੀ ਵਿਚ ਆਪਣੀਆਂ ਕਹਾਣੀਆਂ ਵਿਚ ਛਪਣ ਤੋਂ ਪਹਿਲਾ ਕੁਝ ਤਬਦੀਲੀਆਂ ਵੀ ਕੀਤੀਆਂ।

ਨਵੀਂ ਪੰਜਾਬੀ ਕਹਾਣੀ ਬਾਰੇ ਹੋਈ ਬਹਿਸ ਵਿਚੋਂ ਕੁਝ ਗੱਲਾਂ ਉਭਰ ਕੇ ਸਾਹਮਣੇ ਆਈਆਂ; ਅਜੋਕੇ ਦੌਰ ਦੇ ਕਹਾਣੀ ਲੇਖਕ ਭਾਸ਼ਾ ਦੀ ਵਰਤੋਂ ਦੇ ਲਿਹਾਜ਼ ਨਾਲ ਵਧੇਰੇ ਸੁਚੇਤ ਹਨ। ਇਸ ਦੀ ਪੁਸ਼ਟੀ ਗੋਸ਼ਟੀ ਦੌਰਾਨ ਕਈ ਵਾਰ ਉਭਰ ਕੇ ਸਾਹਮਣੇ ਆਈ। ਦੂਸਰੇ, ਜੇਕਰ ਇਨ੍ਹਾਂ ਕਹਾਣੀਆਂ ਨੂੰ ਪੰਜਾਬੀ ਕਹਾਣੀ ਦੀਆਂ ਪ੍ਰਤੀਨਿਧ ਕਹਾਣੀਆਂ ਮੰਨ ਲਿਆ ਜਾਵੇ ਤਾਂ ਬਿਰਤਾਂਤਕਾਰੀ ਦੇ ਨਾਲ-ਨਾਲ ਉਨ੍ਹਾਂ ਦੀ ਰਚਨਾ-ਦ੍ਰਿਸ਼ਟੀ ਤੇ ਸਮੱਸਿਆਵਾਂ ਪ੍ਰਤੀ ਪਹੁੰਚ ਵਿਚ ਵੀ ਇਕ ਗੁਣਾਤਮਿਕ ਤਬਦੀਲੀ ਵਾਪਰਦੀ ਨਜ਼ਰ ਆਉਂਦੀ ਹੈ। ਗੋਸ਼ਟੀ ਵਿਚ ਪੜ੍ਹੀਆਂ ਗਈਆਂ ਸਾਰੀਆਂ ਹੀ ਕਹਾਣੀਆਂ ਅੰਤ 'ਚ ਇਕ ਸੁਖਾਵੇਂ ਹੱਲ ਤੇ ਪੁਜਦੀਆਂ ਨਜ਼ਰ ਆਉਂਦੀਆਂ ਹਨ। ਇਸ ਤਬਦੀਲੀ ਦਾ ਭਵਿੱਖ ਦੀ ਪੰਜਾਬੀ ਕਹਾਣੀ ਤੇ ਕਿਸ ਤਰ੍ਹਾਂ ਦਾ ਪ੍ਰਭਾਵ ਪਵੇਗਾ ਜਾਂ ਨਹੀਂ, ਇਸ ਦੀ ਪੇਸ਼ੀਨਗੋਈ ਕਰਨੀ ਮੁਮਕਿਨ ਨਾ ਵੀ ਹੋਵੇ ਪਰ ਫਿਰ ਵੀ ਇਹ ਤਬਦੀਲੀ ਗੌਲਣਯੋਗ ਹੈ।

ਅੰਤ ਵਿਚ ਸਮੁੱਚੀ ਪ੍ਰਵਚਨ ਟੀਮ, ਕਹਾਣੀਕਾਰ ਦੋਸਤਾਂ, ਪਰਚਾ ਲੇਖਕ ਤੇ ਡਾ: ਮਹਿਲ ਸਿੰਘ ਦੇ ਸਹਿਯੋਗ ਤੇ ਮਹਿਮਾਨ ਨਵਾਜ਼ੀ ਲਈ ਧੰਨਵਾਦ।

**-ਕੁਲਵੰਤ ਸਿੰਘ**

# ਵਰਤਮਾਨ ਪੰਜਾਬੀ ਕਹਾਣੀ: ਦ੍ਰਿਸ਼ ਅਤੇ ਦ੍ਰਿਸ਼ਟੀ

-ਡਾ. ਜੇ.ਬੀ. ਸੇਖੋਂ

*ਡਾ. ਜੇ.ਬੀ. ਸੇਖੋਂ ਨੇ ਸਾਡੀ ਬੇਨਤੀ 'ਤੇ ਪੰਜਾਬੀ ਕਹਾਣੀ ਬਾਰੇ ਬਹੁਤ ਹੀ ਵਿਸਥਾਰਤ ਪਰਚਾ ਲਿਖ ਕੇ ਭੇਜਿਆ ਸੀ। ਇਹ ਪਰਚਾ ਅਕਾਰ ਵਿਚ ਬਹੁਤ ਵੱਡਾ ਹੋਣ ਕਰਕੇ, ਸਾਰੇ ਪਰਚੇ ਨੂੰ ਛਾਪ ਸਕਣਾ ਸੰਭਵ ਨਹੀਂ ਸੀ। ਅਸੀਂ ਆਪਣੇ ਸੰਪਾਦਕੀ ਹੱਕਾਂ ਦੀ ਵਰਤੋਂ ਕਰਕੇ ਇਸ ਨੂੰ ਸੰਪਾਦਿਤ ਕਰਕੇ ਛਾਪ ਰਹੇ ਹਾਂ।*

ਆਧੁਨਿਕ ਪੰਜਾਬੀ ਕਹਾਣੀ ਕਲਾ ਦੇ ਹੋਰ ਰੂਪਾਂ ਵਾਂਗ ਹੀ ਕੋਈ ਸਥਿਰ ਤੇ ਮਕਾਨਕੀ ਬਣਤਰ ਵਾਲੀ ਨਹੀਂ ਹੈ। ਕਥਾ ਕਹਿਣੀ ਤੇ ਲਿਖਣੀ ਮੂਲ ਤੌਰ 'ਤੇ ਸਾਂਝਾ ਸਿਰਜਣਾਤਮਿਕ ਅਮਲ ਹੈ ਜਿਹੜਾ ਸਮਾਜਿਕ-ਸਭਿਆਚਾਰਕ ਪ੍ਰਕਿਰਿਆ ਦੇ ਰੂਪਾਂਤਰੀਕਰਨ ਤਹਿਤ ਆਪਣੀ ਵਸਤੂ, ਰੂਪ ਅਤੇ ਦ੍ਰਿਸ਼ਟੀ ਦੀਆਂ ਮੁਦਰਾਵਾਂ ਤੇ ਆਸਣ ਬਦਲਦਾ ਰਹਿੰਦਾ ਹੈ। ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿੱਚ ਵਿਸ਼ਵ ਪੱਧਰ 'ਤੇ ਸੋਵੀਅਤ ਯੂਨੀਅਨ ਦੇ ਟੁੱਟਣ, ਅਮਰੀਕਾ ਦੇ ਇਕ ਧਰੁਵੀ ਸ਼ਕਤੀ ਬਣਨ ਦੇ ਵਰਤਾਰੇ ਪਿੱਛੋਂ ਸਾਮਰਾਜੀ ਸ਼ਕਤੀਆਂ ਸੰਸਾਰ ਮੰਡੀ ਉੱਤੇ ਆਪਣਾ ਗਲਬਾ ਪਾਉਣ ਲਈ ਪਰ ਤੋਲਦੀਆਂ ਹਨ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਆਰਥਿਕ ਸੰਸਾਰੀਕਰਨ ਦੇ ਪ੍ਰਭਾਵ ਅਧੀਨ ਯੋਜਨਾਬੱਧ ਸਹਿਜ ਵਿਕਾਸ ਦੀ ਥਾਂ ਮੰਡੀ ਕੇਂਦਰਿਤ ਵਿਕਾਸ ਲਈ ਰਸਤੇ ਪੱਧਰੇ ਹੁੰਦੇ ਹਨ। ਇਸ ਨਾਲ ਦੁਨੀਆ ਪੱਧਰ 'ਤੇ ਖੁੱਲ੍ਹੀ ਮੰਡੀ, ਖੁੱਲੀ ਆਰਥਿਕਤਾ ਅਤੇ ਮੁਕਤ ਵਪਾਰ ਦੇ ਸੰਕਲਪ ਨੇ ਪੱਛਮ ਦੇ ਅਤਿ ਵਿਕਸਤ ਦੇਸ਼ਾਂ ਦੀਆਂ ਕਾਰਪੋਰੇਟ ਨੀਤੀਆਂ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਨਵੀਆਂ ਬਸਤੀਆਂ ਦੇ ਰੂਪ ਵਿੱਚ ਵਰਤਣ ਦਾ ਅਮਲ ਸ਼ੁਰੂ ਹੋਇਆ।

ਚੌਥੇ ਦੌਰ ਦੇ ਵੱਖੋਂ ਵੱਖਰੇ ਸਮਾਜਿਕ ਅਨੁਭਵਾਂ ਵਾਲੇ ਕਹਾਣੀਕਾਰਾਂ ਨੇ ਪੂਰਵਲੀ ਕਥਾ ਪਰੰਪਰਾ ਵਿੱਚ ਜਿੱਥੇ ਵਸਤੂ, ਰੂਪ ਅਤੇ ਦ੍ਰਿਸ਼ਟੀ ਦੇ ਪੱਖ ਤੋਂ ਇਕ ਵੱਢ ਮਾਰਿਆ ਹੈ ਉੱਥੇ ਹੀ ਇਸ ਪੜਾਅ ਦੀ ਕਥਾ ਪਰੰਪਰਾ ਦਾ ਨਿਵੇਕਲਾ ਮੁਹਾਂਦਰਾ ਵੀ ਸਥਾਪਿਤ ਕੀਤਾ ਹੈ। ਇਨ੍ਹਾਂ ਕਹਾਣੀਆਂ ਨੇ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਵਿਸ਼ਵੀਕਰਨ ਦੇ ਮਾਇਆਵੀ ਤਲਿਸਮ ਵਿੱਚ ਗੁੰਮਨਾਮ ਹੋਈਆਂ ਹਾਸ਼ੀਅਤ ਧਿਰਾਂ ਦੇ ਪਛਾਣ ਸੰਕਟਾਂ ਅਤੇ ਗੁੰਮਨਾਮ ਤੇ ਖੁਰਦੁਰੇ ਜੀਵਨ ਯਥਾਰਥ ਨੂੰ ਪੇਸ਼ ਕਰਨ ਲਈ ਬਿਰਤਾਂਤਕਾਰੀ ਦਾ ਵੱਖਰਾ ਕਥਾ ਮਾਡਲ ਵਿਕਸਤ ਕੀਤਾ। ਇਹ ਦੌਰ ਦਿਸਦੇ ਅਤੇ ਜਾਣੇ ਪਛਾਣੇ ਯਥਾਰਥ ਦੀ ਸਤਹੀ ਪੇਸ਼ਕਾਰੀ ਦੀ ਥਾਂ ਅਣਦਿਸਦੇ, ਅਣਗਾਹੇ ਅਤੇ ਅਣਫਰੋਲੇ ਯਥਾਰਥ ਦੀ ਤਹਿ ਤੱਕ ਜਾਣ ਵਾਲਾ ਰਿਹਾ। ਪ੍ਰਚਲਿਤ ਪ੍ਰਤਿਮਾਨ, ਵਿਚਾਰ ਪੱਧਤੀਆਂ, ਰਵਾਇਤੀ ਨੈਤਿਕ ਮੁੱਲ, ਨਿਰਪੇਖ ਸੱਚ ਆਦਿ ਨੂੰ ਵਿਸ਼ਲੇਸ਼ਣੀ ਲਹਿਜੇ ਵਿੱਚ ਪੇਸ਼ ਕਰਨ ਦੇ ਕਥਾ ਰੁਝਾਨ ਪ੍ਰਗਟ ਹੋਏ। ਇਸ ਪੜਾਅ ਦੀ ਕਹਾਣੀ ਨੂੰ ਇਨ੍ਹਾਂ ਸਮਿਆਂ ਅੰਦਰ ਚੱਲੇ ਆਰਥਿਕ ਵਿਸ਼ਵੀਕਰਨ ਦੇ ਲੁਭਾਵਣੇ ਸੰਦਰਭ ਵਿੱਚ ਸਮਝਿਆ ਜਾ ਸਕਦਾ ਹੈ। ਇਸ ਦੌਰ ਵਿੱਚ ਮੱਧਵਰਗ ਦੇ ਉਤਸ਼ਾਹੀ ਖਾਸੇ ਨੂੰ ਬਦਲਵੇਂ ਰੂਪ ਵਿੱਚ ਕਹਾਣੀ ਦੇ ਖੇਤਰ ਵਿੱਚ

ਵੀ ਜ਼ਿਆਦਾਤਰ ਮੱਧਵਰਗੀ ਦ੍ਰਿਸ਼ਟੀ ਤੋਂ ਸਿਰਜੀ ਗਈ ਕਹਾਣੀ ਦੇ ਅਵਚੇਤਨ ਵਿੱਚੋਂ ਸਮਝਿਆ ਜਾ ਸਕਦਾ ਹੈ। ਸਮਾਜਿਕ ਇਕਜੁੱਟਤਾ, ਸਹਿਚਾਰ ਅਤੇ ਸਹਿਹੋਂਦ ਤੋਂ ਟੁੱਟੇ ਮਨੁੱਖ ਦੀ ਦਾਸਤਾਨ ਨੂੰ ਉੱਤਮ ਪੁਰਖੀ ਬਿਰਤਾਂਤਕਾਰ ਦੀ ਭਾਰੂ ਕਥਾ ਚਿਤਰਨ ਵਿਧੀ ਨੇ ਨਵੀਆਂ ਜੁੰਬਿਸ਼ਾਂ ਦਿੱਤੀਆਂ। ਕਹਾਣੀ ਦਾ ਇਹ ਵਰਤਾਰਾ ਆਰਥਿਕ ਵਿਸ਼ਵੀਕਰਨ ਦੇ ਪਹਿਲੇ ਦੌਰ ਵਿੱਚ ਭਾਰੂ ਰਿਹਾ ਪਰ ਹੌਲੀ ਹੌਲੀ ਆਲਮੀ ਪੱਧਰ 'ਤੇ ਗਹਿਰੀਆਂ ਚੁਣੌਤੀਆਂ ਵਿੱਚ ਫਸੀ ਸਰਮਾਏਦਾਰੀ ਨੇ ਨਵਾਂ ਰੂਪ ਅਖਤਿਆਰ ਕਰਨਾ ਸ਼ੁਰੂ ਕਰ ਦਿੱਤਾ। ਕਾਰਪੋਰੇਟ ਸੈਕਟਰ ਦੀ ਆਕਸੀਜਨ 'ਤੇ ਚੱਲਦੀ ਸੱਤਾ ਸਿਆਸਤ ਨੇ ਆਪਣੇ ਵਿਕਾਸ ਲਈ ਫਾਂਸ਼ੀਵਾਦ, ਖੇਤਰੀਵਾਦ ਅਤੇ ਸਭਿਆਚਾਰਕ ਰਾਸ਼ਟਰਵਾਦ ਨਾਲ ਭਾਰਤ ਵਰਗੇ ਬਹੁ ਸਭਿਆਚਾਰਕ ਮੁਲਖ ਦੇ ਫੈਡਰਲ ਢਾਂਚੇ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ। ਵਿਰੋਧ ਜਾਂ ਸੰਵਾਦ ਦੀ ਸੰਸਕ੍ਰਿਤੀ ਨੂੰ ਜਬਰੀ ਦਬਾਉਣ ਦੇ ਯਤਨ ਹੋਣ ਲੱਗੇ। ਲੋਕਤੰਤਰ ਦੀ ਥਾਂ ਰਾਜਤੰਤਰ ਵਰਗੇ ਮੱਧਵਰਗੀ ਰਜਵਾੜਾਸ਼ਾਹੀ ਜੀਵਨ ਮੁੱਲਾਂ ਨੂੰ ਧਾਰਮਿਕ ਮੂਲਵਾਦ ਦੀ ਪੁੱਠ ਦਿੱਤੀ ਜਾਣ ਲੱਗੀ। ਇਸ ਨਾਲ ਬਹੁ–ਭਾਸ਼ਾਈ, ਬਹੁ–ਧਰਮੀ ਤੇ ਬਹੁ–ਸਭਿਆਚਾਰਕ ਜੀਵਨ ਜਾਚ ਵਾਲੇ ਦੇਸ਼ ਨੂੰ ਫਾਂਸ਼ੀਵਾਦ ਵਾਲੇ ਇਕਹਿਰੇ ਤੇ ਇਕਾਂਗੀ ਸਰੂਪ ਵਿੱਚ ਢਾਲਣ ਦੇ ਯਤਨ ਹੋਣ ਲੱਗੇ। ਸਮਾਜਿਕ ਸਮਤਾ ਨੂੰ ਜਾਤਾਂ, ਜਮਾਤਾਂ, ਧਰਮਾਂ, ਨਸਲਾਂ ਦੇ ਵਿਰੋਧੀ ਪਰਿਪੇਖ ਵਿੱਚ ਉਜਾਗਰ ਕਰਨਾ ਸ਼ੁਰੂ ਕਰ ਦਿੱਤਾ। ਇਸਦੇ ਸਮਾਨਅੰਤਰ ਪਬਲਿਕ ਸੈਕਟਰ ਨੂੰ ਸੁਧਾਰਨ ਦੀ ਥਾਂ ਇਸਦੀ ਸੰਘੀ ਨੱਪ ਕੇ ਨਿੱਜੀ ਸੈਕਟਰ ਨੂੰ ਫੈਲਾਉਣਾ ਦੀਆਂ ਨੀਤੀਆਂ ਨੇ ਰੁਜ਼ਗਾਰ ਦੇ ਪੈਕਜਾਂ, ਟੀਚਿਆਂ ਅਤੇ ਅੰਕੜਿਆਂ ਦੀ ਘਿਣਾਉਣੀ ਖੇਡ ਨਾਲ ਨਵੀਂ ਪੀੜ ੍ਹੀ ਨੂੰ ਨਾ ਸਿਰਫ ਮਾਨਵੀ ਸੰਘਰਸ਼ ਦੀਆਂ ਸੁਨਹਿਰੀ ਯਾਦਾਂ ਤੋਂ ਵਿਛੁੰਨਣ ਦਾ ਅਮਲ ਆਰੰਭ ਦਿੱਤਾ ਬਲਕਿ ਮਨੁੱਖੀ ਹੋਂਦ ਨੂੰ ਪ੍ਰੋਡਕਟਾਂ ਵਿੱਚ ਬਦਲ ਦਿੱਤਾ। ਇੱਥੋਂ ਤੱਕ ਕਿ ਆਲਮੀ ਪੱਧਰ 'ਤੇ ਫੈਲੀ ਕਰੋਨਾ ਮਹਾਂਮਾਰੀ ਨੂੰ ਵੀ ਕਾਰਪੋਰੇਟ ਤੇ ਧਾਰਮਿਕ ਮੂਲਵਾਦ ਵਾਲੀ ਭਾਰਤੀ ਸੱਤਾ ਸਿਆਸਤ ਨੇ ਆਪਣੀਆਂ ਮਾਰੂ ਨੀਤੀਆਂ ਦੇ ਵਿਸਤਾਰ ਲਈ ਵਰਤਿਆ। ਸਮਾਜਿਕ ਸਮਤਾ, ਏਕਤਾ ਤੇ ਸਹਿਹੋਂਦ ਨੂੰ 'ਦੋ ਗਜ਼ ਦੀ ਦੂਰੀ' ਅਤੇ 'ਬਿਪਤਾ ਨੂੰ ਆਪਦਾ ਵਿੱਚ ਵਰਤਣ' ਦੇ ਹੱਥਕੰਡੇ ਵਰਤੇ ਗਏ। ਇਸੇ ਸਮੇਂ ਕੇਂਦਰ ਸਰਕਾਰ ਨੇ ਕਰੋਨਾ ਦੀ ਆੜ ਹੇਠ ਤਿੰਨ ਖੇਤੀ ਕਾਨੂੰਨਾਂ ਨੂੰ ਪਾਸ ਕਰਕੇ ਸੰਕਟਸ਼ੀਲ ਹਾਲਾਤ ਵਿੱਚ ਘਿਰੇ ਖੇਤੀ ਅਰਥਚਾਰੇ ਦੀ ਬਾਂਹ ਫੜਨ ਦੀ ਥਾਂ ਇਸਨੂੰ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ 'ਤੇ ਮੋਹਰ ਲਗਾ ਦਿੱਤੀ। ਇਸਦੇ ਵਿਰੋਧ ਵਿੱਚ ਪੰਜਾਬ ਤੋਂ ਉੱਠੇ ਕਿਸਾਨ ਅੰਦੋਲਨ ਨੇ ਕਰੋਨਾ ਕਾਲ ਦੀ ਮਹਾਮਾਰੀ ਦੇ ਸਮਵਿੱਥ ਸੱਤਾ ਸਿਆਸਤ ਦੇ ਘਿਣਾਉਣੇ ਮਨਸੂਬਿਆਂ ਦੇ ਵਿਰੋਧ ਵਿੱਚ ਜਨ ਸੈਲਾਬ ਉਭਾਰ ਕੇ ਆਲਮੀ ਪੱਧਰ ਤੱਕ ਆਪਣੀ ਨਾਬਰ ਚੇਤਨਾ ਦਾ ਫੈਲਾਅ ਕੀਤਾ। ਹਰੀ ਕ੍ਰਾਂਤੀ ਦੀ ਤਤਕਾਲੀ ਖੁਸ਼ਹਾਲੀ ਪ੍ਰਤੀ ਉਤਸ਼ਾਹੀ ਵੇਗ ਵਾਂਗ ਵਿਸ਼ਵੀਕਰਨ ਦੇ ਖਪਤਵਾਦੀ ਸਭਿਆਚਾਰ ਪ੍ਰਤੀ ਉਲਾਰ ਹੋਏ ਪੰਜਾਬੀਆਂ ਨੇ ਇਨ੍ਹਾਂ ਸਮਿਆਂ ਅੰਦਰ ਆਪਣੇ ਜਿਸ ਜੁਝਾਰੂ ਅਵਚੇਤਨ ਦਾ ਪ੍ਰਗਟਾਵਾ ਕੀਤਾ ਹੈ ਉਸ ਨਾਲ ਪੰਜਾਬੀ ਸਮਾਜ ਨੂੰ ਇਸਦੇ ਖੰਡਿਤ, ਉਪਭੋਗੀ ਅਤੇ ਖਚਿਤ ਸਰੂਪ ਵਿੱਚ ਸਮਝਣ ਵਾਲਾ ਚਿੰਤਨ ਵੀ ਕਾਟੇ ਹੇਠਾਂ ਆ ਗਿਆ। ਖੇਤੀ ਕਾਨੂੰਨਾਂ ਦੀ ਵਾਪਸੀ ਨਾਲ ਬੇਸ਼ੱਕ ਬੇਲਗਾਮ ਸਰਮਾਏਦਾਰੀ ਅਤੇ ਦੱਖਣਪੰਥੀ ਧਿਰਾਂ ਵੱਲੋਂ ਪੈਦਾ ਕੀਤੇ ਬਹੁ–ਪਾਸਾਰੀ ਸੰਕਟਾਂ ਦਾ ਤੁਰੰਤ ਪ੍ਰਭਾਵੀ ਨਿਵਾਰਨ ਨਹੀਂ ਹੁੰਦਾ ਪਰ ਸੰਸਾਰੀਕਰਨ ਦੀ ਉਪਜ ਖਪਤਵਾਦ/ਪਦਾਰਥਵਾਦ ਦੀ ਮਾਰ ਹੇਠਾਂ ਅਤੇ ਲੋਕ ਪੱਖੀ ਲਹਿਰਾਂ ਮੁਕਤ ਸਮਝੇ ਗਏ ਪੰਜਾਬੀ ਬੰਦੇ ਦੇ ਸਜੱਗ, ਚਿੰਤਨਸ਼ੀਲ,

ਨਾਬਰ ਅਤੇ ਸੰਘਰਸ਼ ਖਾਸੇ ਦਾ ਸੁਰਜੀਤੀਕਰਨ ਕਿਸੇ ਉਪਲਬਧੀ ਤੋਂ ਘੱਟ ਨਹੀਂ। ਇਸ ਮੋੜ ਨੇ ਪੰਜਾਬੀ ਸਿਰਜਣਕਾਰੀ ਨੂੰ ਨਵੀਂਆਂ ਜੰਬਿਸ਼ਾਂ ਦਿੱਤੀਆਂ ਹਨ ਜਿਸਦੇ ਅਸਰ ਹੌਲੀ ਹੌਲੀ ਕਲਾ ਖੇਤਰ ਦੀਆਂ ਨਿੱਕੀਆਂ ਨਿੱਕੀਆਂ ਮੂਕ ਕ੍ਰਾਂਤੀਆਂ ਵਿੱਚ ਪੇਸ਼ ਹੋ ਰਿਹਾ ਹੈ। ਇਸ ਤੋਂ ਪਹਿਲਾਂ ਹੀ ਦਾਬੇ ਦੀ ਸੰਸਕ੍ਰਿਤੀ ਦੇ ਸਮਾਂਨਅੰਤਰ ਸੰਵਾਦ ਦੀ ਸੰਸਕ੍ਰਿਤੀ ਦੇ ਜੁਜ਼ ਕਹਾਣੀ ਖੇਤਰ ਦਾ ਕੇਂਦਰ ਬਣਦੇ ਆ ਰਹੇ ਸਨ। ਪਿਛਲੇ ਕਰੀਬ ਅੱਠ ਦਸ ਸਾਲ ਦੀ ਕਹਾਣੀ ਨੇ ਬੇਸ਼ੱਕ ਚੌਥੇ ਪੜਾਅ ਦੀ ਸਿਖਰਲੀ ਕਹਾਣੀ ਨਾਲ ਵਰ ਮੇਚਦੇ ਕਥਾ ਬਿੰਬਾਂ ਦੀ ਉਸਾਰੀ ਨਹੀਂ ਕੀਤੀ ਪਰ ਕਹਾਣੀ ਨੇ ਉਪਭੋਗੀ ਸਮਿਆਂ ਵਿੱਚ ਚੌਰਾਹੇ ‘ਤੇ ਖੜੇ ਪੰਜਾਬੀ ਬੰਦੇ ਦੀ ਜਟਿਲ ਜ਼ਿੰਦਗੀ ਨੂੰ ਹਲੂਣਾ ਦੇ ਦਿੱਤਾ ਹੈ।

ਵਿਸ਼ਵੀਕਰਨ ਦੇ ਮੁੱਢਲੇ ਪੜਾਅ ਪਾਰ ਕਰਨ ਲੈਣ ਉਪਰੰਤ ਕਾਰਪੋਰੇਟ ਅਰਥਚਾਰੇ ਦੇ ਵੱਧਦੇ ਫੈਲਾਅ, ਆਲਮੀ ਵਿੱਤੀ ਕੰਪਨੀਆਂ ਤੇ ਦੱਖਣਪੰਥੀ ਤਾਕਤਾਂ ਦੇ ਪੀਢੇ ਗਠਜੋੜ, ਸਭਿਆਚਾਰਕ ਰਾਸ਼ਟਰਵਾਦੀ ਸਮਿਆਂ ਦੇ ਸਿਆਸੀ ਸਮੀਕਰਨ, ਅਸਹਿਣਸ਼ੀਲਤਾ ਦੀ ਰਾਜਨੀਤੀ, ਦਮਨ ਦੀ ਬੁਲਡੋਜ਼ਰ ਸੰਸਕ੍ਰਿਤੀ, ਜਾਤੀ ਪਾਤੀ ਅਮਾਨਵੀਕਰਨ, ਸੱਤਾ ਸਿਆਸਤ ਦੀਆਂ ਧਾਰਮਿਕ ਧਰੁਵੀਕਰਨ ਦੀਆਂ ਨੀਤੀਆਂ, ਨੌਜਵਾਨਾਂ ਦੀ ਦਿਸ਼ਾਹੀਣਤਾ, ਕਾਰੋਬਾਰੀ ਮੱਧਵਰਗ ਦੀਆਂ ਦੁਸ਼ਵਾਰੀਆਂ ਸਮੇਤ ਮਸਨੂਈ ਬੌਧਿਕਤਾ ਦੇ ਜ਼ਿੰਦਗੀ ਵਿੱਚ ਵੱਧਦੇ ਦਖਲ ਨਾਲ ਪੈਦਾ ਸਮਾਜਿਕ ਉਪਰਾਮਤਾ ਨਾਲ ਨਵੇਂ ਸੰਕਟ ਪੈਦਾ ਹੁੰਦੇ ਹਨ। ਵੱਸੋਂ ਦੀ ਵੱਡੀ ਮੰਡੀ ਵਾਲੇ ਭਾਰਤ ਦੇ ਨਾਗਰਿਕਾਂ ਨੂੰ ਉਸਦੀਆਂ ਖੇਤਰੀ ਪਛਾਣਾਂ, ਸਭਿਆਚਾਰਕ ਵਿਭਿੰਨਤਾਵਾਂ, ਭਾਸ਼ਾਈ ਵੰਨ ਸੁਵੰਨਤਾਵਾਂ ਤੋਂ ਤੋੜ ਕੇ ਨਿਰੇ ‘ਖਪਤਕਾਰੀ ਕਾਮੇ’ ਵੱਜੋਂ ਤਸਲੀਮ ਕਰਨ ਦੇ ਸਟੇਟ-ਕਾਰਪੋਰੇਟ-ਵਿੱਤੀ ਸੰਸਥਾਵਾਂ ਦੇ ਸਾਂਝੇ ਮਨਸੂਬੇ ਨਵੀਆਂ ਚੁਣੌਤੀਆਂ ਪੈਦਾ ਕਰ ਰਹੇ ਹਨ। ਸੰਕਟਾਂ ਵਿੱਚ ਘਿਰੀ ਆਲਮੀ ਸਰਮਾਏਦਾਰੀ ਫਾਸ਼ੀਵਾਦੀ ਤਾਕਤਾਂ ਨੂੰ ਹਵਾ ਦੇ ਕੇ ਆਪਣੇ ਮਨਸੂਬਿਆਂ ਨੂੰ ਮਜ਼ਬੂਤ ਕਰਦੀ ਹੈ। ਇਨ੍ਹਾਂ ਚੁਣੌਤੀਆਂ ਨਾਲ ਸਿੱਝਣ ਅਤੇ ਲੋਕਾਂ ਨੂੰ ਚੇਤੰਨ ਤੇ ਸੁਜੱਗ ਕਰਨ ਵਾਲੀਆਂ ਕਲਮਾਂ ਨੂੰ ਮੂਲਵਾਦੀ ਫਿਰਕਾਪ੍ਰਸਤੀ ਨਾਲ ਭਰੀ ਸਾਂਸਕ੍ਰਿਤਕ ਸਿਆਸਤ ਨੇ ਦੱਬਣ ਕੁਚਲਣ ਲਈ ਹਰ ਹਰਬੇ ਵਰਤੇ ਹਨ। ਪੰਜਾਬ ਵਰਗੇ ਖਿੱਤੇ ਦੇ ਵੱਖਰੇ ਇਤਿਹਾਸਕ ਪਰਿਪੇਖ ਕਰਕੇ ਕਾਰਪੋਰੇਟ ਵਿਕਾਸ ਮਾਡਲ ਤੋਂ ਉਤਪੰਨ ਖਪਤਵਾਦੀ ਜੀਵਨ ਜਾਂਚ ਇੱਥੇ ਕਈ ਚੁਣੌਤੀਆਂ ਪੈਦਾ ਕਰ ਰਹੀ ਹੈ ਪਰ ਇਸ ਨਾਲ ਹੀ ਕੁਦਰਤ ਪੱਖੀ ਵਿਕਾਸ ਦਾ ਮਾਡਲ ਵੀ ਇੱਥੋਂ ਦੇ ਅਚੇਤਨ ਮਨ ਦਾ ਹਿੱਸਾ ਹੈ ਜਿਸਦਾ ਸੁਰਜੀਤੀਕਰਨ ਕਿਸੇ ਪ੍ਰਾਪਤੀ ਤੋਂ ਘੱਟ ਨਹੀਂ। ਇਸ ਜੱਦੋਜਹਿਦ ਅਤੇ ਤਣਾਅ ਨੂੰ ਵਰਤਮਾਨ ਕਹਾਣੀ ਬਿਰਤਾਂਤ ਦੀ ਉੱਚੀ ਸੁਰ, ਜਟਿਲ ਬਣਤਰ, ਅਮੂਰਤਵਾਦ ਅਤੇ ਪ੍ਰਚਾਰਮੁੱਖਤਾ ਤੋਂ ਮੁਕਤ ਹੋ ਕੇ ਸਹਿਜ, ਸੁਭਾਵਕ ਅਤੇ ਆਪਣੇ ਨਿੱਕਤਾ ਵਾਲੇ ਪਰਿਚਿਤ ਅੰਦਾਜ਼ ਵਿੱਚ ਪੇਸ਼ ਕਰਨ ਵੱਲ ਵੱਧ ਰਹੀ ਹੈ। ਇਸ ਕਹਾਣੀ ਵਿੱਚ ਮੱਧਵਰਗ ਦਾ ਪ੍ਰਗਤੀਵਾਦੀ ਚਿੰਤਨ ਵਾਲਾ ਤੜਾਗੀਬੱਧ ਦੰਭੀ ਕਿਰਦਾਰ ਮਨਫੀ ਹੋ ਰਿਹਾ ਹੈ, ਨਾਰੀਵਾਦੀ ਚੇਤਨਾ ਦੇ ਨਿੱਕੇ ਨਿੱਕੇ ਨਵੇਂ ਦਿਸਹੱਦੇ ਝਲਕ ਰਹੇ ਹਨ, ਕਿਸਾਨੀ/ਦਲਿਤ/ਮਜ਼ਦੂਰ ਧਿਰਾਂ ਦੇ ਖੰਡਿਤ ਬਿੰਬ ਦੀ ਥਾਂ ਉਤਸ਼ਾਹੀ ਤੇ ਦਬੰਗ ਕਿਰਦਾਰ ਨਸ਼ਰ ਹੋ ਰਹੇ ਹਨ, ਆਵਾਸ/ਪਰਵਾਸ ਦੀਆਂ ਨਵੀਆਂ ਚੁਣੌਤੀਆਂ ਵਿੱਚ ਸਮਾਜ/ਰਿਸ਼ਤੇ/ਘਰ ਦੀਆਂ ਇਕਾਈਆਂ ਸਮਨਵੈ ਤੇ ਸਹਿਚਾਰ ਦੀ ਮੁਦਰਾ ਵਿੱਚ ਆ ਰਹੀਆਂ ਹਨ, ਨੌਜਵਾਨ ਪੀੜ੍ਹੀ ਦੇ ਚੇਤੰਨ/ਸਜੱਗ/ਜਾਗਰੂਕ ਕਥਾ ਬਿੰਬ ਉਜਾਗਰ ਹੋ ਰਹੇ ਹਨ, ਕ੍ਰਾਂਤੀ ਦੇ ਵਡੇਰੇ ਮਾਡਲ ਦੀ ਥਾਂ ਮੂਕ ਕ੍ਰਾਂਤੀ ਦੇ ਨਿੱਕੇ ਨਿੱਕੇ

ਮਾਡਲਾਂ ਸਮੇਤ ਵਿਗਿਆਨਕ ਅਤੇ ਰਾਜਸੀ ਚੇਤਨਾ ਵਾਲੀ ਕਹਾਣੀ ਵੀ ਸਾਹਮਣੇ ਆ ਰਹੀ ਹੈ। ਚੌਥੀ ਪੀੜ੍ਹੀ ਆਪਣੇ ਸ਼ੁਰੂਆਤੀ ਦੌਰ ਵਿੱਚ ਪੰਜਾਬੀ ਕਥਾ ਪ੍ਰਵਾਹ ਅੰਦਰ ਜਿਸ ਤਰਾਂ ਦੀ ਸਪੇਸ ਤਲਾਸ਼ ਰਹੀ ਸੀ ਵਰਤਮਾਨ ਕਹਾਣੀ ਇਸੇ ਤੜਫ ਵਿੱਚ ਨਵੇਂ ਯਥਾਰਥ ਬੋਧ ਨੂੰ ਰਜਿਸਟਰ ਕਰ ਰਹੀ ਹੈ। ਇਸ ਪ੍ਰਸੰਗ ਵਿੱਚ ਚੌਥੇ ਪੜਾਅ ਦੇ ਚੋਣਵੇਂ ਕਥਾਕਾਰਾਂ ਸਮੇਤ ਕਹਾਣੀਕਾਰਾਂ ਦਾ ਇਕ ਨਵਾਂ ਪੂਰ ਸੱਜਰੇ ਅਨੁਭਵਾਂ ਦੁਆਰਾ ਆਪਣੀਆਂ ਸੀਮਾਵਾਂ ਤੇ ਸੰਭਾਵਨਾਵਾਂ ਨਾਲ ਕਾਰਜਸ਼ੀਲ ਹੋ ਰਿਹਾ ਹੈ।

ਤੀਜੇ ਅਤੇ ਚੋਥੇ ਪੜਾਅ ਦੀ ਔਰਤ ਮਰਦ ਸਬੰਧਾਂ ਵਾਲੀ ਕਹਾਣੀ ਵਰਤਮਾਨ ਦੌਰ ਵਿੱਚ ਔਰਤ ਪਾਤਰ ਦੀ ਅਡਵੈਂਚਰਿਸਟ ਮਾਨਸਿਕਤਾ ਜਾਂ ਮਰਦ ਵਿਰੋਧੀ ਰੈਡੀਕਲ ਸੁਰ ਤੋਂ ਲਾਂਭੇ ਹੋ ਗਈ ਹੈ। ਇਸ ਕਹਾਣੀ ਵਿੱਚ ਦੰਪਤੀ ਜੀਵਨ ਕਿਸੇ ਅੜਿੱਕੇ ਵਾਂਗ ਪੇਸ਼ ਨਹੀਂ ਹੋ ਰਿਹਾ ਸਗੋਂ ਇਸ ਰਿਸ਼ਤਾ ਪ੍ਰਬੰਧ ਦੀ ਰਾਮਕਾਰ ਵਿੱਚ ਔਰਤ ਮਰਦ ਦੇ ਸਹਿਚਾਰ, ਸਮਨਵੈ ਅਤੇ ਸਹਿਹੋਂਦ ਨਾਲ ਜੁੜੇ ਗਲਪੀ ਬਿੰਬ ਉਜਾਗਰ ਹੋ ਰਹੇ ਹਨ। ਨਾਰੀ ਚੇਤਨਾ ਨੂੰ ਮਰਦ ਪ੍ਰਧਾਨ ਪਿੱਤਰਕੀ ਸੱਤਾ ਤੋਂ ਨਾਬਰ ਜਾਂ ਉਗਰ ਰੂਪ ਵਿੱਚ ਪਰਿਭਾਸ਼ਿਤ ਕਰਨ ਦੀ ਥਾਂ ਉਸ ਸੱਤਾ ਨਾਲ ਵਿਰੋਧ ਜਾਂ ਸੰਵਾਦ ਦੇ ਕਥਾ ਸੁਰ ਨਸ਼ਰ ਹੋ ਰਹੇ ਹਨ ਜਿਸ ਦੇ ਦਾਬੇ ਹੇਠਾਂ ਔਰਤ ਤੇ ਮਰਦ ਬਰਾਬਰ ਸਿਸਕ ਰਹੇ ਹਨ। ਦੰਪਤੀ ਜੀਵਨ ਦੇ ਸਥਾਪਿਤ ਰਿਸ਼ਤੇ ਦੇ ਸਮਵਿੱਥ ਬਾਹਰਲੇ ਸਬੰਧਾਂ ਦੀ ਕਾਮਨਾ ਰੱਖਣ ਨਾਲ ਜੁੜੇ ਬਿਰਤਾਂਤਕ ਪ੍ਰਸੰਗਾਂ ਵਿੱਚੋਂ ਵੀ ਜਿਸਮ ਦੀ ਭੁੱਖ ਨਦਾਰਦ ਹੈ। ਤ੍ਰਿਪਤਾ ਕੇ. ਸਿੰਘ ਦੀ ਕਹਾਣੀ 'ਇਕ ਦਿਨ' ਵਿੱਚਲੀ ਪਤਨੀ ਪਾਤਰ ਆਪਣੇ ਪਤੀ 'ਤੇ ਆਸ਼ਰਿਤ ਜ਼ਿੰਦਗੀ ਵਿੱਚੋਂ ਇਕ ਸੁਤੰਤਰ ਦਿਨ ਦੀ ਇੱਛਾ ਰੱਖਦੀ ਜਿੱਥੇ ਮਰਦ ਪ੍ਰਧਾਨ ਵਿਵਸਥਾ ਵਾਲੀਆਂ ਜਗੀਰੂ ਮਨੋ-ਬਣਤਰਾਂ ਨੂੰ ਭੁਆਂਟਣੀ ਦੇ ਦਿੰਦੀ ਹੈ ਉੱਥੇ ਹੀ ਪਿੱਤਰੀ ਸੱਤਾ ਨੂੰ ਕਿਸੇ ਉਗਰ ਰੂਪ ਵਿੱਚ ਤੱਤਫੱਟ ਪ੍ਰਤੀਕਰਮਾਂ ਦੀ ਥਾਂ ਸੁਭਾਵਕ ਤੇ ਚਿੰਤਨੀ ਲਹਿਜ਼ੇ ਵਿੱਚ ਟੱਕਰਦੀ ਹੈ। ਸਾਂਵਲ ਧਾਮੀ ਦੀ ਕਹਾਣੀ 'ਬੰਦੇ ਦਾ ਪੁੱਤ' ਔਰਤ ਦੇ ਸਾਥ ਤੋਂ ਵਾਂਝੇ ਅਧੇੜ ਉਮਰ ਦੇ ਮਰਦਾਵੇਂ ਜਾਮੇ ਦੀ ਭਟਕਣ ਨੂੰ ਖੋਖਲੀ ਨੈਤਿਕਤਾ ਵਿੱਚ ਪਿਸਣ ਦੀ ਥਾਂ ਔਰਤ ਦੇ ਸਾਥ ਵਾਲੀ ਬੰਦਿਆਈ ਵਿੱਚ ਪਰਤਣ ਦੀ ਦ੍ਰਿਸ਼ਟੀ ਪੈਦਾ ਕਰਦੀ ਹੈ। ਦੀਪ ਦੇਵਿੰਦਰ ਸਿੰਘ ਦੀ ਕਹਾਣੀ 'ਤ੍ਰਿਕਾਲ ਸੰਧਿਆ' ਵਿੱਚ ਵੀ ਜ਼ਿੰਦਗੀ ਦੀ ਅਜਿਹੀ ਤ੍ਰਿਕਾਲ ਸੰਧਿਆ ਵਿੱਚ ਭਟਕਦੇ ਉੱਤਮ ਪੁਰਖੀ ਪਾਤਰ ਨੂੰ ਕਹਾਣੀ ਦੇ ਅੰਤ ਵਿੱਚ ਔਰਤ ਦੇ ਸਾਥ ਦੀ ਢੋਈ ਮਿਲਦੀ ਹੈ। ਸਮਸ਼ੇਰ ਬਾਜਵਾ ਦੀ ਪਤਨੀ ਦੀ ਮੌਤ ਤੋਂ ਬਾਅਦ ਦੀ ਭਟਕਣ ਉਸ ਅੰਦਰ ਉਪਰਾਮਤਾ ਭਰ ਦਿੰਦੀ ਹੈ ਪਰ ਸੱਸ ਦੇ ਨਸੀਹਤੀ ਬੋਲ ਅਤੇ ਬਾਜਵਾ ਦੇ ਨੌਜਵਾਨ ਬੱਚਿਆਂ ਦੀ ਪਹਿਲਕਦਮੀ ਜ਼ਿੰਦਗੀ ਦੀ ਉਸ 'ਤ੍ਰਿਕਾਲ ਸੰਧਿਆ' ਦੇ ਦਰਸ਼ਨ ਨੂੰ ਸਪਲੀਮੈਂਟ ਕਰਦੀ ਹੈ ਜਿੱਥੇ ਅੰਦਰਲੀਆਂ ਦੁਬਿਧਾਵਾਂ ਅਤੇ ਬਾਹਰਲਾ ਸੰਸਾਰ ਇਕਮਿੱਕ ਤੇ ਇਕਚਿੱਤ ਹੋ ਕੇ ਸਬਰ ਸੰਤੋਖ ਭਰੇ ਜੀਵਨ ਵੱਲ ਅਹੁਲਦਾ ਹੈ। ਕਹਾਣੀ ਦੇ ਅੰਤ ਵਿੱਚ ਰਾਜਵੰਤ ਦੇ ਫੋਨ ਨੰਬਰ ਦੀ ਬੈੱਲ ਨਾਲ ਬਿਰਤਾਂਤਕਾਰ ਦੀਆਂ ਅੱਖਾਂ ਵਿੱਚਲੀ ਲਿਸ਼ਕ ਤੇ ਬੱਚਿਆਂ ਦੇ ਚਿਹਰੇ 'ਤੇ ਗਹਿਰੀ ਮੁਸਕਾਨ ਔਰਤ ਮਰਦ ਦੀ ਸਹਿਹੋਂਦ ਨਾਲ ਭਰੇ ਭੁਕੰਨੇ ਘਰ ਦੇ ਸੰਸਥਾਵੀਂ ਸਰੂਪ ਨੂੰ ਉਦਘਾਟਿਤ ਕਰਦੀ ਹੈ। ਭਗਵੰਤ ਰਸੂਲਪੁਰੀ ਦੀ ਕਹਾਣੀ 'ਤ੍ਰੇੜ' ਦੀ ਤਲਾਕਸ਼ੁਦਾ ਅਧਿਆਪਕਾ ਪਾਤਰ ਮੋਨਿਕਾ ਆਪਣੇ ਪਤੀ ਦੇ ਜਬਰ ਦੀ ਸਤਾਈ ਮਰਦਾਵੇਂ ਪ੍ਰਛਾਵੇਂ ਤੋਂ ਵੀ ਨਫਰਤ ਕਰਦੀ ਗੁੰਮਨਾਮੀ ਹੰਢਾਉਂਦੀ ਹੈ ਪਰ ਅੰਤ ਵਿੱਚ ਅਵਤਾਰ ਨਾਲ ਉਸਦੇ ਸਾਵੇਂ ਪੱਧਰੇ ਸਬੰਧ ਉਸਦੀ ਜ਼ਿੰਦਗੀ ਵਿੱਚ ਆਕਸੀਜਨ ਦਾ ਕੰਮ ਕਰਦੇ

ਹਨ। ਕਹਾਣੀਕਾਰ ਕੰਧਾਂ ਵਿੱਚ ਉੱਗੇ ਜਾਂ ਆਪਣੇ ਹੱਥੀਂ ਲਗਾਏ ਪਿੱਪਲ ਦੇ ਤੁਲਨਾਤਮਿਕ ਮੈਟਾਫਰ ਨਾਲ ਔਰਤ ਮਰਦ ਦੇ ਸਮਨਵੈ ਵਾਲੇ ਰਿਸ਼ਤੇ ਪ੍ਰਤੀ ਹਾਦਰੂ ਦ੍ਰਿਸ਼ਟੀ ਰੱਖਦਾ ਹੈ। ਇਸੇ ਤਰ੍ਹਾਂ ਲੇਖਕ ਦੀ ਕਹਾਣੀ 'ਰੰਗਾਂ ਦੀ ਸਾਂਝ: ਸਮਾਜ ਵਿਗਿਆਨ' ਵਿੱਚ ਦੰਪਤੀ ਜੀਵਨ ਦੀ ਸਾਂਝ ਦੇ ਸੰਦਰਭ ਵਿੱਚ ਆਦਿਵਾਸੀ, ਦਲਿਤ ਅਤੇ ਅਖੌਤੀ ਉੱਚ ਵਰਗੀ ਮਾਨਸਿਕਤਾ ਨਾਲ ਜੁੜੇ ਪਾਤਰਾਂ ਦੀ ਮਾਨਸਿਕ ਤਿਕੋਣ ਨੂੰ ਸੰਵਾਦੀ ਰੂਪ ਵਿੱਚ ਪੇਸ਼ ਕੀਤਾ ਮਿਲਦਾ ਹੈ। ਕਹਾਣੀ ਦਾ ਸਮੁੱਚਾ ਵਿਚਾਰਕ ਨਿਭਾਅ ਰੰਗਾਂ ਦੇ ਵਿਭਿੰਨ ਮੈਟਾਫਰਾਂ ਨਾਲ ਪੇਸ਼ ਹੋਇਆ ਹੈ। ਤ੍ਰਿਪਤਾ ਕੇ. ਸਿੰਘ ਦੀਆਂ ਕਹਾਣੀਆਂ ਦੀ ਕੇਂਦਰੀ ਔਰਤ ਪਾਤਰ, ਮਰਦ ਪ੍ਰਧਾਨ ਸਮਾਜਿਕ ਵਿਵਸਥਾ ਵਿੱਚ 'ਘਰ', 'ਪਰਿਵਾਰ' ਦੀ ਰਾਮਕਾਰ ਅੰਦਰਲੀਆਂ ਬੇਤਰਤੀਬੀਆਂ ਅਤੇ ਨਾਰੀ ਵਿਰੋਧੀ ਜੀਵਨ ਮੁੱਲਾਂ 'ਤੇ ਸਵਾਲੀਆ ਪ੍ਰਸ਼ਨ ਉਠਾਉਂਦੀ ਹੈ ਪਰ ਨਾਰੀ ਦੇ ਅਸਤਿਤਵ ਦੀ ਆਜ਼ਾਦੀ ਨੂੰ ਮੰਡੀ ਦੇ ਤਲਿਸਮੀ ਜਾਲ ਦੀ ਕੁੰਡੀ ਵਿੱਚ ਫਸਣ ਨਹੀਂ ਦਿੰਦੀ। ਉਹ ਦੇਹ ਦੇ ਜਸ਼ਨ ਨੂੰ ਜਿਸਮਾਨੀ ਖਿੱਚ ਦੇ ਸਤਹੀ ਚਿੰਤਨ ਦੀ ਥਾਂ ਇਸ ਜਸ਼ਨ ਨੂੰ ਨਾਰੀ ਹੋਂਦ ਦੇ ਚਿੰਤਨੀ ਪਾਸਾਰਾਂ ਤੱਕ ਲੈ ਜਾਂਦੀ ਹੈ। ਲੇਖਿਕਾ ਦੀ ਕਹਾਣੀ 'ਭੁੱਖ' ਦੀ ਨਾਰੀ ਪਾਤਰ ਦੁਬਈ ਰਹਿੰਦੇ ਪਤੀ ਦੇ ਵਿਛੋੜੇ ਵਿੱਚ ਪੈਦਾ ਅਤ੍ਰਿਪਤ ਖਾਹਿਸ਼ਾਂ ਨੂੰ ਵਰਜਿਤ ਰਿਸ਼ਤਿਆਂ ਵਿੱਚੋਂ ਪੂਰਾ ਕਰਨ ਦੀ ਕਲਪਨਾ ਤਾਂ ਕਰਦੀ ਹੈ ਪਰ ਹਕੀਕਤ ਦੇ ਸੰਸਾਰ ਵਿੱਚ ਪਰਤ ਕੇ ਉਹ ਘਰ ਦੀ ਸੰਸਥਾ ਨਾਲ ਜੁੜੇ ਮੁੱਲਾਂ ਦੇ ਸੁਰਜੀਤੀਕਰਨ ਵੱਲ ਤੁਰ ਪੈਂਦੀ ਹੈ। 'ਸੈਵਨਥ ਸੈਂਸ' ਕਹਾਣੀ ਵਿੱਚਲੀ ਮੈਡਮ ਅਨੁਪਮਾ ਦੇ ਬੇਬਾਕ ਅੰਦਾਜ਼ ਨੂੰ ਉਸਦੇ ਮਰਦ ਸਹਿਕਰਮੀ ਜਦੋਂ ਕਾਮ ਇੱਛਾ ਦਾ ਸਿਗਨਲ ਸਮਝਣ ਦੀ ਭੁੱਲ ਕਰਦੇ ਹਨ ਤਾਂ ਉਹ ਆਪਣੀ ਸੱਤਵੀਂ ਗਿਆਨ ਇੰਦਰੀ ਨਾਲ ਇਸਨੂੰ ਭਾਂਪ ਲੈਂਦੀ ਹੈ ਤੇ ਰਵਾਇਤੀ ਕਹਾਣੀ ਵਿਚਲੇ ਤਿੱਖੇ ਤੇ ਤੱਫੱਟਤਾ ਵਾਲੇ ਨਾਰੀ ਰੈਡੀਕਲ ਵਿਰੋਧ ਦੀ ਥਾਂ ਚਿੰਤਨੀ ਵਿੱਥ ਬਣਾ ਲੈਂਦੀ ਹੈ। ਸਰਬਜੀਤ ਸੋਹਲ ਦੀ ਕਹਾਣੀ 'ਹਾਂ ਮੈਨੂੰ ਬੰਦੇ ਪਸੰਦ ਨੇ' ਦੀ ਕੇਂਦਰੀ ਸੁਰ ਵੀ ਘਰ ਦੀ ਸੰਸਥਾ ਤੋਂ ਬਾਗੀ ਹੋ ਕੇ ਵੀ ਇਸੇ ਦੀ ਰਾਮਕਾਰ ਅੰਦਰ ਰਹਿ ਕੇ ਇਸਨੂੰ ਬਚਾਉਣ ਵਾਲੀ ਦ੍ਰਿਸ਼ਟੀ ਨਾਲ ਜੁੜੀ ਹੋਈ ਹੈ। ਅਰਵਿੰਦਰ ਕੌਰ ਧਾਲੀਵਾਲ ਦੀਆਂ ਕਹਾਣੀਆਂ 'ਲਿੱਪ ਗਲੌਸ', 'ਹੈਸ਼ ਟੈਗ ਤੂੰ ਉਹ', 'ਮੈਂ ਛੁੱਟੀ 'ਤੇ ਜਾ ਰਹੀ ਹਾਂ' ਆਦਿ ਵਿੱਚ ਵੀ ਔਰਤ ਦਾ ਦਮਿਤ ਕਿਸਮ ਦਾ ਰਵਾਇਤੀ ਬਿੰਬ ਵੀ ਟੁੱਟ ਰਿਹਾ ਹੈ ਅਤੇ ਬਿਖਮ ਪਰਿਸਥਿਤੀਆਂ ਪ੍ਰਤੀ ਉਗਰ ਰੂਪ ਵੀ ਨਦਾਰਦ ਹੈ। ਇਨ੍ਹਾਂ ਕਹਾਣੀਆਂ ਵਿੱਚ ਨਾਰੀ ਦਾ ਵਿਹਾਰ ਜੀਵੰਤ ਹਾਲਾਤ ਪ੍ਰਤੀ ਪ੍ਰੈਕਟੀਕਲ ਸਮਝ ਵਿੱਚੋਂ ਉਦਘਾਟਿਤ ਹੋ ਰਿਹਾ ਹੈ। ਅਨੇਮਨ ਸਿੰਘ ਬਿਪਨ ਗਿੱਲ ਦੀਆਂ ਕਹਾਣੀਆਂ (ਅਣਕਹੀ ਪੀੜ, ਮੱਛਲੀ ਜਲ ਕੀ ਰਾਨੀ ਹੈ, ਫੁਰਰਰ), ਪਵਿੱਤਰ ਕੌਰ ਮਾਟੀ (ਅੱਧੇ-ਅਧੂਰੇ) ਬਿੰਦਰ ਬਸਰਾ ( ਕੱਲ ਵੀ ਆਉਣੈ), ਅਜਮੇਰ ਸਿੱਧੂ ( ਝਨਾਂ ਦੀਆਂ ਛੱਲਾਂ, ਤੂੰ ਇਹ ਝਾਂਜਰ ਨਾ ਪਾਵੀਂ), ਸਰਬਜੀਤ ਸੋਹਲ (ਇਨ੍ਹਾਂ ਪਲਾਂ ਨੂੰ ਮਾਣ ਨਾ ਲਵਾਂ), ਪਰਵੇਜ਼ ਸੰਧੂ ( ਚਾਬੀ), ਦੀਪਤੀ ਬਬੂਟਾ ( ਵੱਸ ਅੱਖੀਆਂ ਦੇ ਕੋਲ), ਸਰਬਜੀਤ ਸੋਹਲ (ਹਾਂ, ਮੈਨੂੰ ਮਰਦ ਪਸੰਦ ਹਨ) ਕਮਲ ਸੇਖੋਂ (ਕੰਧ), ਬਲਵੀਰ ਕੌਰ ਰੀਹਲ (ਮੈਂ ਆਪ ਨਾ ਲਾਈਆਂ ਵੇ), ਦੀਪਤੀ ਬਬੂਟਾ (ਵਸ਼ੀਕਰਣ, ਡਾਂਸ ਫਲੋਰ, ਬਦਨਾਮ ਬਸਤੀ), ਨਰਿੰਦਰ ਕੌਰ ਭੁੱਚੂ (ਵੈੱਲ ਪਾਵਰ), ਆਦਿ ਵਿੱਚ ਪਿੱਤਰੀ ਸੱਤਾ ਦਾ ਦਿਸਦਾ ਤੇ ਸਪੱਸ਼ਟ ਰੂਪ ਨਦਾਰਦ ਹੈ ਜਦਕਿ ਇਸਦੀ ਥਾਂ ਨਵ ਪੂੰਜੀਵਾਦੀ ਵਿਕਾਸ ਮਾਡਲ ਦੇ ਸੂਖਮ ਭੁਲਾਵੇਂ ਸੰਸਾਰ ਵਿੱਚ ਔਰਤ ਦੇ ਭੋਗਣਹਾਰ ਵਸਤੂ ਦੇ ਰੂਪ ਵਿੱਚ ਵੱਟ ਜਾਣ ਦਾ ਰੁਦਨ ਵੀ ਹੈ ਅਤੇ ਇਸ ਤੋਂ ਨਿਕਲਣ ਦੀ ਮੌਲਿਕ ਚਿੰਤਨ ਚੇਤਨਾ ਵੀ। ਇਹ ਕਹਾਣੀ ਅੰਸ਼ਿਕ ਰੂਪ ਵਿੱਚ

ਸੱਤਾ ਨੂੰ ਮਰਦਾਵੇਂ ਪ੍ਰਬੰਧ ਵਿੱਚ ਮੰਨਣ ਵਾਲੀ ਚੇਤਨਾ ਦੀ ਥਾਂ ਸੱਤਾ ਦੇ ਕਰੂਰ ਯਥਾਰਥ ਅੰਦਰ ਔਰਤ ਤੇ ਮਰਦ ਦੋਵਾਂ ਦੇ ਨਪੀੜੇ ਜਾ ਰਹੇ ਅਸਤਿਤਵ ਵੱਲ ਵੀ ਤੁਰਦੀ ਹੈ। ਨਾਰੀ ਚਿੰਤਨ ਦੇ ਬਦਲਦੇ ਸਰੋਕਾਰਾਂ ਦੀ ਕਹਾਣੀ ਵਿੱਚ ਹੁਣ ਚੌਥੇ ਪੜਾਅ ਵਾਲੀ ਪਾਰ ਜੈਂਡਰ ਦ੍ਰਿਸ਼ਟੀ ਵੀ ਸਹਿਜੇ ਸਹਿਜੇ ਲੋਪ ਹੋ ਰਹੀ ਹੈ। ਪਰ ਕਾਇਆ ਪਰਿਵਰਤਨ ਦੀ ਵਿਧੀ ਦੁਆਰਾ ਚੌਥੇ ਦੌਰ ਦੇ ਮਰਦ ਕਥਾਕਾਰਾਂ ਨੇ ਔਰਤ ਮਨ ਦੇ ਅਬੁੱਝ ਰਹੱਸਾਂ ਤੱਕ ਪਾਠਕਾਂ ਦੀ ਰਸਾਈ ਕੀਤੀ ਹੈ ਪਰ ਇਸ ਵੇਲੇ ਨਾਰੀ ਕਹਾਣੀਕਾਰਾਂ ਦਾ ਵੱਡਾ ਪੂਰ ਆਪਣੀ ਦਾਸਤਾਨ ਨੂੰ ਆਪਣੇ ਉਚਾਰ ਤੋਂ, ਆਪਣੇ ਸੰਸਾਰ ਤੋਂ ਆਪਣੇ ਵਿਹਾਰ ਤੋਂ ਚਿੰਤਨੀ ਨੀਝ ਭਰੇ ਪ੍ਰਗਟਾਵੇ ਨਾਲ ਪੇਸ਼ ਕਰਨ ਵੱਲ ਵੱਧ ਰਿਹਾ ਹੈ।

ਵਰਤਮਾਨ ਪੰਜਾਬੀ ਕਹਾਣੀ ਵਿੱਚ ਮੱਧਵਰਗੀ ਦ੍ਰਿਸ਼ਟੀ ਦੇ ਅਨੇਕਾਂ ਪਾਸਾਰ ਮਿਲਦੇ ਹਨ ਜਿੱਥੇ ਨਵ ਬਸਤੀਵਾਦ ਦੇ ਸੂਖਮ ਹਮਲੇ ਨੂੰ ਮੱਧਵਰਗ ਇਕ ਵਿਸ਼ਾਲ ਮੰਡੀ ਦੇ ਰੂਪ ਵਿੱਚ ਪਰੋਸਿਆ ਮਿਲਦਾ ਹੈ। ਪ੍ਰਸਿੱਧ ਨਾਟਕਕਾਰ ਪਾਲੀ ਭੁਪਿੰਦਰ ਮੱਧਵਰਗ ਦੀ ਭੁਚੱਕੀ, ਲਾਲਚੀ ਅਤੇ ਦੰਭੀ ਸਥਿਤੀ ਨੂੰ ਤੰਦੂਰ ਵਿੱਚ ਫਸੇ ਕੁੱਤੇ ਦੀ ਸਥਿਤੀ ਨਾਲ ਤੁਲਨਾਂਦਾ ਹੈ। ਤੜਾਗੀਬੱਧ ਮਾਰਕਸੀ ਨਜ਼ਰੀਏ ਨੇ ਵੀ ਮੱਧਵਰਗ ਦੀ ਸਮਝੌਤਾਵਾਦੀ, ਅਵਸਰਵਾਦੀ, ਬਾਹਰੋਂ ਚੜ੍ਹਤ ਅਤੇ ਅੰਦਰੋਂ ਅਸਤ ਵਾਲੀ ਦੋਗਲੀ ਸਥਿਤੀ ਨੂੰ ਇਕਹਿਰੇ ਪਰਿਪੇਖ ਵਿੱਚ ਪਰਿਭਾਸ਼ਿਤ ਕੀਤਾ ਹੈ। ਵਰਤਮਾਨ ਕਹਾਣੀ ਨੇ ਸਮਕਾਲ ਦੀ ਪਰਿਸਥਿਤੀਆਂ ਦੀ ਕੱਸ ਵਿੱਚ ਮੱਧਵਰਗੀ ਸੁਪਨਿਆਂ ਦੀ ਘੁਟਣ ਤੇ ਤਿੜਕ ਦੀ ਬਿਰਤਾਂਤਕਾਰੀ ਕੀਤੀ ਹੈ। ਇਸਦੇ ਨਾਲ ਨਾਲ ਇਸ ਵਰਗ ਦੇ ਹੋਂਦਮੂਲਕ ਸ਼ੰਕਿਆਂ, ਖਪਤਵਾਦੀ ਵਿਹਾਰ ਅਤੇ ਹਰ ਨਵੇਂ ਵਰਤਾਰੇ ਪ੍ਰਤੀ ਉਤਸ਼ਾਹੀ ਖਸਲਤ ਨੂੰ ਵੀ ਪੇਸ਼ ਕੀਤਾ ਹੈ। ਮੌਜੂਦਾ ਕਹਾਣੀ ਅੰਦਰ ਮੱਧਵਰਗ ਆਪਣੇ ਚਿੰਤਨੀ ਤੇ ਜਾਗਰਿਤ ਵਿਹਾਰ ਦੁਆਰਾ ਆਪਣੇ ਅਸਤਿਤਵ ਨੂੰ ਵਿਸ਼ਲੇਸ਼ਿਤ ਕਰਦਾ ਵੀ ਦਿਸਦਾ ਹੈ ਅਤੇ ਦਿਸਦੇ ਜੀਵਨ ਵਿਚਲੀਆਂ ਬੇਤਰਤੀਬੀਆਂ ਵਿੱਚ ਘਾਸੇ ਵਾਲਾ ਜੀਵਨ ਵੀ ਜੀਉਂਦਾ ਹੈ। ਬੇਸ਼ੱਕ ਵਿਵੇਕ ਤੇ ਤਰਕ ਤੋਂ ਤਬਕਦੇ ਇਸ ਵਰਗ ਨੂੰ ਸੋਸ਼ਲ ਮੀਡੀਆ ਦਾ ਯਾਂਤਰਿਕ ਸੰਸਾਰ ਬੇਹੱਦ ਰਾਸ ਆਇਆ ਹੈ ਜਿੱਥੇ ਜੀਵਨ ਖੁਸ਼ਹਾਲੀ ਦੀ ਮ੍ਰਿਗ ਤ੍ਰਿਸ਼ਨਾ ਦਾ ਸੁਪਨ ਸੰਸਾਰ ਹੈ ਪਰ ਸਵੈ ਪ੍ਰਗਟਾਵੇ ਦੇ ਇਸ ਮੰਚ ਨੇ ਮੱਧਵਰਗ ਦੀ ਸਮਾਜਿਕ-ਰਾਜਸੀ ਚੇਤਨਾ ਨੂੰ ਵੱਖਰੀ ਜੁੰਬਿਸ਼ ਵੀ ਦਿੱਤੀ ਹੈ। ਬਿੰਦਰ ਬਸਰਾ ਦੀ ਕਹਾਣੀ 'ਕੱਲ ਵੀ ਆਉਣੈ' ਦੀ ਮੱਧਵਰਗੀ ਨੌਕਰੀਪੇਸ਼ਾ ਔਰਤ ਸ਼ਿਲਪੀ ਰੁਟੀਨਬੱਧ ਜ਼ਿੰਦਗੀ ਦੇ ਗੇੜ ਚੱਕਰ ਤੋਂ ਆਤੁਰ ਹੋ ਜਾਂਦੀ ਹੈ ਪਰ ਨਜ਼ਰ ਬਦਲਣ ਦੀ ਥਾਂ ਨਜ਼ਰੀਆ ਬਦਲਣ ਵਾਲੀ ਚੇਤਨਾ ਨਾਲ ਉਹ ਬੇਹੀ ਜ਼ਿੰਦਗੀ ਵਿੱਚ ਤਾਜ਼ਾਪਣ ਭਰ ਲੈਂਦੀ ਹੈ। ਸੁਖਪਾਲ ਥਿੰਦ ਦੀ ਸਿਆਸੀ ਚੇਤਨਾ ਵਾਲੀ ਕਹਾਣੀ 'ਕਾਲਖ ਕੋਠੜੀ' ਸਮਾਜਿਕ-ਰਾਜਸੀ ਤਬਦੀਲੀ ਦਾ ਸੁਪਨਾ ਲੈਂਦੇ ਮੱਧਵਰਗੀ ਬੰਦੇ ਦੀ ਕਸ਼ਮਕਸ਼ ਦਾ ਬਿਰਤਾਂਤ ਹੈ ਜਿਸਨੂੰ ਕਾਰਪੋਰੇਟ ਮੀਡੀਆ, ਸ਼ਾਤਰ ਰਾਜਸੀ ਆਗੂ ਅਤੇ ਧਰਮਾਂ/ਜਾਤਾਂ ਦੇ ਧਰੁਵੀਕਰਨ ਵਾਲੀ ਰਾਜਨੀਤੀ ਕੋਈ ਰਾਹ ਨਹੀਂ ਦਿੰਦੀ ਪਰ ਪਾਤਰਾਂ ਅੰਦਰ ਨਿਜ਼ਾਮ ਨੂੰ ਬਦਲਣ ਦੀ ਚਿਣਗ ਚੁਆਤੀ ਭਰ ਦਿੰਦੀ ਹੈ। ਲੇਖਕ 'ਫੁੱਲਾਂ ਦੀ ਫਸਲ' ਕਹਾਣੀ ਵਿੱਚ ਮੌਕਾਪ੍ਰਸਤ ਰਾਜਨੀਤੀ ਦੇ ਸਮਵਿੱਥ ਲੋਕ ਪੱਖੀ ਸਿਆਸਤ ਅਤੇ ਸਿਸਟਮ ਨੂੰ ਬਦਲਣ ਵਾਲੀ ਮੱਧਵਰਗੀ ਚੇਤਨਾ ਦੀ ਤੜਫ ਨੂੰ ਬਿਆਨ ਕਰਦਾ ਹੈ। ਸਿਆਸਤ ਦੀ ਕਾਲਖ ਕੋਠੜੀ ਵਾਂਗ ਖਪਤਵਾਦ ਦੀ ਕਾਲਖ ਵਿੱਚ ਗਲਤਾਨ ਮੱਧਵਰਗੀ ਜੀਵਨ, ਰਿਸ਼ਤਾ ਨਾਤਾ ਪ੍ਰਬੰਧ ਅਤੇ ਨਵੇਂ ਜੀਵਨ ਬੋਧ ਨੂੰ ਬਲਵੀਰ ਪਰਵਾਨਾ

ਆਪਣੇ ਕਹਾਣੀ ਸੰਗ੍ਰਿਹ 'ਸਾਈਨ ਵੈਲਯੂ ਦਾ ਜਲੌਅ' ਵਿੱਚ ਪੇਸ਼ ਕਰਦਾ ਹੈ। ਉਸਦੀ ਕਹਾਣੀ 'ਸ਼ਾਪਿੰਗ' ਵਿੱਚਲੀ ਅਧਿਆਪਕਾ ਪਾਤਰ ਰੂਪਾਲੀ ਜਿੱਥੇ ਸਵੈ ਕੇਂਦਰਿਤ, ਬੁਸਬੁਸੀ ਤੇ ਨੀਰਸਤਾ ਵਾਲੀ ਖਪਤਮੁੱਖੀ ਜ਼ਿੰਦਗੀ ਭੋਗਦੀ ਆਪਣੇ ਪ੍ਰਾਪਰਟੀ ਡੀਲਰ ਪਤੀ ਸਤੀਸ਼ ਦੇ ਪਦਾਰਥਵਾਦੀ ਵਿਹਾਰ ਤੋਂ ਤੰਗ ਆ ਕੇ ਤਲਾਕ ਲੈਣ ਦਾ ਫੈਸਲਾ ਕਰਦੀ ਹੈ ਪਰ ਵਿਆਹ ਦੀ ਵਰੇਗੰਢ 'ਤੇ ਪਤੀ ਵੱਲੋਂ ਕਰਵਾਈ ਮਹਿੰਗੀ ਸ਼ਾਪਿੰਗ ਉਸਦੇ ਵਸਤੂ ਪੂਜਕ ਬਿੰਬ ਨੂੰ ਹੋਰ ਦ੍ਰਿੜ ਕਰ ਦਿੰਦੀ ਹੈ। ਲੇਖਕ ਦੀ ਕਹਾਣੀ 'ਥੈਂਕ ਯੂ ਬਾਪੂ' ਵਿੱਚ ਨੌਕਰੀ ਕਾਰਨ ਸ਼ਹਿਰ ਰਹਿੰਦੇ ਇਕਹਿਰੇ ਪਰਿਵਾਰ ਦੇ ਕੇਂਦਰੀ ਪਾਤਰ ਦੇ ਪਿਤਾ ਦੀ ਬੀਮਾਰੀ ਪਰਿਵਾਰ ਦੀ ਆਰਥਿਕਤਾ 'ਤੇ ਭਾਰੀ ਪੈ ਜਾਂਦੀ ਹੈ ਪਰ ਹਸਪਤਾਲ ਵਿੱਚ ਪਿਤਾ ਦੀ ਮੌਤ ਉਸਨੂੰ ਦੁਖੀ ਕਰਨ ਦੇ ਨਾਲ ਨਾਲ 'ਸੁਰਖਰੂ' ਕਰਨ ਦੇ ਅਹਿਸਾਸ ਵੀ ਭਰ ਦਿੰਦੀ ਹੈ। ਲੇਖਕ ਦੀਆਂ ਹੋਰ ਕਹਾਣੀਆਂ 'ਸਾਈਨ ਵੈਲਯੂ ਦਾ ਜਲੌਅ' ਵਿੱਚ ਇੰਜਨੀਅਰ ਪੀ ਕੇ ਜੁਨੇਜਾ, 'ਭੀੜ 'ਚ ਘਿਰਿਆ ਬੰਦਾ' ਵਿੱਚ ਰਾਮ ਲੁਭਾਇਆ, 'ਗਲੇਸ਼ੀਅਰ' ਵਿੱਚ ਪੱਤਰਕਾਰ ਰਮਨਦੀਪ, 'ਮਿਰਗ ਤ੍ਰਿਸ਼ਨਾ' ਵਿੱਚ ਆਟੋ ਚਾਲਕ ਰਾਜ ਤੇ ਚੰਨੀ, 'ਗਮਲਿਆਂ ਵਿੱਚੋਂ ਉੱਗੀ ਜ਼ਿੰਦਗੀ' ਵਿੱਚ ਮਧੂ ਆਦਿ ਪਾਤਰ ਕਾਰਪੋਰੇਟ ਵਿਕਾਸ ਮਾਡਲ ਤੋਂ ਪੈਦਾ ਖਪਤਵਾਦ ਦੀ ਮਾਰ ਹੇਠਾਂ ਆਏ ਵਿਅਕਤੀਵਾਦ ਤੇ ਸਵੈ ਕੇਂਦਰਿਤ ਕਿਸਮ ਦੇ ਜੀਵਨ ਨੂੰ ਭੋਗਦੇ ਹਨ। ਲੇਖਕ ਦੀਆਂ ਕਹਾਣੀਆਂ ਦੀ ਉੱਚੀ ਸੁਰ ਬੇਸ਼ੱਕ ਬਿਰਤਾਂਤ ਅੰਦਰ ਪਾਠਕਾਂ ਦੇ ਦਖਲ ਦੀਆਂ ਤਰੇੜਾਂ ਵੀ ਬਾਕੀ ਨਹੀਂ ਰਹਿਣ ਦਿੰਦੀ ਪਰ ਆਪਣੀ ਸਪੱਸ਼ਟ ਵਿਚਾਰਧਾਰਕ ਚੇਤਨਾ ਕਰਕੇ ਉਹ ਮੱਧਵਰਗੀ ਤੇ ਨਿਮਨ ਵਰਗੀ ਜੀਵਨ ਦੇ ਨਿੱਜਵਾਦ ਤੇ ਪਦਾਰਥਵਾਦ ਪਿੱਛੇ ਖੜੇ ਵਰਤ ਵਰਤਾਰਿਆਂ ਨੂੰ ਤਿੱਖੇ ਲਹਿਜ਼ੇ ਵਿੱਚ ਟੱਕਰਦਾ ਹੈ। ਇਸ ਪ੍ਰਸੰਗ ਵਿੱਚ ਜਿੰਦਰ, ਹਰਪ੍ਰੀਤ ਸੇਖਾ, ਅਜਮੇਰ ਸਿੱਧੂ, ਸਾਂਵਲ ਧਾਮੀ, ਬਲਦੇਵ ਢੀਂਡਸਾ, ਦੀਪਤੀ ਬਬੂਟਾ, ਰਮਨਦੀਪ ਵਿਰਕ, ਅਵਤਾਰ ਓਠੀ, ਜੋਗੇ ਭੰਗਲ, ਅਮਰਜੀਤ ਮਾਨ, ਪਵਿੱਤਰ ਕੌਰ ਮਾਟੀ, ਰਵੀ ਸ਼ੇਰਗਿੱਲ, ਸਰਘੀ ਆਦਿ ਦੀਆਂ ਕਹਾਣੀਆਂ ਨੇ ਵਿਸ਼ੇਸ਼ ਸੰਵਾਦ ਦੀ ਸਥਿਤੀ ਪੈਦਾ ਕੀਤੀ ਹੈ।

ਪਰਵਾਸ ਵਿੱਚਲੀ ਮੂਲਵਾਸੀ ਸਭਿਆਚਾਰ ਨਾਲ ਤਣਾਅ, ਵਿਰੋਧ ਅਤੇ ਦਵੰਦ ਦੇ ਬਿਰਤਾਂਤਕੀ ਪਾਠ ਵਾਲੀ ਰਵਾਇਤੀ ਕਹਾਣੀ ਦੀ ਥਾਂ ਵਰਤਮਾਨ ਦਾ ਕਥਾ ਪੈਰਾਡਾਈਮ ਮੂਲਵਾਸ ਤੇ ਪਰਵਾਸ ਨਾਲ ਸਮਨਵੈ ਦੀ ਸਥਿਤੀ ਨੂੰ ਬਾਹਰਮੁੱਖੀ ਦ੍ਰਿਸ਼ਟੀ ਤੋਂ ਪੇਸ਼ ਕਰ ਰਿਹਾ ਹੈ। ਇੰਗਲੈਂਡ ਤੋਂ ਬਾਅਦ ਕੈਨੇਡਾ ਅਤੇ ਅਮਰੀਕਾ ਦੀ ਧਰਤੀ 'ਤੇ ਪੰਜਾਬੀ ਪਰਵਾਸੀ ਸੰਵੇਦਨਾ ਦੀਆਂ ਪਾਰ ਸਭਿਆਚਾਰਕ ਦ੍ਰਿਸ਼ਟੀਆਂ ਸਿਰਜਣ ਦੇ ਰੁਝਾਨ ਉਭਰ ਰਹੇ ਹਨ। ਗੁਰਮੀਤ ਪਨਾਗ ਦੀ 'ਆਹੌਤ ਰੂਥ', ਨਿਰਮਲ ਜਸਵਾਲ ਦੀ 'ਅਜਨਬੀ' ਕਹਾਣੀਆਂ ਵਿੱਚ ਜਰਮਨ ਨਾਜ਼ੀਵਾਦ ਦੇ ਨਸਲੀ ਕੋਹਰਾਮ ਦੇ ਸ਼ਿਕਾਰ ਯਹੂਦੀਆਂ ਦੀ ਜਲਾਵਤਨੀ ਨੂੰ ਪੇਸ਼ ਕੀਤਾ ਗਿਆ ਹੈ। ਗੁਰਮੀਤ ਪਨਾਗ ਦੀ ਕਹਾਣੀ 'ਮੁਰਗਾਬੀਆਂ' ਕੈਨੇਡਾ ਦੇ ਨੈਟਿਵ ਲੋਕਾਂ ਦੀ ਹਾਸ਼ੀਅਤ ਜ਼ਿੰਦਗੀ ਦਾ ਬਿਰਤਾਂਤ ਹੈ। ਕੈਨੇਡਾ ਦੇ ਮੂਲ ਵਸਨੀਕਾਂ ਦੀ ਭਾਸ਼ਾ, ਸੰਸਕ੍ਰਿਤੀ ਅਤੇ ਲੋਕ ਜੀਵਨ ਨੂੰ ਬਸਤੀਵਾਦ ਦੇ ਧੌਂਸਮੂਲਕ ਵਿਵਹਾਰ ਵੱਲੋਂ ਉਜਾੜਨ ਦੀ ਪ੍ਰਕਿਰਿਆ ਨੂੰ ਲੇਖਿਕਾ ਨੇ ਜੀਵੰਤ ਵੇਰਵਿਆਂ ਨਾਲ ਪੇਸ਼ ਕੀਤਾ ਹੈ। ਜਗਜੀਤ ਬਰਾੜ ਦੀ ਕਹਾਣੀ 'ਗੀਤਾਂ ਦਾ ਵਣਜਾਰਾ' ਵਿੱਚ ਅਮਰੀਕਾ ਦੀਆਂ ਅਫਗਾਨਿਸਤਾਨ ਵਿੱਚ ਧੌਂਸਵਾਦੀ ਨੀਤੀਆਂ ਵਿੱਚ ਪਿਸਦੀ ਮਾਨਵਤਾ ਨੂੰ ਕਹਾਣੀ ਦੇ ਕੇਂਦਰੀ ਪਾਤਰ ਫਿਰਾਸ਼ ਦੀ ਖੰਡਿਤ ਪਛਾਣ ਦੇ ਸੰਦਰਭ ਵਿੱਚ ਪੇਸ਼ ਕੀਤਾ ਮਿਲਦਾ ਹੈ। ਬਰਾੜ

ਦੀ ਕਹਾਣੀ ਨੇ ਮੂਲਵਾਸ ਤੇ ਪਰਵਾਸ ਦੇ ਸਮਨਵੈ ਭਰੇ ਬਿਰਤਾਂਤ ਸਿਰਜਣ ਦੇ ਨਾਲ ਨਾਲ ਪਰਵਾਸੀ ਪੰਜਾਬੀ ਚੇਤਨਾ ਦੇ ਵੱਖਰੇ ਦਿਸਹੱਦਿਆਂ ਤੱਕ ਰਸਾਈ ਕੀਤੀ ਹੈ। ਵਰਤਮਾਨ ਪਰਵਾਸੀ ਕਹਾਣੀ ਪਰਵਾਸ ਵਿੱਚ ਰਹਿੰਦੇ ਮਨੁੱਖਾਂ ਦੀ ਕਲਮ ਤੋਂ ਪਰਵਾਸੀ ਚੇਤਨਾ ਨੂੰ ਪੇਸ਼ ਕਰਨ ਵਾਲੀ ਸਿਧਾਂਤਕੀ ਨੂੰ ਵੀ ਤੋੜ ਰਹੀ ਹੈ। ਗਾਹੇ ਬਗਾਹੇ ਪਰਵਾਸੀ ਧਰਤੀ 'ਤੇ ਪੁੱਜੇ ਲੇਖਕ ਵੀ ਨਵ ਪਰਵਾਸ ਦੇ ਮੁੱਦਿਆਂ ਨੂੰ ਸੰਬੋਧਿਤ ਹੋ ਰਹੇ ਹਨ। ਸੁਕੀਰਤ ਦੀ ਕਹਾਣੀ 'ਉਹ, ਤੇ ਉਹ' ਗੈਰਕਾਨੂੰਨੀ ਪਰਵਾਸ ਭੋਗਦੀ ਪੰਜਾਬੀ ਬੰਦੇ ਦੀ ਵੇਦਨਾ ਦਾ ਦੁਖਾਂਤ ਹੈ। ਉੱਤਮ ਪੁਰਖੀ ਪਾਤਰ ਪੰਜਾਬ ਤੋਂ ਯੁਗੋਸਲਾਵੀਆ ਦੇ ਰਾਹ ਸਪੇਨ ਤੇ ਫਰਾਂਸ ਪੁੱਜਦਾ ਆਪਣੇ ਵਤਨ ਪ੍ਰਤੀ ਸਿੱਕ ਨੂੰ ਮਾਂਦੀ ਨਹੀਂ ਪੈਣ ਦਿੰਦਾ। ਉਸਦਾ ਜ਼ਿੰਦਗੀ ਦੀ ਵਿਸ਼ਾਲਤਾ, ਭਰਪੂਰਤਾ ਅਤੇ ਨਿਰੰਤਰਤਾ ਪ੍ਰਤੀ ਨਜ਼ਰੀਆ ਕਥਾ ਦਾ ਅਹਿਮ ਰਚਨਾਵੀਂ ਸੂਤਰ ਹੈ। ਜਿੰਦਰ ਦੀ ਕਹਾਣੀ 'ਸੇਫਟੀ ਕਿੱਟ' ਦੀ ਸਮਾਂਥਾ, ਬਲਦੇਵ ਢੀਂਡਸਾ ਦੀ 'ਸੰਸਕ੍ਰਿਤੀ' ਦੀ ਰੁਪਾਲੀ, ਅਜਮੇਰ ਸਿੱਧੂ ਦੀ 'ਤੂੰ ਇਹ ਝਾਂਜਰ ਨਾ ਪਾਵੀਂ' ਦੀ ਪਾਤਰ ਪਰਵਾਸ ਦੀਆਂ ਨਵੀਆਂ ਚੁਣੌਤੀਆਂ ਵਿੱਚ ਆਪਣਾ ਸੁਜੱਗ, ਪ੍ਰਗਤੀਸ਼ੀਲ ਅਤੇ ਚਿੰਤਨੀ ਸੁਭਾਅ ਕਾਇਮ ਦਾਇਮ ਰੱਖਦੀਆਂ ਹਨ। ਪਰਵਾਸ ਦੀ ਨਵੀਂ ਕਹਾਣੀ ਵਿੱਚ ਹਰਪ੍ਰੀਤ ਸੇਖਾ ਦੀ ਕਹਾਣੀ 'ਪੰਜਾਬੀ ਸੂਟ' ਪੰਜਾਬੀ ਨਾਰੀ ਅਨੁਭਵ ਦੇ ਨਿਵੇਕਲੇ ਪਾਸਾਰ ਨੂੰ ਫੜਦੀ ਹੈ। ਕਹਾਣੀ ਦੀ ਮੈਂ ਪਾਤਰ ਵੇਸਵਾਗਿਰੀ ਦੇ ਧੰਦੇ ਵਿੱਚ ਹੈ ਜੋ ਆਪਣੇ ਇਸ਼ਤਿਹਾਰਾਂ ਵਿੱਚ ਆਪਣੇ ਭਾਈਚਾਰੇ ਤੋਂ ਦੁਖੀ ਹੋ ਕੇ 'ਨੋ ਇੰਡੋ ਕੈਨੇਡੀਅਨ ਮੈਨ ਪਲੀਜ਼' ਲਿਖਦੀ ਹੈ। ਇਕ ਸਨਕੀ ਗੋਰਾ ਜਿਸਦੀ ਧੀ ਦਾ ਰੇਪ ਪਰਵਾਸੀ ਪੰਜਾਬੀ ਵੱਲੋਂ ਕੀਤਾ ਗਿਆ ਸੀ ਉਹ ਆਪਣੇ ਅਵਚੇਤਨ ਵਿੱਚਲੀ ਖੁੰਦਿਕ ਤਹਿਤ ਉਕਤ ਔਰਤ ਦੇ ਪੰਜਾਬੀ ਸੂਟ ਪਾ ਕੇ ਉਤਾਰਨ ਦੀ ਪ੍ਰਕਿਰਿਆ ਨਾਲ ਆਪਣੀ ਹਵਸ ਸ਼ਾਂਤ ਕਰਨਾ ਚਾਹੁੰਦਾ ਹੈ ਜਿਸ ਨੂੰ ਉਕਤ ਪਾਤਰ ਮਨ੍ਹਾਂ ਕਰ ਦਿੰਦੀ ਹੈ। ਇੰਝ ਔਰਦ ਦੇ ਦਰਦੀਲੇ ਸੰਤਾਪ ਦੀਆਂ ਸਾਂਝਾ ਦਾ ਇਹ ਬਿਰਤਾਂਤ ਆਪਣੇ ਸਹਿਜ ਸੁਭਾਅ ਨਾਲ ਪਾਠਕਾਂ ਨੂੰ ਝੰਜੋੜਨ ਦੀ ਕਲਾ ਰੱਖਦਾ ਹੈ। ਇਸੇ ਤਰਾਂ ਮੇਜਰ ਮਾਂਗਟ, ਕੁਲਜੀਤ ਮਾਨ, ਹਰਮਹਿੰਦਰ ਚਹਿਲ, ਹਰਜਿੰਦਰ ਪੰਧੇਰ, ਰਵੀ ਸ਼ੇਰਗਿੱਲ, ਗੁਰਮੀਤ ਪਨਾਗ, ਦਵਿੰਦਰ ਮਲਹਾਂਸ, ਸਰਿੰਦਰ ਸੋਹਲ, ਮਨਜੀਤ ਕੌਰ ਸੇਖੋਂ, ਪਵਿੱਤਰ ਕੌਰ ਮਾਟੀ, ਦਵਿੰਦਰ ਮਲਹਾਂਸ ਆਦਿ ਦੀਆਂ ਕਹਾਣੀਆਂ ਨਵ ਪੂੰਜੀਵਾਦੀ ਦੇ ਕੇਂਦਰ ਪੱਛਮੀ ਦੇਸ਼ਾਂ ਦੀਆਂ ਦਮਨਕਾਰੀ ਨੀਤੀਆਂ, ਨਸਲਵਾਦ, ਗੈਂਗਵਾਰ, ਪਰਵਾਸੀ ਰਿਸ਼ਤਿਆਂ ਦੀ ਟੁੱਟ ਭੱਜ, ਪਰਵਾਸੀ ਮਨੁੱਖ ਦੀਆਂ ਅਕੱਟ ਦੁਬਿਧਾਵਾਂ, ਨਸਲਭੇਦ/ਜਮਾਤੀ/ਲਿੰਗਕ ਵੱਖਰੇਵਿਆਂ ਦੇ ਸੰਕਟਾਂ ਸਮੇਤ ਅਲਗਾਵਵਾਦ ਤੇ ਇਕੱਲਤਾ ਦੇ ਥੀਮ ਨੂੰ ਪੁਨਰ ਪਰਿਭਾਸ਼ਿਤ ਕਰ ਰਹੀਆਂ ਹਨ।

ਵਰਤਮਾਨ ਕਹਾਣੀ ਅੰਦਰ ਨਿਮਨ ਕਿਸਾਨੀ, ਦਲਿਤ ਖੇਤ ਮਜ਼ਦੂਰ ਅਤੇ 'ਨੀਚਾਂ ਅੰਦਰ ਨੀਚ' ਜੀਵਨ ਭੋਗਦੀਆਂ ਧਿਰਾਂ ਦੀ ਸੰਵੇਦਨਾ ਦੇ ਨਵੇਂ ਨਕਸ਼ ਪ੍ਰਗਟ ਹੋ ਰਹੇ ਹਨ। ਅਰਧ ਜਗੀਰੂ ਮਾਨਸਿਕਤਾ ਵਾਲੇ ਪੰਜਾਬੀ ਸਮਾਜ ਅਤੇ ਨਵ ਪੂੰਜੀਵਾਦੀ ਜੀਵਨ ਦੇ ਥਪੇੜਿਆਂ ਨੂੰ ਬਰਾਬਰ ਬਰਦਾਸ਼ਤ ਕਰਨ ਵਾਲੀਆਂ ਇਹ ਧਿਰਾਂ ਸੁਪਨੇ ਤੇ ਹਕੀਕਤ ਦਰਮਿਆਨ ਲਟਕੀ ਹੋਂਦ ਵਾਲੀਆਂ ਹਨ। ਇਸ ਪ੍ਰਸੰਗ ਵਿੱਚ ਹਰਪ੍ਰੀਤ ਚਨੂੰ ਦੀਆਂ ਕਹਾਣੀਆਂ 'ਚੱਲ ਚਿੜੀਏ ਮੈਂ ਆਇਆ', 'ਚੌਹਟੇ ਚੱਕ' ਆਦਿ ਕਹਾਣੀਆਂ ਨਿਮਨ ਕਿਸਾਨੀ ਤੇ ਬੇਜ਼ਮੀਨੇ ਪਰਿਵਾਰਾਂ ਦੀ ਜਬਰ ਤੇ ਸਬਰ ਨਾਲ ਮੌਨ ਹੋਈ ਜ਼ਿੰਦਗੀ ਦੇ ਬਿਰਤਾਂਤ ਹਨ ਪਰ ਇਨ੍ਹਾਂ ਦੇ ਪਾਤਰ ਆਪਣੇ ਆਪ ਨੂੰ ਨਿਰਖ ਪਰਖ ਵਿੱਚ ਪਾ ਕੇ ਅੰਦਰਲੇ ਮਾਨਵੀ ਮਾਦੇ ਨੂੰ ਮਰਨ ਨਹੀਂ ਦਿੰਦੇ। ਉਹ 'ਸੱਥਰ'

ਕਹਾਣੀ ਦੁਆਰਾ ਪੰਜਾਬ ਦੀ ਰਵਾਇਤੀ ਰਹਿਤਲ ਦੀ ਟੁੱਟ ਭੱਜ ਨੂੰ ਅਮਰ ਸਿੰਘ ਦੀ ਹਵੇਲੀ ਦੀ ਡਿਗਦੀਆਂ ਛਿਲਤਰਾਂ ਦੇ ਪ੍ਰਸੰਗ ਵਿੱਚ ਉਭਾਰ ਕੇ 'ਸੱਥਰ' ਦੇ ਮੈਟਾਫਰ ਨੂੰ ਬਹੁ ਅਰਥੀ ਬਣਾ ਦਿੰਦਾ ਹੈ। ਬਲਵਿੰਦਰ ਗਰੇਵਾਲ ਦੀ ਕਹਾਣੀ 'ਡਬੋਲੀਆ' ਦੇ ਸ਼ਕਤੀਸ਼ਾਲੀ ਮੈਟਾਫਰ ਦੁਆਰਾ ਪੰਜਾਬ ਦੀ ਡੁੱਬਦੀ ਜਾ ਰਹੀ ਨਿਮਨ ਕਿਸਾਨੀ ਦੇ ਪਾਤਰ ਬਲਕਾਰ ਦੀ ਘਿਣਾਉਣੀ ਜੀਵਨ ਗਾਥਾ ਬਿਆਨ ਕਰਦੀ ਹੈ। ਕਿਸਾਨੀ ਸੰਕਟ ਦੀਆਂ ਫੇਟਾਂ ਖਾ ਕੇ ਡਬੋਲੀਆ ਬਣਿਆ ਬਲਕਾਰ ਨਹਿਰ ਵਿੱਚੋਂ ਲਾਸ਼ਾਂ ਤਲਾਸ਼ ਕੇ ਉਨ ਾਂ ਦੇ ਵਾਰਸਾਂ ਨੂੰ ਪੁਜਾਉਂਦਾ ਆਪਣੀ ਉਪਜੀਵਕਾ ਕਮਾਉਂਦਾ ਹੈ। ਗੋਤੇ ਖਾਂਦਾ ਉਸਦਾ ਜੀਵਨ ਬੇਸ਼ੱਕ ਮਾਨਵਤਾ ਨੂੰ ਡੁੱਬਣ ਨਹੀਂ ਦਿੰਦਾ ਪਰ ਨਹਿਰ ਵਿੱਚੋਂ ਨਿਕਲਦੀਆਂ ਲਾਸ਼ਾਂ ਪੰਜਾਬ ਦੇ ਵਰਤਮਾਨ ਸਮਾਜ ਦਾ ਅੰਦਰਲਾ ਸੱਚ ਉਜਾਗਰ ਕਰ ਦਿੰਦੀਆਂ ਹਨ। ਜਸਵੀਰ ਰਾਣਾ ਆਪਣੀ ਜਟਿਲ ਕਥਾ ਬੁਣਤੀ ਨਾਲ ਘਿਣਾਉਣੇ ਸਿਸਟਮ ਵਿੱਚ ਪੀੜ ਹੁੰਦੇ ਨਿਮਨ ਕਿਸਾਨੀ ਦੀ ਕਤਰਾ ਕਤਰਾ ਮੌਤ ਨੂੰ ਪੇਸ਼ ਕਰਦਾ ਇਨ ਾਂ ਪਾਤਰਾਂ ਦੇ ਅੰਦਰ ਸਿਸਟਮ ਪ੍ਰਤੀ ਅਤੇ ਆਪਣੀ ਜ਼ਿੰਦਗੀ ਪ੍ਰਤੀ ਭਰੀ ਖੁੰਦਿਕ ਤੱਕ ਆਪਣੀ ਰਸਾਈ ਕਰਦਾ ਹੈ। 'ਉਰਫ ਰੋਸ਼ੀ ਜੱਲਾਦ' ਕਹਾਣੀ ਸਮੇਤ ਸੰਗ੍ਰਿਹ ਦੀਆਂ ਹੋਰ ਕਹਾਣੀਆਂ ਅੰਦਰਲੇ ਪਾਤਰਾਂ ਦੀ ਬੇਪਛਾਣ, ਗੁੰਮਨਾਮ ਅਤੇ ਖੁਰਦੁਰੀ ਹੋਂਦ ਸਿਸਟਮ ਦੇ ਇਸੇ ਜੱਲਾਦਪੁਣੇ ਅੰਦਰ ਸਹਿਕਦੀ ਪੇਸ਼ ਹੋਈ ਹੈ। ਆਗਾਜ਼ਬੀਰ ਦੀ ਕਹਾਣੀ 'ਮੁਕੱਦਸ ਖਾਸ' ਕਿਸਾਨੀ ਜੀਵਨ ਦੀ ਕੁਦਰਤਮੁੱਖੀ ਜੀਵਨ ਸ਼ੈਲੀ ਵਿੱਚ ਖਪਤਵਾਦੀ ਸੰਸਕ੍ਰਿਤੀ ਦੇ ਪ੍ਰਵੇਸ਼ ਨਾਲ ਪੈਦਾ ਬੇਤਰਤੀਬੀਆਂ ਦਾ ਬਿਰਤਾਂਤ ਹੈ। ਇਸੇ ਤਰ੍ਹਾਂ ਅਨੇਮਨ ਸਿੰਘ (ਆਈ ਲਾਚਾ) ਗੁਰਮੀਤ ਕੜਿਆਲਵੀ (ਹਾਰੀਂ ਨਾ ਬਚਨਿਆ), ਗੁਰਸੇਵਕ ਪ੍ਰੀਤ, ਗੁਰਮੀਤ ਆਰਿਫ (ਲਕੀਰਾਂ 'ਚ ਘਿਰੇ ਹੋਏ). ਜਤਿੰਦਰ ਹਾਂਸ,ਦਰਸ਼ਨ ਜੋਗਾ (ਮੁੱਕਦੀ ਗੱਲ), ਜਸਪਾਲ ਮਾਨਖੇੜਾ,ਪ੍ਰਗਟ ਸਤੌਜ (ਲਵ ਸਟੋਰੀ 'ਚ ਗਰੀਬੀ ਦਾ ਮਸਲਾ), ਬਲਦੇਵ ਢੀਂਡਸਾ (ਬੇਅਦਬੀ, ਸੰਸਕ੍ਰਿਤੀ), ਬਲੀਜੀਤ (ਨੂਣ), ਆਗਾਜ਼ਬੀਰ (ਕੁਇਨਜ਼ ਲੈਂਡ) ਜਸਵੀਰ ਰਾਣਾ, (180 ਮਿੰਟ ਦਾ ਆਤੰਕ ਕਾਲ), ਅਰਵਿੰਦਰ ਕੌਰ (ਵੇਦਨ ਕਹੀਏ ਕਿਸ) ਜਗਜੀਤ ਗਿੱਲ (ਹੱਦਬਸਤ ਨੰਬਰ 211) ਵਰਗੇ ਕਹਾਣੀਕਾਰਾਂ ਨੇ ਸਮਾਜ ਦੀ ਮੁੱਖ ਧਾਰਾ ਨਾਲ ਤਣਾਅ ਭੋਗਣ ਦੇ ਨਾਲ ਪ੍ਰਤੀਕੂਲ ਸਥਿਤੀਆਂ ਦੇ ਵੱਸ ਪਏ ਪਾਤਰਾਂ ਅੰਦਰ ਲੁਕੇ ਮਾਨਵੀ ਤੱਤਾਂ ਨੂੰ ਪੇਸ਼ ਕਰਦੀ ਹੈ। ਅਰਵਿੰਦਰ ਕੌਰ ਧਾਲੀਵਾਲ (ਵੇਦਨ ਕਹੀਏ ਕਿਸ) ਵਿੱਚ ਚੰਡਾਲ ਪਾਤਰਾਂ ਦੀ ਕਰੂਰ ਦਿੱਖ ਅੰਦਰ ਲੁਕੇ ਮਾਨਵੀ ਤੱਤਾਂ, ਸਾਂਵਲ ਧਾਮੀ (ਅਧੂਰਾ ਆਦਮੀ) ਵਿੱਚ ਸਰੀਰਕ ਅਪੰਗਤਾ ਭੋਗਦੇ ਪਾਤਰ ਅੰਦਰਲੀ ਪੂਰੀ ਸੂਰੀ ਮਾਨਵਤਾ, ਜਸਵੀਰ ਰਾਣਾ (ਮਜ਼ਾਕ ਦੀ ਹੱਦ ਨਹੀਂ ਹੁੰਦੀ ) ਵਿੱਚ ਕੁਦਰਤੀ ਤੌਰ 'ਤੇ ਬੋਣੇ ਲੋਕਾਂ ਦੀ ਮਨੋ ਸਮਾਜਿਕ ਦਸ਼ਾ ਸਮੇਤ ਕਿਰਦਾਰ ਪੱਖੋਂ ਬੌਣੇ ਬੰਦਿਆਂ ਦਾ ਕੱਚ ਸੱਚ, ਆਗ਼ਾਜ਼ਬੀਰ (ਤੇਈਆ) ਵਿੱਚ ਕੂੜਾ ਕਰਕਟ ਇਕੱਠਾ ਕਰਨ ਵਾਲੇ ਕੁਹਜ ਭਰੇ ਜੀਵਨ ਦੀ ਬੇਗਾਨਗੀ, ਹੀਣ ਬੋਧ ਅਤੇ ਆਤਮ ਗਿਲਾਨੀ ਵਾਲੇ ਸੰਸਾਰ ਨੂੰ ਪੇਸ਼ ਕਰਨਾ ਇਸਦੀਆਂ ਚੋਣਵੀਆਂ ਮਿਸਾਲਾਂ ਹਨ।

ਪੰਜਾਬੀ ਕਹਾਣੀ ਦਾ ਇਕ ਪਾਸਾਰ ਨਵ ਰਾਸ਼ਟਰਵਾਦ ਦੇ ਦੌਰ ਅੰਦਰ ਸੱਤਾ ਸਿਆਸਤ ਦੀਆਂ ਕੇਂਦਰੀਕਰਨ ਦੀਆਂ ਨੀਤੀਆਂ, ਘੱਟ ਗਿਣਤੀ ਵਰਗਾਂ ਦੀ ਅਸਰੁੱਖਿਆ, ਧਾਰਮਿਕ ਧਰੁਵੀਕਰਨ ਸਮੇਤ ਫੈਡਰਲ ਢਾਂਚੇ ਨੂੰ ਕਮਜ਼ੋਰ ਕਰਨ ਦੀਆਂ ਸਿਆਸੀ ਸਾਜਿਸ਼ਾਂ ਪ੍ਰਤੀ ਸਿਆਸੀ ਚੇਤਨਾ ਨੂੰ ਰਜਿਸਟਰ ਕਰ ਰਿਹਾ ਹੈ। ਚੌਥੇ ਦੌਰ ਦੀ ਕਹਾਣੀ ਦੇ ਮੋਹਰੀ ਲੇਖਕ ਸੁਖਜੀਤ ਨੇ 'ਹਜ਼ਾਰ ਕਹਾਣੀਆਂ ਦਾ ਬਾਪ','ਕਾਮਬਲੀ', 'ਮੈ ਰੇਪ ਨੂੰ ਇੰਜੁਆਇ ਕਰਦੀ ਹਾਂ' ਵਰਗੀਆਂ

ਕਹਾਣੀਆਂ ਨਾਲ ਸੱਤਾ ਦੇ ਦਮਨ ਨੂੰ ਸਮਝਣ ਦੀਆਂ ਨਵੀਆਂ ਅੰਤਰ ਦ੍ਰਿਸ਼ਟੀਆਂ ਪੰਜਾਬੀ ਕਹਾਣੀ ਨੂੰ ਪ੍ਰਦਾਨ ਕੀਤੀਆਂ ਹਨ। ਉਸਦੀ ਕਹਾਣੀ ਸੱਤਾ ਦੇ ਦਮਨ ਦੀਆਂ ਮਹੀਨ ਰਮਜ਼ਾਂ ਤੱਕ ਅੱਪੜਦੀ ਹੈ ਤੇ ਸੱਤਾ ਦੇ ਜੈਂਡਰ ਮੁਕਤ ਕਿਰਦਾਰ ਦੀਆਂ ਪਰਤਾਂ ਉਘਾੜ ਦਿੰਦੀ ਹੈ। ਡੇਰਾ ਸੰਸਕ੍ਰਿਤੀ ਦੇ ਵਿਸੰਗਤੀ ਭਰੇ ਕਿਰਦਾਰ ਸਮੇਤ ਨਰ ਨਾਰੀ ਦੇ ਅਸਤਿਤਵ ਨਾਲ ਜੁੜੇ ਦਾਰਸ਼ਨਿਕ ਮੁੱਦੇ ਉਸਦੀ ਕਹਾਣੀ ਵਿੱਚ ਉਭਰਵੇਂ ਰੂਪ ਵਿੱਚ ਪੇਸ਼ ਹੋਏ ਹੁੰਦੇ ਰਹੇ ਹਨ। 2017 ਵਿੱਚ ਉਸਨੇ 'ਸਿੰਗਲ ਮਾਲਟ ਸੁਰਖ ਨਹੀਂ ਹੁੰਦੀ' ਕਹਾਣੀ ਲਿਖ ਕੇ ਜੰਮੂ ਕਸ਼ਮੀਰ ਵਿੱਚ ਸਰਕਾਰੀ ਤੇ ਮੂਲਵਾਦੀ ਤਾਕਤਾਂ ਦੀ ਚੱਕੀ ਵਿੱਚ ਪਿਸਦੀ ਲੋਕਾਈ ਦੇ ਦਰਦ ਨੂੰ ਬਹੁਤ ਮਾਰਮਿਕਤਾ ਨਾਲ ਪੇਸ਼ ਕੀਤਾ ਹੈ। ਬਲਵਿੰਦਰ ਦੀ ਕਹਾਣੀ 'ਲਹੂ ਲੁਹਾਣ' ਵੀ ਕਸ਼ਮੀਰ ਸੰਕਟ ਦੇ ਦਹਿਸ਼ਤੀ ਦਾਬੇ ਹੇਠ ਪਿਸਦੇ ਮੁਹੱਬਤੀ ਸਰੋਕਾਰਾਂ ਨੂੰ ਖ਼ੂਬਸੂਰਤ ਕਥਾ ਵੇਰਵਿਆਂ ਨਾਲ ਪੇਸ਼ ਕਰਦੀ ਹੈ। ਸੋਸ਼ਲ ਮੀਡੀਆ ਦੇ ਪ੍ਰਭਾਵ ਅਧੀਨ ਉੱਭਰਦੀਆਂ ਘਟਨਾਵਾਂ ਦੇ ਪ੍ਰਸੰਗ ਵਿੱਚ ਸਿਆਸੀ ਸੱਤਾ ਪ੍ਰਤੀ ਤੁਰੰਤ ਬਣਦੇ ਢਹਿੰਦੇ ਪ੍ਰਤੀਕਰਮਾਂ ਵੀ ਅਜਿਹੀ ਕਥਾ ਚੇਤਨਾ ਪੈਦਾ ਕਰ ਰਹੇ ਹਨ। ਇਸੇ ਲਹਿਜ਼ੇ ਵਿੱਚ ਭੁਪਿੰਦਰ ਫੌਜੀ ਦੀ ਕਹਾਣੀ ' ਕਿਸ ਮੌੜ 'ਤੇ' ਕਸ਼ਮੀਰ ਸੰਕਟ ਵਿੱਚ ਘਿਰੇ ਹਿੰਦੂਆਂ ਦੀ ਅਸਰੁੱਖਿਅਤ ਮਾਨਸਿਕਤਾ ਨੂੰ ਪ੍ਰਗਟਾਉਂਦੀ ਹੈ। ਦੀਪਤੀ ਬਬੂਟਾ ਦੀ ਕਹਾਣੀ 'ਭਗਵੇਂ ਬੱਦਲਾਂ ਵਿੱਚ ਘਿਰੇ ਸਿੰਗ' ਆਪਣੇ ਲੰਮੇ ਚੌੜੇ ਵਸਤੂ ਵੇਰਵਿਆਂ ਦੁਆਰਾ ਕੇਂਦਰ ਦੀ ਸੱਤਾਧਾਰੀ ਜਮਾਤ ਵੱਲੋਂ ਗਊ ਰੱਖਿਆ ਦੇ ਨਾਮ ਹੇਠ ਫੈਲਾਈ ਜਾਂਦੀ ਕਥਿਤ ਬੁਰਛਾਗਰਦੀ ਨੂੰ ਪੇਸ਼ ਕਰਦੀ ਹੈ।

ਵਰਤਮਾਨ ਦੇ ਭਖਦੇ ਮਸਲਿਆਂ ਵਿੱਚ ਕਰੋਨਾ ਕਾਲ ਤੋਂ ਪੈਦਾ ਸੰਕਟਾਂ ਨੂੰ ਸੱਤਾ ਸਿਆਸਤ ਅਤੇ ਕਾਰਪੋਰੇਟ ਸੈਕਟਰ ਦੀਆਂ ਮਨੁੱਖ ਮਾਰੂ ਨੀਤੀਆਂ ਵੱਲੋਂ ਸਾਮਰਾਜੀ ਤਾਕਤਾਂ ਦੇ ਹੋਰ ਵਿਸਥਾਰ ਲਈ ਵਰਤਣ ਦੇ ਕਥਾ ਬਿੰਬ ਕੇਸਰਾ ਰਾਮ ਦੀਆਂ ਕਹਾਣੀਆਂ ਵਿੱਚ ਪੇਸ਼ ਹਨ। ਉਸਦੀ ਕਹਾਣੀ ਆਪਣੇ ਭਾਸ਼ਣੀ ਅੰਦਾਜ਼ ਵਾਲੀ ਉੱਚੀ ਸੁਰ ਵਿੱਚ ਵਿਸ਼ਵੀਕਰਨ ਤੋਂ ਪੈਦਾ ਸਮਾਜਿਕ ਸਭਿਆਚਾਰਕ ਵਿਗਾੜਾਂ ਅਤੇ ਬੰਦੇ ਅੰਦਰਲੀ ਜਗੀਰੂ ਵਹਿਸ਼ਤ ਨੂੰ ਪੇਸ਼ ਕਰਨ ਵਿੱਚ ਡਟੀ ਹੋਈ ਹੈ। ਇਸ ਪ੍ਰਸੰਗ ਵਿੱਚ ਸਰੂਪ ਸਿਆਲਵੀ ਦੀਆਂ ਨਵੀਆਂ ਕਹਾਣੀਆਂ 'ਨਾਂਗੇਲੀ', 'ਕੱਟੀਆਂ ਜੀਭਾਂ ਵਾਲੇ' ਆਦਿ ਵਿੱਚ ਦੇਸ਼ ਅੰਦਰ ਸੱਤਾ 'ਤੇ ਕਾਬਜ਼ ਦੱਖਣਪੰਥੀ ਧਿਰਾਂ ਦੀ ਸ਼ਹਿ 'ਤੇ ਘੱਟ ਗਿਣਤੀ ਭਾਈਚਾਰੇ, ਦਲਿਤ ਔਰਤਾਂ ਅਤੇ ਕਬੀਲਾ ਸਮਾਜ ਨਾਲ ਹੋ ਰਹੀ ਬਰਬਰਤਾ ਨੂੰ ਮਿਥਿਹਾਸਕ, ਇਤਿਹਾਸਕ ਪ੍ਰਸੰਗਾਂ ਵਿੱਚ ਪੇਸ਼ ਕਰਨ ਵਾਲੀ ਕਥਾ ਦ੍ਰਿਸ਼ਟੀ ਭਾਰੂ ਹੈ। ਬਲਵਿੰਦਰ ਗਰੇਵਾਲ ਦੀ ਕਹਾਣੀ 'ਮਸਾਣ' ਵਿੱਚ ਇਤਿਹਾਸ, ਸੰਸਕ੍ਰਿਤੀ ਅਤੇ ਵਰਤਮਾਨ ਰਾਜਨੀਤੀ ਨਾਲ ਜੁੜੇ ਬਿਰਤਾਂਤ ਦੁਆਰਾ ਇਤਿਹਾਸ ਦੀਆਂ ਮਿੱਥਾਂ ਨਾਲ ਸੰਵਾਦ ਰਚਾ ਕੇ ਮੁੱਖ ਧਾਰਾ ਦੀ ਇਤਿਹਾਸਕਾਰੀ ਵਿੱਚ ਹਾਵੀ ਅਮਾਨਵੀ ਤੱਤਾਂ ਨੂੰ ਨਿਤਾਰਿਆ ਗਿਆ ਹੈ। ਜਮਨਾ ਦਾਸ ਦੀ ਦੁਵਿਧਾ ਦੇ ਮਾਧਿਅਮ ਦੁਆਰਾ ਲੇਖਕ ਸੱਤਾ ਅਤੇ ਧਰਮ ਦੇ ਨਾਪਾਕ ਗਠਜੋੜ ਵਿੱਚ ਪਿਸਦੀ ਲੋਕਾਈ ਦਾ ਰੁਦਨ ਪੇਸ਼ ਕਰਦਾ ਹੈ ਪਰ ਨਾਲ ਹੀ ਇਤਿਹਾਸ ਅੰਦਰ 'ਅਦਨੇ' ਮਨੁੱਖ ਦੀ 'ਵਿਸ਼ਾਲ' ਭੂਮਿਕਾ ਨੂੰ ਵੀ ਜਾਹਿਰ ਕਰ ਦਿੰਦਾ ਹੈ। ਇਹ ਕਹਾਣੀਆਂ ਆਗੂਆਂ ਦੀ ਅਵਸਰਵਾਦੀ ਰਾਜਨੀਤੀ, ਸਿਆਸਤ ਦੇ ਧਾਰਮਿਕ ਧਰੁਵੀਕਰਨ, ਸੱਤਾਧਾਰੀ ਜਮਾਤ ਦੀ ਕਰੂਰਤਾ ਨਾਲ ਪੈਦਾ ਮਨੁੱਖੀ ਦੁਸ਼ਵਾਰੀਆਂ ਨਾਲ ਭਰਪੂਰ ਹਨ। ਅਜਿਹੇ ਸਰੋਕਾਰਾਂ ਦੀ ਕਹਾਣੀ ਭਵਿੱਖ ਵਿੱਚ ਦੇਸ਼ ਦੇ ਰਾਜਸੀ-ਸਭਿਆਚਾਰਕ ਅਵਚੇਤਨ ਅਤੇ ਦਿਸਦੇ ਝੰਜੋੜਵੇਂ ਵਰਤਾਰਿਆਂ ਪਿੱਛਲੇ ਇਤਿਹਾਸਕ ਸੰਦਰਭ ਤਲਾਸ਼ਣ ਵੱਲ ਤੁਰ ਕੇ ਹੋਰ ਸੰਵਾਦੀ ਪ੍ਰਵਚਨ

ਸਿਰਜਣ ਦੇ ਸਮਰੱਥ ਬਣ ਸਕਦੀ ਹੈ। ਇਤਿਹਾਸ ਅਤੇ ਸਿਆਸੀ ਚੇਤਨਾ ਦੀ ਮਿੱਸ ਵਾਲੀ ਅਜਿਹੀ ਕਹਾਣੀ ਸੱਤਾ ਦੀ ਤਾਬਿਆ ਬੈਠੀ ਮੁੱਖ ਧਾਰਾ ਦੀ ਇਤਿਹਾਸਕਾਰੀ ਲਈ ਵੰਗਾਰਵਾਂ ਪ੍ਰਵਚਨ ਬਣ ਕੇ ਪੇਸ਼ ਹੋ ਰਹੀ ਹੈ। ਇਸ ਅੰਦਰ ਇਤਿਹਾਸ ਦੀ ਥਾਂ ਇਤਿਹਾਸ ਦੀ ਮਾਨਸਿਕਤਾ ਪੇਸ਼ ਹੁੰਦੀ ਹੈ ਜਿਸ ਕਰਕੇ ਅਜਿਹੀ ਕਹਾਣੀ ਵੱਖਰੇ ਕਥਾ ਸ਼ਾਸਤਰ ਦੀ ਜ਼ਾਮਨ ਹੁੰਦੀ ਹੈ।

ਮੌਜੂਦਾ ਕਹਾਣੀ ਦਾ ਇਕ ਪਾਸਾਰ ਇਸਦੇ ਵਿਚਾਰਧਾਰਕ ਨਿਸ਼ਚੇਵਾਦ ਤੋਂ ਮੁਕਤ ਹੋਣ ਵਿੱਚ ਹੈ। ਇਸ ਕਹਾਣੀ ਦੀ ਕਥਾਨਕਸਾਜ਼ੀ ਵਿੱਚ ਕਿਸੇ ਤੜਾਗੀਬੱਧ ਵਿਚਾਰ ਪੱਧਤੀ ਦਾ ਭਾਰੂ ਚਿਤਰਨ ਨਹੀਂ ਸਗੋਂ ਆਪਣੇ ਸਮਕਾਲੀ ਜੀਵਨ ਦਾ ਹਕੀਕਤ ਮੁੱਖੀ ਵਰਨਣ ਭਾਰੂ ਹੈ। ਇਸ ਪ੍ਰਸੰਗ ਵਿੱਚ ਕਈ ਲੇਖਕਾਂ ਨੇ ਆਪਣੀਆਂ ਕਹਾਣੀਆਂ ਦੀ ਝੰਜੋੜਵੀਂ ਕਥਾ ਵਸਤੂ ਅਤੇ ਅਨੂਠੇ ਸ਼ਿਲਪ ਪ੍ਰਬੰਧ ਦੁਆਰਾ ਸਮਾਜਿਕ ਯਥਾਰਥ ਪ੍ਰਤੀ ਨਿਰਪੱਖ, ਬਾਹਰਮੁੱਖੀ ਤੇ ਚਿੰਤਨੀ ਨੀਝ ਦਾ ਮਾਰਮਿਕ ਪ੍ਰਗਟਾਵਾ ਕੀਤਾ ਹੈ। ਇਹ ਕਹਾਣੀਆਂ ਲੀਹ ਤੋਂ ਪਰੇ ਹੱਟ ਕੇ ਪੰਜਾਬੀ ਕਥਾਕਾਰੀ ਨੂੰ ਨਵੇਂਪਣ ਦਾ ਅਹਿਸਾਸ ਦੇ ਰਹੀਆਂ ਹਨ। ਭਗਵੰਤ ਰਸੂਲਪੁਰੀ ਦੀ ਕਹਾਣੀ 'ਰਵੀ ਡਿਫੈਂਡਰ' ਫੁੱਟਬਾਲ ਖੇਡ ਦੀ ਦੁਨੀਆਂ ਵਿੱਚ ਚੱਲਦੀ ਸਿਆਸਤੀ ਦਖ਼ਲ ਅੰਦਾਜ਼ੀ, ਜਾਅਲਸਾਜ਼ੀਆਂ ਅਤੇ ਕੁਨਬਾਪ੍ਰਸਤੀ ਨਾਲ ਮੌਲਿਕ ਖੇਡ ਹੁਨਰ ਨੂੰ ਵੱਜਦੇ ਧੱਕੇ ਦਾ ਬਿਰਤਾਂਤ ਹੈ। ਅਜਿਹੀ ਬਿਰਤਾਂਤਕਾਰੀ ਦਾ ਬਦਲਵਾਂ ਰੂਪ ਕੁਲਬੀਰ ਬਡੇਸਰੋਂ (ਤੁਮ ਕਿਉ ਉਦਾਸ ਹੋ) ਅਤੇ ਬਲਜੀਤ ਸਿੰਘ ਰੈਣਾ (ਕਲਾਸ) ਦੇ ਕਥਾ ਸੰਸਾਰ ਵਿੱਚ ਹੈ ਜਿੱਥੇ ਅਦਾਕਾਰੀ ਦੀ ਚਕਾਚੌਂਧ ਭਰੀ ਦੁਨੀਆ ਵਿੱਚ ਹੁਨਰਮੰਦ ਕਲਾਕਾਰਾਂ ਦੀ ਗੁੰਮਨਾਮ ਵਿੱਥਿਆ ਸਮੇਤ ਇਸ ਚਮ-ਚਮ ਕਰਦੀ ਰੌਸ਼ਨ ਦੁਨੀਆ ਦੇ ਅੰਦਰਲੇ ਕੁਹਜ ਦਾ ਜੀਵੰਤ ਉਤਾਰਾ ਪੇਸ਼ ਹੈ। ਬਲੀਜੀਤ ਦੀ ਕਹਾਣੀ 'ਨੂਣ' ਵਿੱਚ ਦਲਿਤ ਜੀਵਨ ਯਥਾਰਥ ਦੇ ਖਰ੍ਹਵੇ ਤੇ ਖੁਰਦੁਰੇ ਸੱਚ ਦੀ ਤਹਿ ਹੇਠਾਂ ਲੁਕੇ ਮਾਨਵੀ ਪਾਸਾਰਾਂ ਨੂੰ ਪਸ਼ੂ ਪ੍ਰੇਮ ਦੇ ਝੰਜੋੜਵੇ ਪ੍ਰਸੰਗਾਂ ਵਿੱਚ ਪੇਸ਼ ਕੀਤਾ ਮਿਲਦਾ ਹੈ। ਇਨ ਾਂ ਹਾਸ਼ੀਅਤ ਪਾਤਰਾਂ ਦੇ ਖੰਡਿਤ, ਥੁੜ ਾਂ ਮਾਰੇ ਅਤੇ 'ਅਪਾਹਿਜ' ਜੀਵਨ ਨੂੰ 'ਸੱਭਿਅਕ' ਸਮਾਜਾਂ ਅੰਦਰ ਜਿਹੜੀ ਘਿਰਣਾ, ਨਫਰਤ ਤੇ ਜਹਾਲਤ ਮਿਲਦੀ ਹੈ ਉਸ ਨਾਲ ਦਿਸਦੀ ਜ਼ਿੰਦਗੀ ਪ੍ਰਤੀ ਖੁੰਦਕ ਇਨ ਾਂ ਪਾਤਰਾਂ ਦਾ ਸੁਭਾਅ ਦਾ ਹਿੱਸਾ ਬਣ ਜਾਂਦੀ ਹੈ। ਬਲੀਜੀਤ ਇਸ ਖੁੰਦਕ ਦੀ ਤਹਿ ਹੇਠਾਂ ਲੁਕੇ ਮਾਨਵੀ ਤੱਤਾਂ ਨੂੰ ਕੱਢ ਕੇ ਅਜਿਹੇ ਪਾਤਰਾਂ ਨੂੰ ਜੀਉਣਯੋਗ ਬਣਾ ਰਿਹਾ ਹੈ। ਪਾਕਿਸਤਾਨੀ ਪੰਜਾਬੀ ਕਹਾਣੀ ਵਿੱਚ ਸ਼ਹਿਜਾਦ ਅਸਲਮ (ਜੰਗਲ ਰਾਖੇ ਜੱਗ ਦੇ), ਸੱਯਦ ਅੰਜੁਮ ਖੋਖਰ (ਬੁਲਬੁਲ), ਇਜਾਜ (ਗੋਰਾਂ ਨਾਲ ਉਲ ਾਮੇ), ਨੈਣ ਸੁੱਖ (ਪੁਰੇ ਦੀ ਵਾਅ), ਅਲੀ ਉਸਮਾਨ ਬਾਜਵਾ (ਗੋਗੋ) ਆਦਿ ਕਹਾਣੀਆਂ ਰਵਾਇਤੀ ਕਥਾਕਾਰੀ ਦੇ ਪ੍ਰਤੀਕਮਈ ਲਹਿਜ਼ੇ ਤੋਂ ਪਰੇ ਹੋ ਕੇ ਵਸਤੂ ਯਥਾਰਥ ਦੀਆਂ ਵਿਸੰਗਤੀਆਂ ਨੂੰ ਭਾਸ਼ਾਈ ਸੁਹਜ ਨਾਲ ਅੰਕਿਤ ਕਰਨ ਦੇ ਰੁਝਾਨ ਕਾਇਮ ਕਰਦੀਆਂ ਹਨ।

ਪੰਜਾਬੀ ਵਸਤੂ ਜਗਤ ਦੀ ਪਰੰਪਰਕ ਬਿਰਤਾਂਤਕ ਲੋਕੇਲ ਨੂੰ ਛੱਡ ਕੇ ਨਵੀਆਂ ਧਰਤੀਆਂ ਨਾਲ ਜੁੜੀ ਮਾਨਵੀ ਚੇਤਨਾ ਨੂੰ ਰੂਪਮਾਨ ਕਰਨ ਪੱਖੋਂ ਕਈ ਕਹਾਣੀਕਾਰਾਂ ਨੇ ਖਾਸ ਭੂਮਿਕਾ ਨਿਭਾਈ ਹੈ। ਨਵਚੇਤਨ ਦੀ ਕਹਾਣੀ 'ਦਾਗ' ਵਿੱਚਲਾ ਪਾਤਰ ਮੀਰ ਸੰਧੂ ਆਪਣੀ ਪ੍ਰੇਮਿਕਾ ਜੈਸਿਕਾ ਨਾਲ ਮਨਮਰਜ਼ੀ ਦਾ ਵਿਆਹ ਕਰਵਾ ਕੇ ਦੇਸ਼ਾਂ ਦੇਸ਼ਾਂਤਰਾਂ ਦੀਆਂ ਹੱਦਾਂ ਤੋਂ ਪਾਰ ਫੈਲੀਆਂ ਜਾਤੀ/ਵੰਸ਼/ਨਸਲ/ਖੇਤਰ ਦੀਆਂ ਮਿੱਥਾਂ ਵਿੱਚ ਲੁਕੀ ਪਿੱਤਰੀ ਸੱਤਾ ਨਾਲ ਤਣਾਅ ਤੇ ਟਕਰਾਅ ਭੋਗਦਾ ਹੈ। ਅਜਮੇਰ ਸਿੱਧੂ ਦੀ ਕਹਾਣੀ 'ਗੜ੍ਹੀ ਪਠਾਣਾਂ' ਮਰਦਾਵੀਂ ਪਿੱਤਰ ਸੱਤਾ

ਵਿੱਚ ਔਰਤ ਦੇ ਦਮਿਤ ਹੋਏ ਅਵਚੇਤਨ ਨੂੰ ਇਸਲਾਮੀ ਪਿਛੋਕੜ ਵਾਲੀ ਸੰਸਕ੍ਰਿਤਕ ਚੇਤਨਾ ਵਿੱਚ ਪੇਸ਼ ਕੀਤਾ ਗਿਆ ਹੈ। ਔਰਤ ਆਪਣੀ ਹੋਂਦ ਪ੍ਰਤੀ ਅਨੇਕਾਂ ਮੁਹਾਜ਼ਾਂ 'ਤੇ ਜੰਗ ਲੜਦੀ ਹੈ ਜਿਸਦੇ ਬਾਰੀਕ ਵੇਰਵੇ ਪਾਤਰਾਂ ਦੇ ਵਿਹਾਰ ਵਿੱਚ ਸ਼ਾਮਿਲ ਹਨ। ਸਵਾਮੀ ਸਰਬਜੀਤ ਦੀ ਕਹਾਣੀ 'ਹਾਰਸ ਪਾਵਰ' ਪੁਰਸ਼ ਅੰਦਰ ਔਰਤ ਨੂੰ ਲੁਭਾਉਣ, ਜਿੱਤਣ ਅਤੇ ਕਾਬੂ ਕਰਨ ਨਾਲ ਜੁੜੀ 'ਪੁਰਸ਼ਾਰਥੀ' ਮਾਨਸਿਕਤਾ ਦਾ ਬਿਰਤਾਂਤ ਹੈ। ਭੁਪਿੰਦਰ ਸਿੰਘ ਮਾਨ ਦੀ ਕਹਾਣੀ 'ਇਕ ਮਜ਼ਾਰ ਹੋਰ' ਆਈਟੀ ਕੰਪਨੀਆਂ ਦੇ ਪੈਕਜੀ ਜਾਲ ਵਿੱਚ ਫਸ ਕੇ ਸਮਾਜਿਕਤਾ ਤੋਂ ਵਿਛੁੰਨੇ ਪਾਤਰ ਰਾਹੁਲ ਦੇ ਮਸ਼ੀਨੀ ਜੀਵਨ ਦੀ ਦਾਸਤਾਨ ਹੈ। ਸੈਕਸ, ਪੂੰਜੀ ਅਤੇ ਟਾਰਗੈਟ ਦੀਆਂ ਘੁੰਮਣਘੇਰੀਆਂ ਵਿੱਚ ਫਸੇ ਰਾਹੁਲ ਨੂੰ ਕਿਸੇ ਮਜ਼ਾਰ 'ਤੇ ਰਹਿੰਦੇ ਦੌਲੇ ਸ਼ਾਹ ਦੇ ਚੂਹਿਆਂ ਨਾਲ ਤੁਲਨਾ ਕੇ ਲੇਖਕ ਨੇ ਕਾਰਪੋਰੇਟ ਸੈਕਟਰ ਵੱਲੋਂ ਘੜੇ ਜਾ ਰਹੇ 'ਸਾਈਬਰ ਕੁਲੀਆਂ' ਦੀ ਦਾਸਤਾਨ ਪੇਸ਼ ਕੀਤੀ ਹੈ। ਹਰਮੇਸ਼ ਮਾਲੜੀ ਦੀ ਕਹਾਣੀ 'ਹੁਣ ਕੀ ਹੋਇਆ' ਵਿੱਚ ਸੰਤਾਲੀ ਦੇ ਉਜਾੜੇ ਦਾ ਸੰਤਾਪ ਭੁਗਤਣ ਵਾਲੇ ਮੁਸਲਿਮ ਪਾਤਰ ਚੌਧਰੀ ਅਸਲਮ ਨਿਆਜ਼ੀ ਦਾ ਆਪਣੀ ਹਵੇਲੀ ਤੋਂ ਟੁੱਟਣ ਦੀ ਵੇਦਨਾ ਤੋਂ ਲੈ ਕੇ ਵਰਤਮਾਨ ਪੰਜਾਬ ਵਿੱਚੋਂ ਉਸੇ ਹਵੇਲੀ ਵਿੱਚ ਰਹਿੰਦੇ ਰਫਿਊਜੀ ਸਿੱਖ ਪਰਿਵਾਰ ਦੀ ਅਗਲੀ ਪੀੜੀ ਦਾ ਕੈਨੇਡਾ ਪੁੱਜ ਕੇ ਆਪਣੀ ਜਨਮ ਭੂਮੀ ਤੋਂ ਟੁੱਟਣ ਦੇ ਵਿਗੋਚੇ ਨੂੰ ਪੇਸ਼ ਕੀਤਾ ਗਿਆ ਹੈ। ਬਲੀਜੀਤ ਫਿਰਕਾਪ੍ਰਸਤ ਢਾਣੀਆਂ ਦੇ ਹੱਥੇ ਚੜ੍ਹੇ ਪੰਜਾਬ ਦੀ ਕੱਟੀ ਵੱਢੀ ਅਤੇ ਤਰਾਸ਼ੀ ਹੋਂਦ ਨੂੰ ਆਪਣੀ ਕਹਾਣੀ ਦੇ ਇਕ ਪਾਤਰ ਦੇ ਸਿਰ ਦੇ ਖਿਲਰੇ, ਉਲਝੇ ਤੇ ਡਿਗਦੇ ਢਹਿੰਦੇ ਵਾਲਾਂ ਦੇ ਪ੍ਰਤੀਕਮਈ ਬਿਰਤਾਂਤ ਨਾਲ ਜੋੜ ਕੇ 'ਸਿਰ ਦੇ ਵਾਲ' ਕਹਾਣੀ ਵਿੱਚ ਕਥਾ ਸੰਚਾਰ ਦੀਆਂ ਨਵੀਂਆਂ ਧੁਨੀਆਂ ਉਦਘਾਟਿਤ ਕਰਦਾ ਹੈ।

ਕੁੱਲ ਮਿਲਾ ਕੇ ਪਿਛਲੇ ਕਰੀਬ ਅੱਠ ਦਸ ਸਾਲ ਤੋਂ ਲਿਖੀ ਜਾ ਰਹੀ ਪੰਜਾਬੀ ਕਹਾਣੀ ਦਾ ਉਭਰਵਾਂ ਪਹਿਲੂ ਇਹ ਹੈ ਕਿ ਇਸਨੇ ਹਰ ਤਰਾਂ ਦੇ ਕੇਂਦਰਵਾਦ ਤੋਂ ਨਾਬਰੀ ਅਖਤਿਆਰ ਕਰ ਰੱਖੀ ਹੈ ਅਤੇ ਇਸ ਅੰਦਰ ਵੰਨ ਸੁਵੰਨਤਾਵਾਂ ਦਾ ਰਾਜ ਹੈ। ਇਕਵੰਨਤਾ ਦੀ ਭਾਰੂ ਪ੍ਰਵਚਨਕਾਰੀ ਵਿੱਚ ਵੰਨ ਸੁਵੰਨਤਾ ਦੀ ਹੋਂਦ ਹੀ ਆਪਣੇ ਆਪ ਵਿੱਚ ਸਮਕਾਲੀ ਕਥਾ ਦਾ ਮੀਰੀ ਗੁਣ ਹੈ। ਇਸ ਕਹਾਣੀ ਨੇ ਵਸਤੂਗਤ ਯਥਾਰਥ ਦੇ ਨਵੇਂ ਵਸਤੂ ਸੰਦਰਭਾਂ ਨੂੰ ਉਲੀਕਣ ਪੱਖੋਂ ਕੁੱਝ ਪਹਿਲਕਦਮੀਆਂ ਕੀਤੀਆਂ ਹਨ। ਕਲਾ ਦੇ ਖੇਤਰ ਵਿੱਚ ਤਬਦੀਲੀਆਂ ਦਾ ਆਪਣਾ ਵਿਧੀ ਵਿਧਾਨ ਹੁੰਦਾ ਹੈ। ਚੌਥੇ ਪੜਾਅ ਦੀ ਕਹਾਣੀ ਨੇ ਜਿਸ ਕਿਸਮ ਦੀ ਜਟਿਲ ਸੰਰਚਨਾਕਾਰੀ, ਅਮੂਰਤਵਾਦ, ਗੁੰਝਲਦਾਰ ਜੀਵਨ ਯਥਾਰਥ ਦੀ ਟਾਕਰਵੇਂ ਕਥਾ ਬੋਧ ਵਿੱਚ ਪੇਸ਼ਕਾਰੀ ਸਮੇਤ ਇਤਿਹਾਸ, ਮਿਥਿਹਾਸ, ਲੋਕਧਾਰਾ, ਸੰਸਕ੍ਰਿਤੀ ਅਤੇ ਹੋਰ ਅਨੁਸ਼ਾਸਨਾਂ ਨਾਲ ਜੁੜੀ ਅੰਤਰ ਪਾਠ ਕਿਸਮ ਦੀ ਗਲਪਕਾਰੀ ਕੀਤੀ ਹੈ ਉਸਦੀ ਥਾਂ ਵਰਤਮਾਨ ਕਹਾਣੀ ਸਹਿਜ ਬਿਰਤਾਂਤ, ਲਕੀਰੀ ਕਥਾ ਚਿਤਰਨ ਦੁਆਰਾ ਨਿਰਪੱਖ ਕਥਾ ਦ੍ਰਿਸ਼ਟੀ ਨਾਲ ਜੁੜੇ ਗਲਪੀ ਬਿੰਬ ਉਸਾਰ ਰਹੀ ਹੈ। ਨਾਰੀ ਦਾ ਮਹਿਜ਼ ਕਾਮ ਕੇਂਦਰਿਤ ਬਿੰਬ ਟੁੱਟ ਰਿਹਾ ਹੈ, ਉਸਦੀ ਥਾਂ ਨਾਰੀਤਵ ਦੇ ਹੋਂਦਮੂਲਕ ਸਰੋਕਾਰ ਮਰਦ ਨਾਲ ਭਿੜਨ ਦੀ ਥਾਂ ਪਿੱਤਰੀ ਪ੍ਰਬੰਧ ਨਾਲ ਭਿੜ ਰਹੇ ਹਨ। ਇਸਦੇ ਨਾਲ ਮਰਦ ਨਾਲ ਵਿਰੋਧ ਦੀ ਥਾਂ ਸਮਨਵੈ ਤੇ ਚਿੰਤਾ ਦੀ ਥਾਂ ਚਿੰਤਨੀ ਪੁਜੀਸ਼ਨ ਵਿੱਚ ਪ੍ਰਗਟ ਹੋ ਰਹੇ ਹਨ। ਪਰਵਾਸ ਵਿੱਚ ਵੀ ਪੰਜਾਬੀ ਬੰਦੇ ਨੂੰ ਪਾਰ ਸਭਿਆਚਾਰਕ ਤੇ ਅੰਤਰ ਸਭਿਆਚਾਰਕ ਸਥਿਤੀਆਂ ਵਿੱਚ ਆਪਣੀ ਮੂਲ ਸਮਰੱਥਾ ਪਛਾਨਣ ਤੇ ਸਮਨਵੈ ਨਾਲ ਜੀਣ ਥੀਣ ਦੀ ਕਥਾ ਸੋਝੀ ਸਪਲੀਮੈਂਟ ਹੋ ਰਹੀ ਹੈ। ਮੱਧਵਰਗੀ ਜੀਵਨ ਦਾ ਦੰਭੀ, ਸਵੈ ਕੇਂਦਰਿਤ ਤੇ ਖਚਿਤ ਵਿਹਾਰ ਗੜਬੜੀ ਦੇ ਦੌਰ

ਵਿੱਚ ਚਿੰਤਨੀ, ਪ੍ਰਗਤੀਸ਼ੀਲ ਅਤੇ ਮਾਨਵ ਪੱਖੀ ਪਛਾਣ ਨਾਲ ਜੁੜ ਰਿਹਾ ਹੈ। ਛੋਟੀ ਕਿਸਾਨੀ/ ਮਜ਼ਦੂਰ/ ਦਲਿਤ ਤੇ ਹੋਰ ਦਮਿਤ ਧਿਰਾਂ ਦੇ ਨਿੱਕੇ ਨਿੱਕੇ ਮੂਕ ਕ੍ਰਾਂਤੀ ਵਾਲੇ ਕਥਾ ਅਕਸ ਪ੍ਰਗਟ ਹੋ ਰਹੇ ਹਨ। ਵਰਤਮਾਨ ਕਹਾਣੀ ਦਾ ਵੱਡਾ ਹਿੱਸਾ ਸੋਸ਼ਲ ਮੀਡੀਆ ਦੇ ਭ੍ਰਾਂਤੀ ਸੰਸਾਰ ਵਿੱਚ ਅਨੁਭਵ ਤੋਂ ਕੋਰਾ, ਉਲਾਰ, ਸੂਚਨਾ ਕੇਂਦਰਿਤ ਵਸਤੂ ਵੇਰਵੇ ਭਰਪੂਰ, ਭਾਸ਼ਣੀ ਸੁਰ ਵਾਲਾ, ਇਕਹਿਰਾ ਤੇ ਪੇਤਲੇ ਬਿਆਨ ਵਾਲਾ ਵੀ ਹੈ ਜਿੱਥੇ ਸਿਰਜਣਾ ਦਾ ਪ੍ਰਕਾਰਜ ਮਿਹਨਤ, ਖੋਜ ਅਤੇ ਅਧਿਐਨ ਤੋਂ ਕੋਰਾ ਹੈ। ਸੋਸ਼ਲ ਮੀਡੀਆ ਦੇ ਮੰਚ ਨੇ ਅਨੇਕਾਂ ਕਹਾਣੀਕਾਰਾਂ ਨੂੰ ਕਹਾਣੀਬਾਜ਼ ਵੀ ਬਣਾ ਦਿੱਤਾ ਹੈ ਜਿੱਥੇ ਪ੍ਰਗਟਾਵੇ ਦੀ ਸਹਿਜ ਤੇ ਸੁਹਜ ਭਰੀ ਭਾਵਨਾ ਦੀ ਥਾਂ ਵਿਸ਼ੇਸ਼ ਕਿਸਮ ਦੀ ਪ੍ਰਮੋਸ਼ਨੀ ਗੁੱਟਬੰਦੀ ਭਾਰੂ ਹੈ। ਕੁੱਲ ਮਿਲਾ ਕੇ ਕਲਾ ਦੇ ਖੇਤਰ ਦਾ ਵਰਤਾਰਾ ਜਿੱਥੇ ਲਗਾਤਾਰ ਗਤੀਵਾਨ ਹੁੰਦਾ ਹੈ ਉੱਥੇ ਹੀ ਇਹ ਕਦੇ ਵੀ ਸਰਬ ਕਲਾ ਸੰਪੂਰਨ ਨਹੀਂ ਹੁੰਦਾ। ਆਉਣ ਵਾਲੇ ਸਮੇਂ ਵਿੱਚ ਪੰਜਾਬੀ ਕਹਾਣੀ ਹੋਰ ਨਵੇਂ ਦਿੱਸਹੱਦਿਆਂ ਵੱਲ ਤੁਰਨ ਵਾਲੀ ਹੋਵੇਗੀ।

## ਵਰਤਮਾਨ ਪੰਜਾਬੀ ਕਹਾਣੀ: ਦ੍ਰਿਸ਼ ਅਤੇ ਦ੍ਰਿਸ਼ਟੀ: ਵਿਚਾਰ-ਚਰਚਾ

**ਡਾ. ਸ਼ਰਨਜੀਤ ਕੌਰ** - ਇਸ ਪਰਚੇ ਵਿਚੋਂ ਜੋ ਮੈਨੂੰ ਸਮਝ ਲੱਗੀ, ਇਹ ਪੰਜਾਬੀ ਕਹਾਣੀ ਦੀ ਵਿਕਾਸ ਗਤੀ ਦਾ ਇਤਿਹਾਸਕ ਲੇਖਾ-ਜੋਖਾ ਕਰਦਾ ਹੈ। ਵਰਤਮਾਨ ਕਹਾਣੀ ਦੀ ਗੱਲ ਕਰਦਿਆਂ ਵਿਦਵਾਨ ਆਲੋਚਕ ਨੇ ਕਹਾਣੀ ਦੀ ਰਚਨਾ ਦ੍ਰਿਸ਼ਟੀ ਤੋਂ ਕਹਾਣੀ ਦੇ ਪੜਾਵਾਂ ਦੀ ਗੱਲ ਕਰਦਿਆਂ ਕਿਹਾ ਹੈ ਕਿ ਕਹਾਣੀ ਜਦੋਂ ਇਕ ਪੜਾਅ ਤੋਂ ਦੂਜੇ ਪੜਾਅ ਵਿਚ ਦਾਖ਼ਲ ਹੁੰਦੀ ਹੈ ਤਾਂ ਏਥੇ ਹਰ ਪੜਾਅ ਦੇ ਸ਼ੁਰੂ ਹੋਣ ਜਾਂ ਖਤਮ ਹੋਣ ਦਾ ਕੋਈ ਨਿਰਧਾਰਤ ਪੈਰਾਡਈਮ ਨਹੀਂ ਹੁੰਦਾ ਸਗੋਂ ਹਰ ਪੜਾਅ ਦੂਜੇ ਪੜਾਅ ਤੋਂ ਆਪਣੀ ਰਚਨਾ ਦ੍ਰਿਸ਼ਟੀ ਦੇ ਕਰਕੇ ਵੱਖਰਾ ਹੁੰਦਾ ਹੈ। ਵੱਖ-ਵੱਖ ਕਹਾਣੀਆਂ ਦੇ ਹਵਾਲੇ ਰਾਹੀਂ ਵਰਤਮਾਨ ਕਹਾਣੀ ਦੇ ਕੁਝ ਪ੍ਰਮੁੱਖ ਨੁਕਤਿਆਂ ਨੂੰ ਇਸ ਪਰਚੇ ਵਿਚ ਬੜੀ ਖ਼ੂਬਸੂਰਤੀ ਨਾਲ ਉਘਾੜਿਆ ਗਿਆ ਹੈ, ਜਿੰਨ੍ਹਾਂ ਵਿਚ ਔਰਤ ਦੀ ਵਰਤਮਾਨ ਸਥਿਤੀ, ਸਾਡਾ ਰਿਸ਼ਤਾ-ਨਾਤਾ ਪ੍ਰਬੰਧ, ਕਿਸਾਨੀ, ਮੱਧ ਵਰਗੀ ਜੀਵਨ, ਦਲਿਤ ਜਾਂ ਦਮਿਤ ਮਸਲਿਆਂ ਦੀ ਨਿਸ਼ਾਨਦੇਹੀ ਹੁੰਦੀ ਹੈ। 1990 ਤੋਂ ਬਾਅਦ ਦੀ ਕਹਾਣੀ ਵਿਚ ਚੱਲ ਰਹੇ ਇਹਨਾਂ ਮਸਲਿਆਂ ਨੂੰ ਵਿਦਵਾਨ ਨੇ ਤੁਲਨਾਤਮਕ ਜ਼ਾਵੀਏ ਤੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਪਰਚੇ ਦਾ ਖ਼ਾਸਾ ਇਹ ਬਣਦਾ ਹੈ ਕਿ ਇਸ ਨਾਲ ਜੋ ਸਾਡੀ ਪੂਰਬਲੀ ਕਹਾਣੀ ਹੈ ਅਤੇ ਜੋ ਵਰਤਮਾਨ ਕਹਾਣੀ ਹੈ, ਇਸ ਦੇ ਕੁਝ ਨਿਖੜਵੇਂ ਪਹਿਲੂ ਵੀ ਸਾਡੇ ਸਾਹਮਣੇ ਸਪੱਸ਼ਟ ਹੁੰਦੇ ਹਨ। ਅਗਲੀ ਗੱਲ ਇਹ ਹੈ ਕਿ ਪਰਚੇ ਵਿਚਲਾ ਹਰ ਪੈਰ੍ਹਾ ਕਿਸੇ ਨਾ ਕਿਸੇ ਸਿਧਾਂਤਕ ਨੁਕਤੇ ਨਾਲ ਸ਼ੁਰੂ ਹੁੰਦਾ ਹੈ ਪਰ ਉਸ ਨੁਕਤੇ ਦਾ ਆਲਾ ਦੁਆਲਾ ਭਾਵ ਉਹ ਜਿਹੜਾ ਨਵਾਂ ਵਰਤਾਰਾ ਹੁਣ ਚੱਲ ਰਿਹਾ ਹੈ, ਕਹਾਣੀ ਵਿਚ ਉਸਦਾ ਕਾਰਨ-ਕਾਰਜੀ ਪ੍ਰਕਰਣ ਮੈਨੂੰ ਲੱਗਾ ਥੋੜ੍ਹਾ ਘੱਟ ਸਾਹਮਣੇ ਆਇਆ ਹੈ ਤੇ ਉਦਾਹਰਨਾ ਦੀ ਭਰਮਾਰ ਜਿਆਦਾ ਹੈ। ਨਿਰਸੰਦੇਹ ਕਿਸੇ ਵੀ ਗੱਲ ਦੀ ਪੁਸ਼ਟੀ ਜਾਂ ਪੁਖ਼ਤਗੀ ਲਈ ਉਦਾਹਰਨਾ ਵੀ ਜ਼ਰੂਰੀ ਹੁੰਦੀਆਂ ਹਨ ਪਰ ਨਿਰੀ ਵਿਆਖਿਆ ਤੋਂ ਵੀ ਬਚਣਾ ਚਾਹੀਦਾ ਹੈ। ਬਾਕੀ ਕੁੱਲ ਮਿਲਾ ਕੇ ਇਹ ਪਰਚਾ ਵਰਤਮਾਨ ਕਹਾਣੀ ਦੇ ਬਹੁਤ ਸਾਰੇ ਨੁਕਤਿਆਂ ਨੂੰ ਸਮਝਣ ਵਿਚ ਸਹਾਇਕ ਹੁੰਦਾ ਹੈ।

**ਡਾ. ਨਵਜੋਤ ਕੌਰ** - ਵੈਸੇ ਤਾਂ ਇਸ ਪਰਚੇ ਵਿਚ ਸਾਰੀ ਗੱਲ ਕਰ ਦਿੱਤੀ ਗਈ ਹੈ ਪਰ ਮੈਂ

ਮੁੱਖ ਤੌਰ ਤੇ ਚੌਥੇ ਪੜਾਅ ਦੀ ਕਹਾਣੀ ਖਾਸ ਕਰਕੇ ਔਰਤ ਕਹਾਣੀਕਾਰਾਂ ਦੇ ਪ੍ਰਸੰਗ ਵਿਚ ਗੱਲ ਕਰਾਂਗੀ। ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਕੋਈ ਦਸ ਕਹਾਣੀਆਂ ਪੜ੍ਹੀਏ ਤਾਂ ਅੱਠ ਕਹਾਣੀਆਂ ਅਜਿਹੀਆਂ ਹੋਣਗੀਆਂ ਜਿੰਨ੍ਹਾਂ ਵਿਚ ਔਰਤਾਂ ਨੂੰ ਓਪਰੇ ਮਰਦ ਦੇ ਪ੍ਰਸੰਗ ਵਿਚ ਦਿਖਾਇਆ/ ਪੇਸ਼ ਕੀਤਾ ਜਾਂਦਾ ਹੈ। ਜਦੋਂ ਪਹਿਲਾਂ ਮਰਦ ਕਹਾਣੀਕਾਰਾਂ ਵੱਲੋਂ ਔਰਤ ਨੂੰ ਇਵੇਂ ਚਿਤਰਿਆ ਜਾਂਦਾ ਸੀ ਤਾਂ ਬੜਾ ਕਿੰਤੂ ਪ੍ਰੰਤੂ ਕੀਤਾ ਜਾਂਦਾ ਸੀ ਕਿ ਕੀ ਔਰਤ ਦੀ ਆਜ਼ਾਦੀ ਸਿਰਫ ਬਾਹਰੀ ਮਰਦ ਨਾਲ ਵਿਚਰਣ ਕਰਕੇ ਜਾਂ ਸ਼ਰਾਬ ਪੀਣ ਵਿਚ ਹੀ ਰਹਿ ਗਈ ਹੈ ਜਾਂ ਔਰਤ ਦੀ ਆਜ਼ਾਦੀ ਦੇ ਅਰਥ ਕੋਈ ਹੋਰ ਹੋਣੇ ਚਾਹੀਦੇ ਹਨ। ਹੁਣ ਜਦੋਂ ਔਰਤ ਲੇਖਿਕਾਵਾਂ ਦੁਆਰਾ ਹੀ ਅਜਿਹੀ ਔਰਤ ਪੇਸ਼ ਕੀਤੀ ਜਾਂਦੀ ਹੈ ਤਾਂ ਫਿਰ ਏਥੇ ਗ਼ਲਤ ਕੌਣ ਹੈ। ਦੂਸਰਾ ਜਿਹੜੀਆਂ ਕਹਾਣੀਕਾਰਾ ਇਹ ਕਹਿ ਦਿੰਦੀਆਂ ਨੇ ਕਿ ਉਹ ਯਥਾਰਥ ਨੂੰ ਪੇਸ਼ ਕਰ ਰਹੀਆਂ ਨੇ, ਠੀਕ ਹੈ, ਯਥਾਰਥ ਨੂੰ ਪੇਸ਼ ਕਰਨਾ ਉਹਨਾਂ ਦਾ ਫਰਜ਼ ਹੈ ਪਰ ਔਰਤ ਨੂੰ ਇਕ ਸੁਚਾਰੂ ਰਾਹ ਦੇਣਾ ਵੀ ਇਕ ਲੇਖਕ ਦਾ ਫਰਜ਼ ਹੈ। ਮੈਨੂੰ ਲਗਦਾ ਹੈ ਕਿ ਇਸ ਪਰਚੇ ਵਿਚ ਇਸ ਗੱਲ ਤੇ ਵੀ ਕਿੰਤੂ ਹੈ ਕਿ ਜੇਕਰ ਔਰਤ ਕਹਾਣੀਕਾਰਾ ਏਦਾਂ ਦੀਆਂ ਔਰਤਾਂ ਨੂੰ ਪੇਸ਼ ਕਰ ਰਹੀਆਂ ਨੇ ਤਾਂ ਫਿਰ ਇਕ ਔਰਤ ਦੀ ਸਹੀ ਆਜ਼ਾਦੀ ਦੇ ਜੋ ਅਰਥ ਅਸਾਂ ਸਿਰਜਣੇ ਹਨ ਉਹ ਕਿਥੇ ਰਹਿ ਜਾਂਦੇ ਹਨ। ਮੈਨੂੰ ਲਗਦਾ ਇਸ ਨੁਕਤੇ ਤੇ ਵੀ ਇਸ ਪਰਚੇ ਵਿਚ ਗੱਲ ਹੋਣੀ ਚਾਹੀਦੀ ਸੀ।

**ਡਾ. ਮੁਨੀਸ਼ ਕੁਮਾਰ** - ਪਰਚੇ ਵਿਚੋਂ ਦੋ ਤਿੰਨ ਗੱਲਾਂ ਮੇਰੇ ਸਾਹਮਣੇ ਆਈਆਂ। ਪਹਿਲੀ ਗੱਲ ਇਹ ਕਿ ਪਰਚੇ ਵਿਚ ਕਿਹਾ ਗਿਆ ਕਿ ਨਾਰੀ ਚੇਤਨਾ ਦੇ ਚਿੰਤਨੀ ਸੁਭਾਅ ਦੀ ਪੇਸ਼ਕਾਰੀ ਪੰਜਾਬੀ ਕਹਾਣੀ ਕਰਦੀ ਹੈ, ਪਰ ਸੁਆਲ ਇਹ ਹੈ ਕਿ ਇਸ ਨਾਰੀ ਚੇਤਨਾ ਦੇ ਪਿੱਛੇ ਸਿਧਾਂਤ ਕਿਹੜਾ ਕੰਮ ਕਰ ਰਿਹਾ ਹੈ। ਕੀ ਸਮਾਜਵਾਦੀ ਨਾਰੀ ਚੇਤਨਾ ਕੰਮ ਕਰ ਰਹੀ ਹੈ? ਕੀ ਉੱਗਰਵਾਦੀ ਨਾਰੀ ਚੇਤਨਾ ਹੈ ਜਾਂ ਪੱਛਮ ਦੀ ਨਾਰੀ ਚੇਤਨਾ ਜੋ ਖੁੱਲ੍ਹੇ ਜਿਨਸੀ ਸੰਬੰਧਾਂ ਦੀ ਹਮਾਇਤ ਕਰਦੀ ਹੈ, ਅਤੇ ਕਹਿੰਦੀ ਹੈ ਕਿ ਸਾਨੂੰ ਆਜ਼ਾਦੀ ਚਾਹੀਦੀ ਹੈ। ਆਜ਼ਾਦੀ ਦਾ ਪੈਰਾਡਾਈਮ ਵੀ ਨਿਜੀ ਹੈ। ਕੀ ਇਹ ਸਿਧਾਂਤ ਪਿੱਛੇ ਕੰਮ ਕਰਦੇ ਹਨ, ਇਹਨਾਂ ਵੱਲ ਸਾਨੂੰ ਧਿਆਨ ਦੇਣਾ ਚਾਹੀਦਾ ਹੈ। ਅਗਲੀ ਗੱਲ ਇਹ ਕਿ ਪੰਜਾਬ ਵਿਚਲੇ ਦਲਿਤ ਅਤੇ ਦਮਿਤ ਧਿਰਾਂ ਦੀ ਗੱਲ ਤਾਂ ਪੰਜਾਬੀ ਕਹਾਣੀ ਕਰਦੀ ਹੈ ਪਰ ਪੰਜਾਬ ਵਿਚ ਕਬੀਲੇ ਵੀ ਵੱਸਦੇ ਪਏ ਆ। ਪੰਜਾਬੀ ਕਹਾਣੀ ਇਹਨਾਂ ਕਬੀਲਿਆਂ ਬਾਰੇ ਥੋੜ੍ਹੀ ਜਿਹੀ ਸ਼ਾਂਤ ਹੈ ਕੁਝ ਕੁ ਕਹਾਣੀਆਂ ਜਿਵੇਂ ਡਬੋਲੀਆ ਕਹਾਣੀ ਸਾਡੇ ਕੋਲ ਆਉਂਦੀ ਹੈ ਉਹ ਇਕ ਵੱਖਰੇ ਧਿਰ ਦੀ ਪੇਸ਼ਕਾਰੀ ਜਾਂ ਉਸਦਾ ਯਥਾਰਥ ਸਿਰਜਦੀ ਹੈ ਪਰ ਪੰਜਾਬ ਦੇ ਬਾਕੀ ਕਬੀਲਿਆਂ ਨੂੰ ਵੀ ਆਪਣੇ ਕਲਾਵੇ ਵਿਚ ਲੈਣ ਵੱਲ ਅਗਰਸਰ ਹੋਣੀ ਚਾਹੀਦੀ ਹੈ। ਇਸ ਗੱਲ ਦੇ ਸੰਕੇਤ ਇਸ ਪਰਚੇ ਵਿਚ ਨਹੀਂ ਮਿਲਦੇ।

ਤੀਸਰੀ ਗੱਲ ਇਹ ਕਿ ਪੰਜਾਬੀ ਕਹਾਣੀ ਦੀ ਵਰਤਮਾਨ ਭਾਸ਼ਾ ਕਿਹੜੀ ਹੈ ਕੀ ਇਹ ਸੱਤਾ ਦੀ ਭਾਸ਼ਾ ਹੈ? ਕੀ ਇਹ ਮੌਲਿਕ ਸਿਰਜਕ ਭਾਸ਼ਾ ਹੈ? ਕੀ ਇਹ ਕਿਸੇ ਹੋਰ ਵੱਲੋਂ ਥੋਪੀ ਹੋਈ ਭਾਸ਼ਾ ਹੈ? ਇਸ ਪਰਚੇ ਵਿਚ ਇਸ ਪੱਖ ਤੋਂ ਵੀ ਸ਼ਾਂਤੀ ਰਹੀ ਹੈ। ਧੰਨਵਾਦ

**ਡਾ. ਆਤਮ ਸਿੰਘ ਰੰਧਾਵਾ** - ਮੈਂ ਇਸ ਪਰਚੇ ਨੂੰ ਥੋੜ੍ਹਾ ਮੈਟਾ-ਆਲੋਚਨਾ ਦੇ ਐਂਗਲ ਤੋਂ ਵੇਖਣ ਦੀ ਕੋਸ਼ਿਸ਼ ਕਰਦਾ ਹਾਂ। ਇਹ ਪਰਚਾ ਕਹਾਣੀ ਦੇ ਉੱਪਰ ਲਿਖਿਆ ਹੋਇਆ ਹੈ। ਪਹਿਲੀ ਗੱਲ ਜਦੋਂ ਪੰਜਾਬੀ ਕਹਾਣੀ ਨੂੰ ਪੜਾਵਾਂ ਵਿਚ ਵੰਡ ਕੇ ਪੇਸ਼ ਕੀਤਾ ਜਾਂਦਾ ਹੈ, ਜਿਵੇਂ ਅਸੀਂ ਪੜ੍ਹਦੇ ਆਏ ਹਾਂ, ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਇਸਨੂੰ ਪਹਿਲੇ, ਦੂਜੇ ਜਾਂ ਤੀਸਰੇ

ਪੜਾਆਵਾਂ ਵਿਚ ਵੰਡਿਆ ਜਾਵੇ ਚੌਥੇ ਪੜਾਅ ਵਾਲੀ ਗੱਲ ਤਾਂ ਮੈਨੂੰ ਸਮਝ ਹੀ ਨਹੀਂ ਆਉਂਦੀ। ਮੈਂ ਨਿੱਜੀ ਤੌਰ ਤੇ ਇਸ ਨਾਲ ਇਤਫਾਕ ਰੱਖਦਾ ਹਾਂ ਕਿਉਂਕਿ ਸਾਡੇ ਸਮਾਜ ਵਿਚ ਵੱਡੀ ਗਿਣਤੀ ਵਿਚ ਲੇਖਕ/ਕਹਾਣੀਕਾਰ ਰਹਿ ਰਹੇ ਹਨ ਅਤੇ ਉਹ ਵੱਡੀ ਗਿਣਤੀ ਵਿਚ ਲਿਖਤਾਂ/ਕਹਾਣੀਆਂ ਲਿਖ ਰਹੇ ਹਨ। ਆਲੋਚਕ ਇਕ ਪੜਾਅ ਦੇ ਲੱਛਣ ਗਿਣ ਕੇ ਇਕ ਮਾਡਲ ਬਣਾ ਲੈਣ ਤੇ ਫਿਰ ਇਹਨਾਂ ਸਾਰੇ ਕਹਾਣੀਕਾਰਾਂ/ਲੇਖਕਾਂ ਨੂੰ ਉਸ ਮਾਡਲ ਵਿਚ ਫਿੱਟ ਕਰਕੇ ਕਹਿਣ ਕਿ ਇਹ ਚੌਥੇ ਪੜਾਅ ਦੀ ਕਹਾਣੀ ਹੈ, ਮੈਨੂੰ ਨਹੀਂ ਸਮਝ ਆਉਂਦੀ ਕਿ ਇੰਝ ਹੋ ਸਕਦਾ ਕਿ ਨਹੀਂ, ਇੰਝ ਹੁੰਦਾ ਹੀ ਨਹੀਂ ਹੈ।

ਦੂਜੀ ਗੱਲ ਜਿਸ ਤਰੀਕੇ ਨਾਲ ਇਸ ਪੇਪਰ ਵਿਚਲੇ ਪਹਿਲੇ ਨੌਂ ਸਫੇ ਪੜ੍ਹੇ ਗਏ ਹਨ ਜਿੰਨ੍ਹਾਂ ਵਿਚ ਕਹਾਣੀ ਦੇ ਸਿਧਾਂਤਕ ਪੱਖਾਂ ਬਾਰੇ ਗੱਲਾਂ ਕੀਤੀਆਂ ਗਈਆਂ ਹਨ। ਪੇਪਰ ਬੜੇ ਵਿਸਥਾਰ ਨਾਲ ਗੱਲ ਕਰਦਾ ਹੈ। ਕਹਾਣੀਆਂ ਦੀਆਂ ਉਦਾਹਰਣਾ ਲਗਾਤਾਰ ਹਨ ਉਸ ਵਿਚ ਧਾਰਨਾਵਾਂ ਤੇ ਧਾਰਨਾਵਾਂ ਦਿੱਤੀਆਂ ਗਈਆਂ ਸੀ ਕੁਝ ਕਹਾਣੀਆਂ ਨੂੰ ਜਦੋਂ ਅਗਲੀਆਂ ਕਹਾਣੀਆਂ ਨਾਲ ਜੋੜ ਕੇ ਵੇਖਦੇ ਹਾਂ ਤਾਂ ਉਹ ਸਵੈ-ਵਿਰੋਧੀ ਹਨ। ਫਿਰ ਮੇਰੀ ਉਹ ਗੱਲ ਆਗੀ ਕਿ ਕਿਹੜੇ ਮਾਡਲ ਦੀ ਗੱਲ ਹੈ ਜਿਸ ਮਾਡਲ ਵਿਚ ਚੌਥੇ ਪੜਾਅ ਦੀ ਗੱਲ ਕੀਤੀ ਹੈ ਉਸੇ ਵਿਚ ਕੰਟਰਾਡਿਕਟਰੀ ਗੱਲਾਂ ਆ ਰਹੀਆਂ ਹਨ, ਫਿੱਟ ਨਹੀਂ ਬੈਠ ਰਹੀਆਂ।

ਕਹਾਣੀਆਂ ਜਿੰਨੀਆਂ ਵੀ ਡਿਸਕਸ ਕੀਤੀਆਂ ਗਈਆਂ ਉਹ ਪਹਿਲੇ ਨੌਂ ਸਫਿਆਂ ਵਿਚ ਜੋ ਧਾਰਨਾਵਾਂ ਬਣਾ ਲਈਆਂ ਗਈਆਂ ਸਨ, ਉਹਨਾਂ ਵਿਚ ਥੋੜੀਆਂ ਥੋੜੀਆਂ ਫਿੱਟ ਕੀਤੀਆਂ ਗਈਆਂ ਹਨ। ਬਾਕੀ ਉਸ ਨਾਲ ਜਸਟੀਫੀਕੇਸ਼ਨ ਬਣਦੀ ਨਹੀਂ ਹੈ ਕੰਟਰਾਡਿਕਸ਼ਨ ਜਰੂਰ ਸਾਹਮਣੇ ਆਉਂਦੀ ਹੈ। ਬਾਕੀ ਆਲੋਚਨਾ ਦਾ ਜੋ ਮੂਡ ਬਦਲਿਆ ਹੈ, ਜਿਹੜੀ ਨੇਚਰ ਬਦਲੀ ਹੈ, ਜਿਵੇਂ ਅਸੀਂ ਕਹਿੰਦੇ ਹਾਂ ਕਿ ਕਹਾਣੀ ਵਿਕੇਂਦਿਰਤਾ ਵੱਲ ਚੱਲ ਰਹੀ ਹੈ। ਇਕ ਚੀਜ਼ ਨੂੰ ਵੇਖਣ ਦੇ ਬਹੁਤ ਸਾਰੇ ਰਸਤੇ ਆ, ਹੁਣ ਉਹ ਸਾਹਮਣੇ ਆ ਰਹੀ ਆ। ਆਲੋਚਨਾ ਵਿਚ ਵੀ ਆ ਰਹੀ ਹੈ। ਇਹ ਆਲੋਚਨਾ ਟਰਡੀਸ਼ਨਲ ਆਲੋਚਨਾ ਨਾਲੋਂ ਵੱਖਰੀ ਹੈ ਭਾਵੇਂ ਇਸ ਵਿਚ ਅਜੇ ਕੰਟਰਾਡਿਕਸ਼ਨ ਆ ਰਹੀਆਂ ਹਨ, ਹੌਲੀ ਹੌਲੀ ਨਿੱਤਰ ਕੇ ਸਾਹਮਣੇ ਆਵੇਗੀ।

**ਡਾ. ਜਨਮੀਤ** - ਜਿਵੇਂ ਡਾ. ਰੰਧਾਵਾ ਨੇ ਕਿਹਾ ਕਿ ਪੰਜਾਬੀ ਕਹਾਣੀ ਦੇ ਚਾਰ ਪੜਾਵਾਂ ਬਾਰੇ ਉਹਨਾਂ ਨੂੰ ਸਮਝ ਨਹੀਂ ਆਈ, ਮੈਨੂੰ ਵੀ ਸਮਝ ਨਹੀਂ ਆਈ। ਮੈਨੂੰ ਲਗਦਾ ਨਵੇਂ ਆਲੋਚਕਾਂ ਨੇ ਬੱਚਿਆਂ ਨੂੰ ਪੜ੍ਹਾਉਣ ਲਈ ਜਾਂ ਆਲੋਚਨਾ ਕਰਨ ਲਈ ਜਾਂ ਸੈਮੀਨਾਰ ਕਰਨ ਲਈ, ਗੋਸ਼ਟੀਆਂ ਕਰਨ ਲਈ ਇਕ ਮਾਡਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕਹਾਣੀ ਨੂੰ ਚਾਰ ਪੜਾਵਾਂ ਵਿਚ ਵੰਡ ਕੇ ਵੇਖ ਲਿਆ। ਦਰਅਸਲ ਸਿਧਾਂਤਕ ਤੌਰ ਤੇ ਜਦੋਂ ਅਸੀਂ ਸਾਹਿਤ ਨੂੰ ਵੰਡਦੇ ਆਂ ਇਸ ਦੀ ਜਦੋਂ ਅਸੀਂ ਕਾਲ-ਵੰਡ ਕਰਦੇ ਹਾਂ ਤਾਂ ਉਹ ਕਾਲ ਏਡਾ ਛੋਟਾ ਨਹੀਂ ਹੋ ਸਕਦਾ। ਕਹਾਣੀ ਦੀ ਉਮਰ ਅਜੇ ਕਿੰਨੀ ਕੁ ਹੈ। ਸੌ ਸਾਲ ਦੀ ਵੀ ਪੂਰੀ ਨਹੀਂ ਹੋਈ। ਜੇ ਇਸ ਨੂੰ ਅਸੀਂ 25-25 ਸਾਲਾਂ ਵਿਚ ਲੇਖਕਾਂ ਦੀ ਉਮਰ ਅਨੁਸਾਰ ਜਾਂ ਮਰ ਚੁੱਕੇ ਲੇਖਕਾਂ ਦੀ ਉਮਰ ਨਾਲ ਮੇਲ ਕੇ ਬਣਾਈਏ ਇਹ ਵੰਡ ਜਾਇਜ਼ ਨਹੀਂ ਹੈ। ਇਵੇਂ ਹੀ ਇਕ ਹੋਰ ਵੰਡ ਅਸੀਂ ਕਰਦੇ ਹਾਂ ਪਰਵਾਸੀ ਕਹਾਣੀ, ਫਿਰ ਕੱਲ ਨੂੰ ਅਸੀਂ ਕਹਾਂਗੇ ਅਮਰੀਕੀ ਪਰਵਾਸੀ ਪੰਜਾਬੀ ਕਹਾਣੀ, ਕੈਨੇਡਾ ਦੇ ਪਰਵਾਸੀਆਂ ਦੀ ਕਹਾਣੀ। ਫਿਰ ਜਿਵੇਂ ਕਹਿ ਦਿੰਦੇ ਹਾਂ ਕਿ ਇਹਨਾ ਦੀਆਂ ਸਮੱਸਿਆਵਾਂ ਵੱਖਰੀਆਂ ਵੱਖਰੀਆਂ ਹਨ। ਫਿਰ ਜਿਵੇਂ ਇਸ ਪੇਪਰ ਵਿਚ ਗੱਲ ਆਈ ਆ ਨਾ ਕਿ ਜ਼ਿੰਦਗੀ

ਬੜੀ ਗੁੰਝਲਦਾਰ ਹੋ ਗਈ ਹੈ, ਇਸ ਵਿਚ ਵੰਨ-ਸੁਵੰਨਤਾ ਆ ਗਈ ਹੈ। ਮੈਨੂੰ ਲਗਦਾ ਕਿ ਆਲੋਚਕਾਂ ਨੂੰ ਇਹ ਗੱਲ ਸਮਝ ਨਹੀਂ ਆ ਰਹੀ ਕਿ ਏਨੀ ਜਲਦੀ ਇਕ ਮਾਡਲ ਬਣਾਉਣ ਦੀ ਬਜਾਇ ਜਿਹੜੀ ਅੱਜ ਦੀ ਸਮੁੱਚੀ ਕਹਾਣੀ ਹੈ, ਕਿਉਂਕਿ ਅੱਜ ਕਹਾਣੀ ਤਾਂ ਬਹੁਤ ਲੋਕ ਲਿਖ ਰਹੇ ਹਨ। ਉਹ ਵੱਖ ਵੱਖ ਪਿੱਠਭੂਮੀ ਵਿਚੋਂ ਆ ਰਹੇ ਹਨ ਕੁਝ ਪੇਂਡੂ ਪਿੱਠਭੂਮੀ ਵਿਚੋਂ ਆ ਰਹੇ ਹਨ ਕੁਝ ਸ਼ਹਿਰੀ ਪਿੱਠਭੂਮੀ ਵਿਚੋਂ ਆ ਰਹੇ ਹਨ, ਉਹਨਾਂ ਦੇ ਆਪਣੇ ਐਕਸਪੋਜ਼ਰ ਜਿਹੜੇ ਵੱਖਰੇ ਵੱਖਰੇ ਹੈਗੇ ਆ ਇਸ ਕਰਕੇ ਸਾਡੇ ਆਲੋਚਕਾਂ ਨੂੰ ਅਜੇ ਜਲਦਬਾਜ਼ੀ ਨਹੀਂ ਕਰਨੀ ਚਾਹੀਦੀ।

ਆਹ ਜਿਹੜੇ ਕਾਲਜਾਂ ਯੂਨੀਵਰਸਿਟੀਆਂ ਵਿਚ ਪੜ੍ਹਾ ਰਹੇ ਆ ਉਹਨਾਂ ਨੂੰ ਇੰਜ ਕਰਨਾ ਪੈਂਦਾ। ਹੋ ਸਕਦਾ ਵਿਦਿਆਰਥੀਆਂ ਨੂੰ ਪ੍ਰਸ਼ਨ-ਪੱਤਰ ਈ ਏਦਾਂ ਦੇ ਆਉਂਦੇ ਹੋਣ ਐਮ. ਏ. ਵਾਲਿਆਂ ਨੂੰ, ਪਰ ਮੈਂ ਸਮਝਦਾ ਹਾਂ ਕਿ ਮੁੱਖ ਤੌਰ ਤੇ ਇਹ ਬੜੀ ਜਲਦਬਾਜ਼ੀ ਆ ਕਿ ਕਹਾਣੀ ਦੀ ਵੱਖਰੇ ਤੌਰ ਤੇ ਕਾਲ-ਵੰਡ ਕਰ ਦਿੱਤੀ ਜਾਵੇ। ਸੋ ਸਾਨੂੰ ਇਸ ਤੋਂ ਬਚਣਾ ਚਾਹੀਦਾ ਹੈ।

ਮੈਂ ਇਸ ਕਾਲ-ਵੰਡ ਨੂੰ ਜੇ. ਬੀ. ਸੇਖੋਂ ਦੇ ਮੂੰਹੋਂ ਵਾਰ ਵਾਰ ਸੁਣਿਆ ਹੈ ਕਿ ਪੰਜਾਬੀ ਕਹਾਣੀ ਦਾ ਆਹ ਤੀਜਾ ਪੜਾਅ, ਆਹ ਚੌਥਾ ਪੜਾਅ ਹੈ। ਇਸ ਨਾਲ ਕਹਾਣੀਕਾਰ ਵੀ ਖੁਸ਼ ਹੋ ਜਾਂਦੇ ਨੇ ਕਿ ਉਹਨਾਂ ਦੀਆਂ ਕਹਾਣੀਆਂ ਨੂੰ ਇਕ ਵਿਸ਼ੇਸ਼ ਸਿਚੁਏਸ਼ਨ ਵਿਚ ਰੱਖ ਕੇ ਪੜ੍ਹਿਆ ਵਾਚਿਆ ਜਾ ਰਿਹਾ ਹੈ। ਬਾਕੀ ਕਹਾਣੀਆਂ ਬਦਲ ਗਈਆਂ, ਸਮੱਸਿਆਵਾਂ ਬਦਲ ਗਈਆਂ, ਗੁੰਝਲਦਾਰ ਹੋ ਗਈਆਂ, ਜ਼ਿੰਦਗੀ ਤੇਜ਼ ਤੇ ਗੁੰਝਲਦਾਰ ਹੋ ਗਈ ਇਸ ਬਾਰੇ ਕਲੈਰਿਟੀ ਹੋਣੀ ਚਾਹੀਦੀ ਹੈ ਕਿ ਜ਼ਿੰਦਗੀ ਕਦੇ ਵੀ ਗੁੰਝਲ-ਰਹਿਤ ਨਹੀਂ ਸੀ ਹੁੰਦੀ। ਪਹਿਲਾਂ ਸਗੋਂ ਜਿਆਦਾ ਗੁੰਝਲਾਂ ਹੋਣਗੀਆਂ। ਰਾਜਾਸ਼ਾਹੀ ਵਿਚ ਜਿਆਦਾ ਗੁੰਝਲਾਂ ਹੁੰਦੀਆਂ ਸੀ। ਲੋਕਤੰਤਰ ਵਿਚ ਗੁੰਝਲਾਂ ਦੀ ਸ਼ੇਪ ਬਦਲ ਸਕਦੀ ਹੈ, ਉਹਨਾਂ ਦਾ ਰੂਪ ਬਦਲ ਸਕਦਾ ਹੈ ਲੇਕਿਨ ਮਾਨਸਿਕ ਗੁੰਝਲਾਂ ਤਾਂ ਉਹੀ ਨੇ ਜਿਵੇਂ ਕਹਾਣੀ 'ਮੁਰਦੇ ਦੀ ਤਾਕਤ', 'ਦੁੱਧ ਦਾ ਛੱਪੜ' ਵੇਖੋ ਜਿੱਥੇ ਬੰਦਾ ਕਿਸੇ ਨੂੰ ਦੱਸਦਾ ਈ ਨਹੀਂ ਕਿ ਦੁੱਧ ਕਿਵੇਂ ਡੁੱਲਿਆ।

ਸੋ ਮੈਨੂੰ ਇਸ ਤਰ੍ਹਾਂ ਵੀ ਲਗਦਾ ਕਿ ਵੱਖ-ਵੱਖ ਤੇ ਜ਼ਿਆਦਾ ਕਹਾਣੀਕਾਰ ਹੋਣ ਕਰਕੇ ਵੀ ਇਸ ਸਮੇਂ ਕਹਾਣੀਆਂ ਹੀ ਜ਼ਿਆਦਾ ਛਪ ਰਹੀਆਂ ਨੇ ਇਸ ਲਈ ਆਲੋਚਨਾ ਕਰਨ ਵਾਲਿਆਂ ਨੂੰ ਸਮੁੱਚਤਾ ਦੇ ਤੌਰ ਤੇ ਇਹਨਾਂ ਨੂੰ ਕੈਦ ਕਰਕੇ ਇਕ ਖਾਸ ਕਿਸਮ ਦਾ ਮਾਡਲ ਦੇਣ ਵਿਚ ਮੁਸ਼ਕਿਲ ਪੇਸ਼ ਆ ਰਹੀ ਹੈ। ਏਹੀ ਸਮੱਸਿਆ ਮੈਨੂੰ ਇਸ ਪਰਚੇ ਵਿਚੋਂ ਵੀ ਨਜ਼ਰ ਆ ਰਹੀ ਹੈ।

**ਆਗਾਜ਼ਬੀਰ** - ਮੈਂ ਪਰਚਾ ਸੁਣਿਆ ਹੈ, ਜੇ. ਬੀ. ਸੇਖੋਂ ਸਾਹਿਬ ਚੰਗੇ ਆਲੋਚਕ ਹਨ ਜੇ ਉਹ ਆਪ ਏਥੇ ਹਾਜ਼ਰ ਹੋ ਕੇ ਆਪਣਾ ਪਰਚਾ ਆਪ ਪੜ੍ਹਦੇ ਤਾਂ ਹੋਰ ਵੀ ਵਿਸਥਾਰ ਨਾਲ ਕੁਝ ਗੱਲਾਂ ਦੱਸ ਸਕਦੇ ਸਨ ਜਿਸ ਨਾਲ ਹੋਰ ਕਲੈਰਿਟੀ ਹੋਣੀ ਸੀ। ਮੈਂ ਜਿਵੇਂ ਆਪਣੀ ਨਿਗਾਹ ਤੋਂ ਵੇਖਿਆ ਹੈ ਪੇਪਰ ਦੇ ਅਖੀਰ ਤੇ ਜੋ ਸੁਝਾਅ ਦਿੱਤੇ ਗਏ ਹਨ ਉਹ ਬਹੁਤ ਮਹੱਤਵਪੂਰਨ ਹਨ। ਇਕ ਕਹਾਣੀਕਾਰ ਦੇ ਤੌਰ ਤੇ ਮੈਂ ਸਮਝਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਉਹਨਾਂ ਨੂੰ ਅਪਣਾਵਾਂਗੇ ਤਾਂ ਕਿ ਅਸੀਂ ਸਿੱਖ ਸਕੀਏ। ਬਾਕੀ ਸੇਖੋਂ ਦਾ ਕੰਮ ਵਧੀਆ ਹੈ ਉਹਨਾਂ ਨੇ ਕਹਾਣੀਆਂ ਰਾਹੀਂ ਚੰਗੇ ਨੁਕਤੇ ਦੱਸੇ ਹਨ ਜਿਸ ਨਾਲ ਪੰਜਾਬੀ ਕਹਾਣੀ ਵਿਕਾਸ ਕਰੇਗੀ।

**ਭੂਪਿੰਦਰ ਸਿੰਘ ਮਾਨ** - ਸੇਖੋਂ ਸਾਹਿਬ ਦਾ ਪਰਚਾ ਸੁਣਿਆ ਜਿੰਨ੍ਹਾਂ ਕੁ ਮੈਡਮ ਨੇ ਪੜ੍ਹਿਆ। ਅਸੀਂ ਤਾਂ ਕਹਾਣੀ ਦੇ ਖੇਤਰ ਵਿਚ ਸਿਖਾਂਦਰੂਆਂ ਵਾਂਗ ਪ੍ਰਵੇਸ਼ ਕੀਤਾ ਹੈ ਤੇ ਹੌਲੀ ਹੌਲੀ ਸਿੱਖ ਰਹੇ

ਹਾਂ।ਮੈਂ ਸਮਝਦਾਂ ਕਿ ਬੰਦੇ ਦਾ ਦ੍ਰਿਸ਼ਟੀਕੋਣ ਹੌਲੀ ਹੌਲੀ ਵਿਕਸਤ ਹੁੰਦਾ ਹੈ।ਉਸਦੀ ਵਿਚਾਰਧਾਰਾ ਬਣਦੀ ਹੈ, ਉਸੇ ਦ੍ਰਿਸ਼ਟੀਕੋਣ ਨਾਲ ਉਹ ਫਿਰ ਦੁਨੀਆਂ ਨੂੰ ਵੇਖਦਾ ਹੈ। ਕਹਾਣੀਕਾਰ ਉਸ ਆਪਣੇ ਵਿਕਸਿਤ ਦ੍ਰਿਸ਼ਟੀਕੋਣ ਅਨੁਸਾਰ ਕਹਾਣੀਆਂ ਲਿਖਦਾ ਹੈ, ਉਵੇਂ ਪੜ੍ਹਦਾ।ਉਵੇਂ ਕਹਾਣੀ ਦੇ ਬੀਜ ਉਸਦੇ ਮਨ ਵਿਚ ਵਿਕਸਿਤ ਹੁੰਦੇ ਹਨ।

ਜੋ ਨੁਕਤੇ ਆਲੋਚਕਾਂ ਨੇ ਦੱਸੇ ਹੁੰਦੇ ਹੁੰਦੇ ਹਨ ਉਹਨਾਂ ਨੂੰ ਸਮਝਣਾ ਵੀ ਹੁੰਦਾ ਪਰ ਨਾਲ ਹੀ ਕਹਾਣੀਕਾਰਾਂ ਨੇ ਆਪਣੀ ਮੌਲਿਕਤਾ ਨੂੰ ਵੀ ਬਚਾਕੇ ਰੱਖਣਾ ਹੁੰਦਾ ਹੈ ਤਾਂ ਕਿ ਉਹ ਮਕੈਨੀਕਲ ਨਾ ਹੋ ਜਾਣ, ਸੋ ਆਲੋਚਨਾ ਨਾਲ ਜਿੱਥੇ ਸਾਨੂੰ ਫਾਇਦਾ ਮਿਲਦਾ ਹੈ, ਉਤਸ਼ਾਹ ਮਿਲਦਾ ਹੈ ਕਿਤੇ ਨਾ ਕਿਤੇ ਕੁਝ ਸਿੱਖਣ ਨੂੰ ਵੀ ਮਿਲਦਾ ਹੈ ਪਰ ਨਾਲ ਹੀ ਚੇਤੰਨ ਹੋਣ ਦੀ ਲੋੜ ਹੁੰਦੀ ਹੈ ਕਿ ਆਲੋਚਨਾ ਦੇ ਪ੍ਰਭਾਵ ਹੇਠ ਆ ਕੇ ਅਸੀਂ ਆਪਣੀ ਮੌਲਿਕਤਾ ਨੂੰ ਹੀ ਨਾ ਗਵਾ ਲਈਏ।

ਸੋ ਪਰਚਾ ਸੁਣਿਆ ਵਧੀਆ ਲੱਗਾ ਮੈਂ ਡਾ. ਜਨਮੀਤ ਜੀ ਦੀ ਗੱਲ ਨਾਲ ਸਹਿਮਤ ਹਾਂ ਕਿ ਜਦੋਂ ਅਸੀਂ ਕਹਾਣੀ ਨੂੰ ਵਿਸ਼ਵ ਪੱਧਰ ਤੇ ਵੇਖਦੇ ਹਾਂ ਇਸ ਦਾ ਇਤਿਹਾਸ ਕੋਈ ਬਹੁਤ ਲੰਮਾ ਨਹੀਂ ਹੈ। ਚੰਗੀ ਕਹਾਣੀ ਕਿਸੇ ਵੀ ਸਮੇਂ ਵਿਚ ਪੜ੍ਹੀ ਜਾਵੇ ਜਾਂ ਲਿਖੀ ਜਾਵੇ ਉਸਨੂੰ ਇਕ ਸਮੁੱਚੇ ਰੂਪ ਵਿਚ ਹੀ ਵੇਖਣਾ ਚਾਹੀਦਾ ਹੈ ਛੋਟੇ ਛੋਟੇ ਕਾਲਾਂ ਵਿਚ ਨਹੀਂ ਵੰਡਣਾ ਚਾਹੀਦਾ। ਧੰਨਵਾਦ

**ਬਲਬੀਰ ਪਰਵਾਨਾ** - ਮੈਂ ਸਮਝਨਾ ਜੋ ਪੀੜ੍ਹੀਆਂ ਦੀ ਗੱਲ ਹੋਈ ਹੈ ਮੈਂ ਉਸ ਬਾਰੇ ਗੱਲ ਕਰਨੀ ਚਾਹੁੰਨਾ ਕਿ ਪੀੜੀਆਂ ਦੀ ਵੰਡ ਅਨੁਸਾਰ ਹੀ ਕੁਝ ਗੱਲਾਂ ਨੂੰ ਸਮਝਿਆ ਜਾ ਸਕਦਾ ਹੈ। ਜਿਵੇਂ ਮੈਂ ਅਤੇ ਮੇਰੇ ਬੇਟੇ ਦੀ, ਦੋਹਾਂ ਦੀ ਸਮਾਜ ਨੂੰ ਵੇਖਣ ਦੀ, ਸਮਝਣ ਦੀ ਅਤੇ ਉਨ੍ਹਾਂ ਨੇ ਸੁਪਨੇ ਵੱਖ-ਵੱਖ ਹੋਣਗੇ, ਉਹ ਕਿਵੇਂ ਵੇਖਦਾ ਸਮਝਦਾ। ਇਹ ਪੀੜੀਆਂ ਵਿਚ ਫਰਕ ਕਿਵੇਂ ਆ ਜਾਂਦਾ ਇਹ ਵੰਡ ਨੂੰ ਵੇਖ ਸਮਝ ਕੇ ਕਿਸੇ ਗੱਲ ਨੂੰ ਸਮਝਿਆ ਜਾ ਸਕਦਾ ਹੈ।ਮੈਂ ਬਚਪਨ ਵਿਚ ਵੇਖਿਆ ਸੀ ਕਿ ਨਵੀਂ ਵਿਆਹੀ ਵਹੁਟੀ ਮਹੀਨਾ ਮਹੀਨਾ ਘੁੰਡ ਨਹੀਂ ਸੀ ਚੁੱਕਦੀ। ਅੱਜ ਕੱਲ੍ਹ ਦੀਆਂ ਕੁੜੀਆਂ ਲਾਵਾਂ ਵੇਲੇ ਵੀ ਟਰਾਂਸਪੇਰੈਂਟ ਜਿਹੇ ਕੱਪੜੇ ਪਾ ਲੈਂਦੀਆਂ ਹਨ। ਸਲੀਵ ਲੈੱਸ ਕੱਪੜੇ ਪਹਿਨਦੀਆਂ ਹਨ। ਇਹ ਜੋ ਫਰਕ ਆਇਆ ਹੈ, ਇਸ ਨੂੰ ਪੀੜ੍ਹੀਆਂ ਦੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ। ਅੱਜ ਜਿਹੜੀ ਚੌਥੀ ਪੀੜ੍ਹੀ ਦੀ ਕਹਾਣੀ ਲਿਖੀ ਜਾ ਰਹੀ ਹੈ ਉਹ ਜਰੂਰੀ ਨਹੀਂ ਵਧੀਆ ਹੀ ਹੋਵੇ ਜਾਂ ਘਟੀਆ ਹੀ ਹੋਵੇ। ਹੋ ਸਕਦਾ ਪਹਿਲਾਂ ਕਹਾਣੀ ਘਟੀਆ ਲਿਖੀ ਜਾ ਰਹੀ ਹੋਵੇ ਜਾਂ ਹੁਣ ਮਾੜੀ ਲਿਖੀ ਜਾ ਰਹੀ ਹੋਵੇ ਅਸਲ ਵਿਚ ਕਹਾਣੀ ਪਿਛਲੇ ਚਿੰਤਨ ਨੂੰ ਸਮਝਣ ਲਈ ਪੀੜ੍ਹੀਆਂ ਦੇ ਫਰਕ ਨੂੰ ਸਮਝਣਾ ਜਰੂਰੀ ਹੈ ਤਾਂ ਜੋ ਫਰਕ ਨੂੰ ਸਹੀ ਢੰਗ ਨਾਲ ਸਮਝਿਆ ਜਾ ਸਕੇ।

ਸੇਖੋਂ ਦਾ ਪੇਪਰ ਚਾਹੀਦਾ ਤਾਂ ਸੀ ਕਿ ਅੱਜ ਦੀ ਕਹਾਣੀ ਤੇ ਕੇਂਦ੍ਰਿਤ ਹੁੰਦਾ ਜੋ ਨਵੇਂ ਮੁੰਡੇ ਲਿਖ ਰਹੇ ਹਨ ਇਹਨਾਂ ਕੋਲ ਕਿਹੜੇ ਨਵੇਂ ਸੁਪਨੇ ਹਨ, ਇਹ ਸੁਸਾਇਟੀ ਨੂੰ ਕਿਵੇਂ ਵੇਖ ਰਹੇ ਨੇ ਇਸ ਗੱਲ ਤੇ ਜਿਆਦਾ ਕੇਂਦ੍ਰਿਤ ਹੋਣਾ ਚਾਹੀਦਾ ਸੀ ਪਰ ਉਸਨੇ ਜਿਵੇਂ ਪਰੰਪਰਾ ਬਣੀ ਉਵੇਂ ਲਿਖ ਦਿੱਤਾ ਕੋਈ ਫਰਕ ਨਹੀਂ ਦਿਖਾਇਆ। ਧੰਨਵਾਦ

**ਡਾ. ਬਲਜੀਤ ਕੌਰ ਰਿਆੜ** - ਮੈਂ ਹੋ ਚੁਕੀਆਂ ਗੱਲਾਂ ਵਿਚੋਂ ਕੁਝ ਨਾਲ ਸਹਿਮਤ ਹਾਂ ਪਰ ਇਹ ਜੋ ਪੀੜੀਆਂ ਅਤੇ ਪੜਾਅ ਬਾਰੇ ਗੱਲਾਂ ਹੋ ਰਹੀਆਂ ਹਨ ਇਹਨਾਂ ਬਾਰੇ ਮੈਂ ਸੋਚਦੀ ਹਾਂ ਕਿ ਇਕ ਇਤਿਹਾਸਕ ਪਰਿਪੇਖ ਹੁੰਦਾ ਹੈ ਤੇ ਇਕ ਪ੍ਰਵਿਰਤੀਮੂਲਕ ਅਧਿਐਨ ਹੁੰਦਾ। ਜਿਹੜਾ ਅਸੀਂ ਪੜਾਵਾਂ ਵਿਚ ਵੰਡ ਕੇ ਵੇਖਦੇ ਹਾਂ ਇਸ ਦਾ ਕੋਈ ਸਪੈਸੀਫਿਕ ਮੌਡਲ ਕੀ ਆ ਇਸ ਬਾਰੇ ਸਾਨੂੰ

ਇਸ ਪੇਪਰ ਵਿਚੋਂ ਜਾਣਕਾਰੀ ਨਹੀਂ ਮਿਲੀ। ਕੁਝ ਗੱਲਾਂ ਦਾ ਜ਼ਿਕਰ ਕੀਤਾ ਹੈ ਪਰ ਇਸਨੂੰ ਨਿਖੇੜਨਾ ਬਹੁਤ ਔਖਾ ਹੈ।

ਅਗਲੀ ਮਹੱਤਵਪੂਰਨ ਗੱਲ ਜੋ ਪ੍ਰਵਾਨਾ ਸਾਹਿਬ ਨੇ ਕੀਤੀ ਮੈਨੂੰ ਇਹ ਲਗਦੀ ਹੈ ਕਿ ਜਿਵੇਂ ਰਵਾਇਤੀ ਤੌਰ ਤੇ ਅਸੀਂ ਪੇਪਰ ਲਿਖਦੇ ਤੇ ਪੜ੍ਹਦੇ ਆਏ ਹਾਂ ਇਹ ਪੇਪਰ ਵੀ ਉਸੇ ਕਿਸਮ ਦਾ ਹੈ ਪਰ ਵਰਤਮਾਨ ਕਹਾਣੀ ਦੀਆਂ ਕੀ ਸੰਭਾਵਨਾਵਾਂ ਨੇ, ਕੀ ਸੀਮਾਵਾਂ ਨੇ, ਕਿਥੇ ਪਹੁੰਚੀ ਹੈ, ਵਰਤਮਾਨ ਕਹਾਣੀ ਦੇ ਕਿਹੜੇ ਕਿਹੜੇ ਲੇਖਕਾਂ ਦਾ ਆਗਾਜ਼ ਹੋਇਆ ਹੈ ਕਿਸ ਕਿਸਮ ਦਾ ਉਹ ਲਿਖਦੇ ਨੇ ਇਸ ਪੱਖੋਂ ਮੈਨੂੰ ਉਕਾਈਆਂ ਨਜ਼ਰ ਆਈਆਂ ਤੀਸਰੀ ਗੱਲ ਇਹ ਕਿ ਇਸ ਪੇਪਰ ਵਿਚ ਵਿਸ਼ੇ ਦੇ ਪੱਖ ਤੋਂ ਵਿਚਾਰਧਾਰਾ ਦੇ ਪੱਖ ਤੋਂ ਤਾਂ ਗੱਲ ਕੀਤੀ ਗਈ ਹੈ ਪਰ ਸਟ?ਰੱਕਚਰ ਦੇ ਪੱਖ ਤੋਂ ਨਵੀਂ ਕਹਾਣੀ ਕਿਸ ਕਿਸਮ ਦੀ ਹੈ, ਇਸ ਬਾਰੇ ਗੱਲ ਕਰਨੀ ਬਣਦੀ ਸੀ ਕਿਉਂਕਿ ਜਦੋਂ ਅਸੀਂ ਵਰਤਮਾਨ ਕਹਾਣੀ ਦੀ ਗੱਲ ਕਰਦੇ ਹਾਂ ਤਾਂ ਉਸ ਕਹਾਣੀ ਦੀ ਅਸਥੈਟਿਕਸ, ਉਸ ਕਹਾਣੀ ਦੀ ਸੰਰਚਨਾ ਦੇ ਪੱਖ ਤੋਂ ਉਸਨੂੰ ਕਿਥੇ ਰੱਖਦੇ ਹਾਂ ਇਸ ਪੱਖ ਤੋਂ ਗੱਲ ਹੋਣੀ ਚਾਹੀਦੀ ਸੀ। ਬਾਕੀ ਮੈਨੂੰ ਇਕ ਹੋਰ ਗੱਲ ਮਹੱਤਵਪੂਰਨ ਲੱਗੀ ਕਿ ਜਿਹੜੇ ਲੇਖਕਾਂ ਦਾ ਪਹਿਲਾਂ ਜ਼ਿਕਰ ਹੋ ਜਾਂਦਾ ਹੈ ਕੁਝ ਸਪੈਸੀਫਿਕ ਅਤੇ ਪਾਪੂਲਰ ਰਾਈਟਰ ਜਿੰਨ੍ਹਾਂ ਦੀ ਗੱਲ ਪਹਿਲਾਂ ਹੋ ਜਾਂਦੀ ਉਨ੍ਹਾਂ ਦੀ ਗੱਲ ਪੇਪਰ ਵਿਚ ਬਾਰ ਬਾਰ ਕਰਦੇ ਹਾਂ। ਕੁਝ ਹੋਰ ਵੀ ਮਹੱਤਵਪੂਰਨ ਲੇਖਕ ਹੁੰਦੇ ਹਨ ਜਿੰਨ੍ਹਾਂ ਦਾ ਜ਼ਿਕਰ ਹੋ ਸਕਦਾ ਸੀ ਪਰ ਕੀਤਾ ਨਹੀਂ ਗਿਆ। ਧੰਨਵਾਦ

**ਡਾ. ਰਮਿੰਦਰ ਕੌਰ** - ਇਹ ਤਾਂ ਅਸੀਂ ਜਾਣਦੇ ਹਾਂ ਕਿ ਪੇਪਰ ਬਹੁਤ ਲੰਮਾ ਸੀ ਪਰ ਕਈ ਵਾਰ ਪੇਪਰ ਲਿਖਣ ਵੇਲੇ ਕਈ ਮਹੱਤਵਪੂਰਨ ਗੱਲਾਂ ਰਹਿ ਹੀ ਜਾਂਦੀਆਂ ਹਨ। ਕਿਸੇ ਖਾਸ ਗੱਲ ਤੇ ਜਿਆਦਾ ਅਕਸਪਲੇਨੇਸ਼ਨ ਹੋ ਜਾਂਦੀ ਹੈ ਤੇ ਕੁਝ ਖਾਸ ਗੱਲਾਂ ਡਿਸਕਸ ਕਰਨੋ ਰਹਿ ਜਾਂਦੀਆਂ ਹਨ। ਵਿਦਵਾਨ ਨੂੰ ਇਹ ਸੋਚ ਕੇ ਪੇਪਰ ਲਿਖਣਾ ਚਾਹੀਦਾ ਸੀ ਕਿ ਇਹ ਪੇਪਰ ਕਿਸ ਮਕਸਦ ਲਈ ਲਿਖਵਾਇਆ ਜਾ ਰਿਹਾ ਹੈ। ਜਾਂ ਕਿਸ ਜਰੂਰਤ ਲਈ ਭੇਜਿਆ ਜਾ ਰਿਹਾ ਹੈ। ਇਹ 26 ਸਫਿਆਂ ਦਾ ਪੇਪਰ ਇਵੇਂ ਹੈ ਜਿਵੇਂ ਕਹਾਣੀ ਦਾ ਬਹੁਤ ਲੰਮਾ ਇਤਿਹਾਸ ਪੇਸ਼ ਕਰਨਾ ਹੋਵੇ। ਉਹਨਾਂ ਨੂੰ ਪਤਾ ਸੀ ਕਿ ਪੇਪਰ ਪੜਿਆ ਜਾਣਾ ਹੈ ਇਸ ਲਈ ਉਹਨਾਂ ਨੂੰ ਸੰਖੇਪ ਵਿਚ ਭੇਜਣਾ ਚਾਹੀਦਾ ਸੀ ਜਦੋਂ ਕੋਈ ਦੂਸਰਾ ਬੰਦਾ ਸੰਖੇਪ ਕਰਦਾ ਹੈ ਤਾਂ ਉਹ ਨਾ ਮੂਲ ਲੇਖਕ ਵਾਂਗ ਸੰਖੇਪ ਕਰ ਸਕਦਾ ਨਾ ਉਵੇਂ ਪੇਸ਼ ਕਰ ਸਕਦਾ ਹੈ। ਉਹ ਬੜੇ ਸੁਲਝੇ ਅਤੇ ਮਚਿਉਰ ਬੰਦੇ ਨੇ ਉਹਨਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਸੀ। ਫਿਰ ਪਹਿਲਾਂ ਉਹ ਇਤਿਹਾਸ ਦੱਸਦੇ ਹਨ ਤੇ ਫਿਰ ਉਦਾਹਰਣਾ ਦੀ ਭਰਮਾਰ ਲਿਆ ਦਿੰਦੇ ਹਨ ਔਰ ਮੈਨੂੰ ਇੰਝ ਲਗਦਾ ਹੈ ਕਿ ਮੈਂ ਬਹੁਤੀਆਂ ਕਹਾਣੀਆਂ ਨਹੀਂ ਸੀ ਪੜੀਆਂ, ਮੈਂ ਇਕ ਕਹਾਣੀ ਦੀ ਉਦਾਹਰਣ ਦਿੰਦੀ ਹਾਂ ਦੀਪ ਦਵਿੰਦਰ ਦੀ ਕਹਾਣੀ 'ਤ੍ਰਿਕਾਲ ਸੰਧਿਆ' ਦਾ ਅਨੈਲੇਸਿਜ਼ ਠੀਕ ਨਹੀਂ ਹੈ। ਪੇਪਰ ਪੜ੍ਹ ਕੇ ਮੈਂ ਉਹ ਕਹਾਣੀ ਪੜ੍ਹੀ ਬੱਚੇ ਸ਼ੁਰੂ ਤੋਂ ਆਪਣੇ ਬਾਪ ਦੇ ਦੂਜੇ ਵਿਆਹ ਦਾ ਵਿਰੋਧ ਕਰਦੇ ਹਨ ਤੇ ਅਖੀਰ ਵਿਚ ਉਹ ਸੱਸ ਦੀ ਨਸੀਹਤ ਸੁਣ ਕੇ ਸਹਿਮਤ ਹੁੰਦੇ ਹਨ। ਇਸ ਪੇਪਰ ਵਿਚਲੀ ਉਦਾਹਰਣ ਤੋਂ ਸਪੱਸ਼ਟ ਨਹੀਂ ਹੁੰਦਾ ਕਿ ਸੱਸ ਨੇ ਨਸੀਹਤੀ ਬੋਲ ਕਿਸ ਨੂੰ ਕਹੇ, ਬੱਚਿਆਂ ਨੂੰ ਜਾਂ ਬੱਚਿਆਂ ਦੇ ਬਾਪ ਨੂੰ ਜੋ ਕਹਾਣੀ ਦਾ ਮੁੱਖ ਪਾਤਰ ਹੈ। ਅਜੇ ਮੈਂ ਸਿਰਫ ਜੇ. ਬੀ. ਸੇਖੋਂ ਦਾ ਇਕ ਹੀ ਅਨੈਲੇਸਿਜ਼ ਪੜਿਆ ਹੈ ਮੈਨੂੰ ਲਗਦਾ ਹੈ ਕਿ ਇਸ ਵਿਚ ਵੀ ਕਿਤੇ ਨਾ ਕਿਤੇ ਗੜਬੜ ਹੈ ਹਾਲਾਂਕਿ ਅਸੀਂ ਬਹੁਤ ਪੜ੍ਹਦੇ ਰਹਿੰਦੇ ਹਾਂ।

ਚਿੰਤਕ ਜਿਸ ਗੱਲ ਨੂੰ ਕਹਿ ਰਿਹਾ ਹੈ ਉਸਨੂੰ ਸਪੱਸ਼ਟ ਕਰਨਾ ਚਾਹੀਦਾ ਹੈ। ਜੋ ਮੁੱਖ ਮੁੱਦਾ ਹੈ ਉਸਨੂੰ ਦੋ ਤਿੰਨ ਉਦਾਹਰਣਾ ਨਾਲ ਸਪੱਸ਼ਟ ਕਰਨਾ ਚਾਹੀਦਾ ਹੈ ਇਸ ਕਰਕੇ ਇਸ ਪੇਪਰ ਵਿਚ ਪਰੌਬਲਮ ਹੈ।

**ਡਾ. ਕੁਲਵੰਤ ਸਿੰਘ** - ਕੁਝ ਗੱਲਾਂ ਰਮਿੰਦਰ ਨੇ ਕਰ ਦਿੱਤੀਆਂ ਹਨ ਮੈਨੂੰ ਲਗਦਾ ਸੀ ਕਿ ਇਹ ਜਿਹੜਾ ਪੇਪਰ ਹੈ ਇਸ ਲਈ ਅਸਾਂ ਉਹਨਾਂ ਨੂੰ ਪੰਜ ਕਹਾਣੀਆਂ ਭੇਜ ਕੇ ਕਿਹਾ ਸੀ ਕਿ ਜਿਹੜੀ ਪੰਜਾਬੀ ਵਿਚ ਹੁਣ ਬਿਲਕੁਲ ਨਵੀਂ ਕਹਾਣੀ ਲਿਖੀ ਜਾ ਰਹੀ ਹੈ ਉਸ ਦੇ ਪ੍ਰਸੰਗ ਵਿਚ ਲਿਖ ਕੇ ਸਾਨੂੰ ਭੇਜੇ ਪਰ ਉਹਨਾਂ ਨੇ ਆਪਣੀ ਸੌਖ ਪਸੰਦੀ ਲਈ ਜਿਹੜਾ ਪੇਪਰ ਉਹਨਾਂ ਕੋਲ ਤਿਆਰ ਸੀ, ਔਰ ਜਿਹੜਾ ਪੇਪਰ ਕਿਸੇ ਸੈਮੀਨਾਰ ਵਿਚ ਪੜ੍ਹਨ/ਬੋਲਣ ਲਈ ਨਹੀਂ ਸੀ ਲਿਖਿਆ ਗਿਆ ਸਗੋਂ ਕਿਤੇ ਛਪਣ ਲਈ ਲਿਖਿਆ ਗਿਆ ਸੀ, ਉਹੀ ਪੇਪਰ ਏਥੇ ਭੇਜਿਆ ਹੈ। ਇਹ ਠੀਕ ਹੈ ਕਿ ਅਜਿਹੇ ਪੇਪਰ ਲਈ ਏਨਾ ਪੜਨਾ ਨੈਚੁਰਲੀ ਔਖਾ ਹੁੰਦਾ ਹੈ ਪਰ ਇਸ ਪੇਪਰ ਦੇ ਪਹਿਲੇ 9 ਪੰਨਿਆਂ ਵਿਚ ਜੋ ਪੇਪਰ ਦੀ ਭੂਮਿਕਾ ਹਨ ਤੇ ਜਿੰਨ੍ਹਾਂ ਵਿਚ ਕਹਾਣੀ ਦੇ ਸਿਧਾਂਤਕ ਪੱਖਾਂ ਨੂੰ ਉਘਾੜਿਆ ਗਿਆ ਹੈ ਉਹ ਵਿਚ ਵੀ ਬਹੁਤ ਸਾਰੀਆਂ ਕੰਟਰਾਡਿਕਸ਼ਨਜ਼ ਹਨ। ਜਿਹੜੀਆਂ ਉਹਨਾਂ ਮਸਲਿਆਂ ਬਾਰੇ ਵੀ ਕੰਟਰਾਡਿਕਸ਼ਜ਼ ਹਨ। ਜੇਕਰ ਤੁਸੀਂ ਕਿਸੇ ਵਿਚਾਰਧਾਰਾ ਨੂੰ ਲੈ ਕੇ ਪੰਜਾਬੀ ਕਹਾਣੀ ਬਾਰੇ ਵਿਸ਼ਲੇਸ਼ਣ ਕਰੋਗੇ ਤਾਂ ਨਿਸ਼ਚੇ ਉਹ ਕੰਟਰਾਡਿਕਸ਼ਨਜ਼ ਉਸ ਵਿਚ ਵੀ ਆਉਣਗੀਆਂ। ਇਕ ਪਾਸੇ ਉਹ ਕਹਿ ਰਿਹਾ ਕਿ ਪੂੰਜੀਵਾਦ ਪਹਿਲਾਂ ਆਉਂਦਾ ਤੇ ਇੰਡਸਟਰੀ ਬਾਅਦ ਵਿਚ ਆਉਂਦੀ ਹੈ। ਇਹ ਆਪਣੇ ਆਪ ਵਿਚ ਹੀ ਬੜੀ ਵੱਡੀ ਕੰਟਰਾਡਿਕਸ਼ਨ ਹੈ। ਦੂਸਰੀ ਗੱਲ ਉਹ ਬਾਰ ਬਾਰ ਕਹਿੰਦਾ ਹੈ ਕਿ ਆਰਥਿਕ ਵਿਸ਼ਵੀਕਰਣ, ਵਿਸ਼ਵੀਕਰਣ ਤਾਂ ਮੈਨੂੰ ਲਗਦਾ ਆਪਣੇ ਆਪ ਵਿਚ ਇਕ ਪੈਕੇਜ ਹੈ ਆਰਥਿਕਤਾ ਤਾਂ ਇਕ ਹਿੱਸਾ ਹੈ। ਹੋਰ ਬਹੁਤ ਸਾਰੇ ਪੱਖ ਹਨ। ਆਰਥਿਕਤਾ ਇਕ ਫਲਸਫਾ ਹੈ ਜੋ ਤੁਹਾਡੀ ਜ਼ਿੰਦਗੀ ਨਾਲ ਜੁੜਿਆ ਹੁੰਦਾ ਹੈ।

ਅਗਲੀ ਗੱਲ ਪੇਪਰ ਵਿਚ ਜੋ 50-60 ਕਹਾਣੀਆਂ ਦੀਆਂ ਮਿਸਾਲਾਂ ਲਈਆਂ ਗਈਆਂ ਹਨ ਉਹਨਾਂ ਵਿਚ ਤਕਰੀਬਨ ਸਾਰੀਆਂ ਵਿਚ ਇੰਝ ਕਰਦੇ ਨੇ ਕਿ ਇਕ ਕਹਾਣੀ ਵਿਚ ਦੋ ਜਾਂ ਚਾਰ ਥੀਮ ਨੇ ਤੇ ਹੋ ਸਕਦਾ ਜੋ ਕਹਾਣੀ ਦਾ ਮੇਨ ਥੀਮ ਹੈ ਉਸਨੂੰ ਪਾਸੇ ਹੀ ਛੱਡ ਦੇਵੇ ਤੇ ਜਿਹੜਾ ਸਹਾਇਕ ਥੀਮ ਸਾਡੀ ਗੱਲ ਦੀ ਪ੍ਰੌੜਤਾ ਕਰਦਾ ਹੈ ਉਸਨੂੰ ਮਿਸਾਲ ਵਜੋਂ ਵਰਤ ਲਵੇ। ਇੰਝ ਅਸੀਂ ਕਹਾਣੀ ਦੀ ਸਮੁੱਚੀ ਰਚਨਾ ਦ੍ਰਿਸ਼ਟੀ ਅਤੇ ਕਹਾਣੀ ਦੇ ਸਮੁੱਚੇ ਸੁਭਾਅ ਨੂੰ ਵੀ ਬਦਲ ਦਿੰਦੇ ਹਾਂ। ਅਗਲੀ ਗੱਲ ਆਲੋਚਨਾ ਦੀ ਭਾਸ਼ਾ ਬਹੁਤ ਸੁਚੇਤ ਹੋ ਕੇ ਵਰਤਣ ਦੀ ਲੋੜ ਹੁੰਦੀ ਹੈ। ਡਬੋਲੀਆ ਕਹਾਣੀ ਵਿਚ ਇਕ ਸ਼ਬਦ ਵਰਤਿਆ ਹੈ ਕਿ ਜਦੋਂ ਅਸੀਂ ਪਹਿਲਾਂ ਹੀ ਮੰਨ ਲੈਂਦੇ ਹਾਂ ਕਿ ਇਹ ਪਾਤਰ ਇਸ ਕਿਸਮ ਦਾ ਹੈ ਅਸਲ ਵਿਚ ਡਬੋਲੀਆ ਕਹਾਣੀ ਇਕ ਵੱਡੇ ਦੁਖਾਂਤ ਨੂੰ ਪੇਸ਼ ਕਰਦੀ ਹੈ ਕਿ ਬੰਦਾ ਕਿਸ ਕਿਸਮ ਦੇ ਕੰਮਾਂ ਵਿਚੋਂ ਆਪਣਾ ਰੁਜ਼ਗਾਰ ਲੱਭ ਰਿਹਾ ਹੈ। ਲਾਸ਼ਾਂ ਕੱਢਣਦਾ ਬੰਦਾ ਆਪਣੇ ਹਿੱਤ ਲਈ ਸੋਚਦਾ ਹੈ ਕਿ ਅੱਜ ਕਿੰਨੀਆਂ ਲਾਸ਼ਾਂ ਮਿਲੀਆਂ ਹਨ। ਲਾਸ਼ਾਂ ਉਸ ਲਈ ਰੋਜਗਾਰ ਦਾ ਸਾਧਨ ਹਨ। ਇਹ ਕਹਾਣੀ ਮਨੁੱਖੀ ਦੁਖਾਂਤ ਨੂੰ ਪੇਸ਼ ਕਰਦੀ ਹੈ।

ਪਿਛਲੇ 10-15 ਸਾਲਾਂ ਦੀ ਕਹਾਣੀ ਵਿਚ ਇਕ ਵੱਡੀ ਸਮੱਸਿਆ ਇਹ ਰਹੀ ਹੈ ਕਿ ਉਹ ਕਹਾਣੀ ਕੋਹਲੂ ਦੇ ਬੈਲ ਵਾਂਗ ਵਿਸ਼ੇ ਅਤੇ ਕਲਾ ਪੱਖੋਂ ਇਕੋ ਥਾਂ ਘੁੰਮੀ ਜਾ ਰਹੀ ਹੈ। ਉਸ ਵਿਚ ਸਾਨੂੰ ਕੁਝ ਵੀ ਨਵਾਂ ਨਜ਼ਰ ਨਹੀਂ ਆਰਿਹਾ ਸੀ। ਪਰ ਮੈਨੂੰ ਲਗਦਾ ਹੁਣ ਪਿਛਲੇ ਦੋ ਤਿੰਨ ਸਾਲਾਂ ਵਿਚ ਉਸ ਖੜੋਤ ਨੂੰ ਤੋੜਿਆ ਜਾ ਰਿਹਾ ਹੈ। ਇਸ ਖੜੋਤ ਦੇ ਟੁੱਟਣ ਦੇ ਆਸਾਰ ਨਜ਼ਰ ਆ

ਰਹੇ ਹਨ। ਸਮੁੱਚੀ ਕਹਾਣੀ ਪੜ੍ਹਦਿਆਂ ਤੁਸੀਂ ਕਿਤੇ ਨਾ ਕਿਤੇ ਤਾਂ ਵੱਢ ਮਾਰੋਗੇ ਕਿ ਵਿਸ਼ੇ ਜਾਂ ਰੂਪ/ ਕਲਾਤਮਕ ਪੱਖੋਂ ਇਸ ਸਮੇਂ ਦੌਰਾਨ ਕਹਾਣੀ ਵਿਚ ਫਰਕ ਆਉਂਦਾ ਹੈ। ਆਪਣੀ ਸੌਖ ਲਈ ਕਲਾਸਾਂ ਵਿਚ ਪੜ੍ਹਾਉਣ ਲਈ ਅਸੀਂ ਪੜਾਅ ਬਣਾ ਲੈਂਦੇ ਹਾਂ ਔਰ ਬਣਾਉਣੇ ਪੈਂਦੇ ਵੀ ਹਨ। ਇਸ ਵਿਚ ਮੈਨੂੰ ਕੋਈ ਇਤਰਾਜ਼ਯੋਗ ਗੱਲ ਨਹੀਂ ਲੱਭਦੀ ਜਿਵੇਂ ਹੁਣ ਨਵੀਆਂ ਕਹਾਣੀਆਂ ਜਿਵੇਂ ਆਗਾਜ਼ਬੀਰ ਦੀ ਕਹਾਣੀਆਂ ਦੀ ਪੁਸਤਕ ਆਈ ਹੈ, ਵਿਪਨ ਗਿੱਲ ਦੀ ਕਹਾਣੀਆਂ ਦੀ ਪੁਸਤਕ ਆਈ ਹੈ ਇਕ ਜਸਵਿੰਦਰ ਧਰਮਕੋਟ ਦੀ ਕਿਤਾਬ ਆਈ ਹੈ, ਉਹ ਤੇ ਕੁਝ ਹੋਰ ਕਹਾਣੀਆਂ ਜਿੰਨਾ ਤੋਂ ਮੈਨੂੰ ਲਗਦਾ ਏ ਇਹ ਆਸਾਰ ਬਣਦੇ ਨੇ ਕਿ ਜਿਹੜੀ ਕੋਹਲੂ ਦੇ ਬੈਲ ਵਰਗੀ ਕਹਾਣੀ ਆ, ਜਿਹੜੀ ਵਿਸ਼ੇ ਦੇ ਪੱਖ ਤੋਂ ਵੀ ਆਪਣੇ ਆਪ ਨੂੰ ਦੁਹਰਾ ਰਹੀ ਸੀ ਅਤੇ ਭਾਸ਼ਾ ਤੇ ਕਲਾਤਮਕ ਪੱਖੋਂ ਵੀ ਉਸ ਵਿਚ ਕੁਝ ਨਵਾਂਪਨ ਨਹੀਂ ਸੀ, ਉਸ ਪੱਖੋਂ ਮੈਨੂੰ ਲਗਦਾ ਕਿ ਥੋੜਾ ਜਿਹਾ ਬਦਲਾਅ ਆਉਂਦਾ ਨਜ਼ਰ ਆਉਂਦਾ ਹੈ। ਇਹ ਅੱਗੇ ਕਿਥੇ ਜਾਵੇਗਾ ਇਹ ਅਜੇ ਆਪਾਂ ਏਡੀ ਛੇਤੀ ਕੋਈ ਫੈਸਲਾ ਨਹੀਂ ਸੁਣਾ ਸਕਦੇ, ਕੋਈ ਫਾਰਮੂਲੇਸ਼ਨ ਨਹੀਂ ਬਣਾ ਸਕਦੇ ਪਰ ਲਗਦਾ ਇਹ ਹੈ ਕਿ ਤਬਦੀਲੀ ਵਾਪਰਦੀ ਨਜ਼ਰ ਆਉਂਦੀ ਹੈ।

ਅਗਲੀ ਗੱਲ ਜੋ ਬਾਰ ਬਾਰ ਆਉਂਦੀ ਹੈ ਕਿ ਸਾਡੀ ਸਾਰੀ ਪੰਜਾਬੀ ਆਲੋਚਨਾ ਦੀ ਇਕ ਵੱਡੀ ਸਮੱਸਿਆ ਬਣੀ ਨਜ਼ਰ ਆਉਂਦੀ ਹੈ ਕਿ ਸਾਰੀ ਦੀ ਸਾਰੀ ਆਲੋਚਨਾ ਵਿਸ਼ੇ ਦੇ ਅਧਿਐਨ ਤੱਕ ਸੀਮਿਤ ਰਹਿੰਦੀ ਹੈ ਵਿਸ਼ੇ ਦੀ ਵਿਆਖਿਆ ਤੋਂ ਬਾਅਦ ਇਕ ਪਹਿਰੇ ਵਿਚ ਅਸੀਂ ਕਹਾਣੀ ਦੀ ਕਲਾ ਬਾਰੇ ਗੱਲ ਕਰਦੇ ਹਾਂ ਹਾਲਾਂਕਿ ਕਹਾਣੀ ਕਲਾ ਇਕ ਅਜਿਹੀ ਚੀਜ ਹੈ ਜੋ ਕਿਸੇ ਕਹਾਣੀਕਾਰ ਨੂੰ ਦੂਸਰੇ ਕਹਾਣੀਕਾਰਾਂ ਤੋਂ ਵੱਖ ਕਰਦੀ ਹੈ ਕਿਉਂਕਿ ਵਿਸ਼ੇ ਤਾਂ ਸਾਰੇ ਕਹਾਣੀਕਾਰ, ਸਾਰੇ ਨਾਵਲਕਾਰ ਇਕੋ ਸਮਾਜ ਵਿਚ ਰਹਿਣ ਕਰਕੇ ਸਾਰੇ ਜਾਣੇ ਸਮਾਜ ਨੂੰ ਥੋੜੇ ਬਹੁਤੇ ਫਰਕ ਨਾਲ ਇਕੋ ਦ੍ਰਿਸ਼ਟੀ ਤੋਂ ਵਾਚਦੇ ਹਨ ਤੇ ਪੇਸ਼ ਕਰਦੇ ਹਨ ਉਸਨਾਂ ਦੀ ਵੱਖਰਤਾ ਉਸਨਾਂ ਦੀ ਪੇਸ਼ਕਾਰੀ ਵਿਚ ਹੁੰਦੀ ਹੈ। ਆਲੋਚਕ ਇਸ ਗੱਲ ਨੂੰ ਇਗਨੋਰ ਕਰਦੇ ਆ। ਇਹ ਸਾਡੀ ਸਭ ਤੋਂ ਵੱਡੀ ਕਮਜ਼ੋਰੀ ਕਲਾਤਮਕ ਪੱਖ ਨੂੰ ਇਗਨੋਰ ਕਰਨ ਵਿਚ ਆ ਜਿਹੜੀ ਸਾਨੂੰ ਪ੍ਰਗਤੀਵਾਦੀ ਵਿਚਾਰਧਾਰਾ ਨੇ ਦਿੱਤੀ ਆ। ਇਸ ਵਿਚਾਰਧਾਰਾ ਨੂੰ ਅੱਸੀ ਜਾਂ ਸੌ ਸਾਲ ਹੋ ਚੁੱਕੇ ਨੇ ਪਰ ਇਸ ਨੇ ਸਾਡਾ ਖਹਿੜਾ ਨਹੀਂ ਛੱਡਿਆ ਅਜੇ ਵੀ ਸਾਨੂੰਲਗਦਾ ਕਿ ਸਮਾਜ ਨੂੰ ਪੇਸ਼ ਕਰਨਾ ਹੀ ਸਾਹਿਤਕਾਰ ਦਾ ਫਰਜ ਅਤੇ ਮਕਸਦ ਹੈ ਤੇ ਕਿਵੇਂ ਪੇਸ਼ ਕਰਨਾ ਇਹ ਕੋਈ ਬਹੁਤਾ ਮਹੱਤਵ ਨਹੀਂ ਰੱਖਦਾ। ਭਾਵੇਂ ਕਿ ਪ੍ਰਗਤੀਵਾਦ ਤੇ ਮਾਰਕਸਵਾਦ ਕਹਿੰਦਾ ਹੈ ਕਿ ਵਸਤ ਤੇ ਉਸਦਾ ਕੰਟੈਂਟ ਅਤੇ ਉਸਦਾ ਦੂਸਰਾ ਪੱਖ ਵੀ ਦੋਵੇਂ ਚੀਜ਼ਾਂ ਮਹੱਤਵਪੂਰਨ ਨੇ ਪਰ ਸਾਡੀ ਪ੍ਰਗਤੀਵਾਦੀ ਆਲੋਚਨਾ ਲਈ ਸਿਧਾਂਤਕ ਤੌਰ ਤੇ ਮੰਨਣ ਦੇ ਬਾਵਯੂਦ ਸਾਡੀ ਪਹਿਲ ਉਹੀ ਰਹੀ ਹੈ ਤੇ ਇਸ ਪੇਪਰ ਦੀ ਵੀ ਏਹੀ ਸਮੱਸਿਆ ਰਹੀ ਹੈ।

ਦੂਜੀ ਗੱਲ ਜਦੋਂ ਅਸੀਂ ਇਹਨਾਂ ਪੰਜਾਂ ਕਹਾਣੀਆ ਦੀ ਚੋਣ ਕੀਤੀ ਸੀ ਤਾਂ ਇਹਨਾ ਪੰਜਾਂ ਕਹਾਣੀਆਂ ਵਿਚ ਜਿਹੜੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਗਈ ਹੈ ਤੇ ਅਖੀਰ ਤੇ ਉਹਨਾਂ ਸਮੱਸਿਆਵਾਂ ਨੂੰਜਿਸ ਢੰਗ ਨਾਲ ਨਜਿੱਠਿਆ ਗਿਆ ਹੈ ਉਹ ਸਾਡੇ ਨਵੇਂ ਲੇਖਕਾਂ ਦੀ ਰਚਨਾ ਦ੍ਰਿਸ਼ਟੀ ਵਿਚ ਪੈ ਰਹੇ ਫਰਕ ਨੂੰ ਪੇਸ਼ ਕਰਦਾ ਹੈ। ਟਕਰਾਅ ਤੇ ਜਾ ਕੇ ਕਹਾਣੀ ਨੇ ਖਤਮ ਨਹੀਂ ਹੋਣਾ ਸਗੋਂ ਸਮੱਸਿਆ ਦਾ ਹੱਲ ਵੀ ਕੱਢਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਵੇਂ ਸਾਡੀਆਂ ਕਲਚਰਲ ਵੈਲਿਊਜ਼ ਸਾਨੂੰ ਆਗਿਆ ਨਹੀਂ ਦੇਂਦੀਆਂ ਪਰ ਬੰਦਾ ਵਿਸ਼ੇਸ਼ ਸਥਿਤੀਆਂ ਵਿਚ

ਸਮਝੌਤੇ ਦੀ ਸਥਿਤੀ ਵਿਚ ਆਉਂਦਾ ਹੈ। ਇਹ ਗੱਲਾਂ ਸਾਡੇ ਨਵੇਂ ਲੇਖਕਾਂ ਦੀ ਰਚਨਾ ਦ੍ਰਿਸ਼ਟੀ ਵਿਚ ਆ ਰਹੇ ਫਰਕ ਦਾ ਪ੍ਰਮਾਣ ਬਣਦੀਆਂ ਹਨ। ਧੰਨਵਾਦ

**ਸੁਕੀਰਤ ਜੀ** - ਗੱਲ ਇਹ ਹੈ ਕਿ ਬਹੁਤੀਆਂ ਗੱਲਾਂ ਹੋ ਚੁੱਕੀਆਂ ਹਨ, ਬਤੌਰ ਪਾਠਕ ਅਤੇ ਕਹਾਣੀਕਾਰ ਮੈਂ ਗੱਲ ਕਰਾਂਗਾ, ਆਲੋਚਕ ਮੈਂ ਕਦੇ ਰਿਹਾ ਹੀ ਨਹੀਂ ਮੈਂ ਅਕਾਦਮਿਕ ਨਹੀਂ ਹਾਂ ਪਰ ਆਹ ਜੋ ਖਾਨਾਬੰਦੀਆਂ ਬਾਰੇ ਗੱਲ ਚੱਲੀ ਹੈ ਮੈਂ ਵੀ ਉਵੇਂਹੀ ਸੋਚਦਾ ਹਾਂ ਕਿ ਖਾਨਾਬੰਦੀਆਂ ਵਿਚ ਗੱਲ ਕਰਨੀ ਬੜੀ ਮੁਸ਼ਕਲ ਹੋ ਜਾਂਦੀ ਹੈ। ਪੇਪਰ ਵਿਚ ਕਹਾਣੀਆਂ ਬਹੁਤ ਕਿਸਮ ਦੀਆਂ ਲਈਆਂ ਗਈਆਂ ਹਨ ਗੱਲ ਏਥੋਂ ਸ਼ੁਰੂ ਹੋਈ ਸੀ ਕਿ ਜੇਕਰ ਕਹਾਣੀਆਂ ਔਰਤ ਲੇਖਿਕਾਵਾਂ ਦੁਆਰਾ ਲਿਖੀਆਂ ਗਈਆਂ ਹੋਣ ਜਾਂ ਔਰਤਾਂ ਬਾਰੇ ਲਿਖੀਆਂ ਗਈਆਂ ਹੋਣ, ਕੋਈ ਵੀ ਲੇਖਕ ਉਹ ਜਿਸ ਵੀ ਸਮੇਂ ਵਿਚ ਵਿਚਰਦਾ ਹੈ ਉਸ ਸਮੇਂ ਦੀ ਪ੍ਰਤੀਨਿਧਤਾ ਕਰਦਾ ਹੈ। ਸਮੇਂ ਤੋਂ ਪਾਰ ਉਹੀ ਕਹਾਣੀ ਜਾਂਦੀ ਹੈ ਜਿਹੜੀ ਕਹਾਣੀ ਵਿਚ ਭਾਸ਼ਾਈ ਸੁਹਜ ਹੋਵੇ, ਕਲਾਤਮਿਕਤਾ ਹੋਵੇ ਅਤੇ ਜਿਸ ਵਿਚ ਖਾਸ ਤੌਰ ਤੇ ਮਨੋਵਿਗਿਆਨ ਹੋਵੇ। ਹੁਣ ਮੈਂ ਪ੍ਰੋਫੈਸਰ ਨਹੀਂ ਹਾਂ ਇਸ ਲਈ ਮੈਨੂੰ ਬਹੁਤ ਕਹਾਣੀਆਂ ਦੀਆਂ ਉਦਾਹਰਣਾ ਵੀ ਯਾਦ ਨਹੀਂ ਹਨ ਜਿਵੇਂਕਾਲਜਾਂ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਨੂੰ ਯਾਦ ਹੁੰਦੀਆਂ ਹਨ। ਹੁਣ ਜੇਕਰ ਮੈਂ ਔਰਤਾਂ ਬਾਰੇ ਕਹਾਣੀਆਂ ਦੀਆਂ ਉਦਾਹਰਣਾ ਯਾਦ ਕਰਾਂ ਜਿਵੇਂ 'ਭਾਬੀ ਮੈਨਾ' ਤੋਂ ਲੈ ਕੇ ਅੱਗੇ 'ਅੰਮੀ ਨੂੰ ਕੀ ਹੋ ਗਿਆ' ਦੁੱਗਲ ਦੀ ਕਹਾਣੀ, ਗੁਰਦੇਵ ਰੁਪਾਣਾਂ ਦੀ ਕਹਾਣੀ 'ਸ਼ੀਸ਼ਾ', ਅਜੀਤ ਕੌਰ ਦੀ ਕਹਾਣੀ 'ਫਾਲਤੂ ਔਰਤ', ਰਸ਼ਪਿੰਦਰ ਦੀ ਕਹਾਣੀ 'ਉਧੜੀ ਹੋਈ ਗੁੱਡੀ' ਅਤੇ ਵਿਪਨ ਗਿੱਲ ਦੀ ਕਹਾਣੀ 'ਚਾਬੀਆਂ ਦਾ ਗੁੱਛਾ' ਇਹ ਸਾਰੀਆਂ ਕਹਾਣੀਆਂ ਵੱਖੋ ਵੱਖਰੇ ਤਰੀਕਿਆਂ ਨਾਲ ਆਪੋ ਆਪਣੇ ਸਮਿਆਂ ਦੀ ਔਰਤ ਦੀ ਮਾਨਸਿਕਤਾ ਨੂੰ ਚਿਤਰ ਰਹੀਆਂ ਨੇ। ਜੋ ਗੁਰਬਖਸ਼ ਸਿੰਘ ਪ੍ਰੀਤਲੜੀ ਨੇ 1942 ਵਿਚ ਭਾਬੀ ਮੈਨਾ ਕਹਾਣੀ ਵਿਚ ਲਿਖਿਆ ਉਹ ਅੱਜ ਦਾ ਲੇਖਕ ਨਹੀਂ ਲਿਖ ਸਕਦਾ ਕਿਉਂਕਿ ਉਹ ਕੁਝ ਅੱਜ ਨਹੀਂ ਹੋ ਰਿਹਾ। ਇਕ ਔਰਤ ਦੇ ਆਪਣੇ ਆਪ ਨੂੰ ਬਤੌਰ ਵਿਸ਼ੇਸ਼ ਔਰਤ ਕਾਇਮ ਰੱਖਣ ਦੇ ਢੰਗ ਤਰੀਕਿਆਂ ਵਿਚ ਤਬਦੀਲੀ ਆਈ ਹੈ। ਇਸ ਬਾਰੇ ਜੋ ਕੁਲਵੰਤ ਸਿੰਘ ਨੇ ਗੱਲ ਕੀਤੀ ਹੈ ਉਹ ਵਾਕਿਆ ਹੀ ਪੇਪਰ ਵਿਚ ਮਿਸਿੰਗ ਹੈ, ਆਮ ਤੌਰ ਤੇ ਆਲੋਚਕਾਂ ਦੇ ਪੇਪਰਾਂ ਵਿਚ ਮਿਸਿੰਗ ਹੁੰਦੀ ਹੈ ਕਿ ਨਾਂ ਤਾਂ ਤੁਸੀਂ ਭਾਸ਼ਾਈ ਸੁਹਜ ਵੱਲ, ਨਾਂ ਹੀ ਤੁਸੀਂ ਕਾਲਤਮਕਤਾ ਵੱਲ, ਨਾਂ ਹੀ ਤੁਸੀਂ ਮਨੋਵਿਗਿਆਨ ਵੱਲ ਤੇ ਨਾਂ ਹੀ ਤੁਸੀਂ ਪਾਤਰ ਚਿਤਰਣ ਵੱਲ ਧਿਆਨ ਦੇ ਰਹੇ ਹੁੰਦੇ ਹੋ। ਜਦੋਂ ਅਸੀਂ ਐਤਕੀਂ ਵਾਲੀਆਂ ਕਹਾਣੀਆਂ ਵਿਚਾਰਾਂਗੇ। ਬੇਸਿਕਲੀ ਮੈਨੂੰ ਲਗਦਾ ਜਦੋਂ ਅਸੀਂ ਕਹਾਣੀਆਂ ਨੂੰ ਇਸ ਕਾਲ ਵੰਡ ਤੋਂ ਥੋੜ੍ਹਾ ਪਰੇ ਹੋ ਕੇ ਘੱਟੋ ਘੱਟ ਇਹਨਾਂ ਵਿਚਾਰ ਗੋਸ਼ਟੀਆਂ ਵਿਚ ਵਿਚਾਰਾਂਗੇ ਤਾਂ ਈ ਕੁਝ ਸਿੱਖ ਸਕਾਂਗੇ।

ਦੂਜੀ ਗੱਲ ਜਿਹੜੀ ਪ੍ਰਵਾਨਾ ਜੀ ਨੇ ਕਹੀ ਉਹਨਾਂ ਨੇ ਬੜੀ ਪੇਤਲੀ ਉਦਾਹਰਣ ਦਿੱਤੀ ਕਿ ਨੌਜਵਾਨ ਕੁੜੀਆਂ ਵੱਲੋਂ ਹੁਣ ਗਾਊਨ ਪਤਲੇ ਪਾਏ ਜਾਂਦੇ ਨੇ ਜਾਂ ਜਿਵੇਂ ਮੇਰਾ ਮੁੰਡਾ ਮਹਿਸੂਸ ਕਰਦਾ ਮੈਂ ਨਹੀਂ ਕਰ ਸਕਦਾ। ਮੈਨੂੰ ਨਹੀਂ ਲਗਦਾ ਕਿ ਇੰਝ ਹੁੰਦਾ ਅਸਲ ਵਿਚ। ਅਸਲ ਵਿਚ ਉਹ ਲੇਖਕ ਹੀ ਪੁਰਾਣਾ ਹੋ ਜਾਂਦਾ ਹੈ ਜੋ ਆਪਣੇ ਆਲੇ ਦੁਆਲੇ ਦੇ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ ਨਾ ਕਰ ਰਿਹਾ ਹੋਵੇ। ਕਿਉਂਕਿ ਸਾਡੇ ਬਹੁਤੇ ਲੇਖਕ ਕੀ ਕਰਦੇ ਹਨ ਕਿ ਉਹ ਇਕ ਸਮੇਂ ਤੇ ਆ ਕੇ ਆਪਣੇ ਆਪ ਨੂੰ ਦੁਹਰਾਉਣ ਲੱਗ ਪੈਂਦੇ ਨੇ। ਇਕ ਹੀ ਕਾਲ-ਖੰਡ ਵਿਚ ਦੋ ਔਰਤਾਂ ਕਹਾਣੀਆਂ ਲਿਖਦੀਆਂ ਨੇ ਇਕ ਅਜੀਤ ਕੌਰ ਤੇ ਦੂਸਰੀ ਦਲੀਪ ਕੌਰ ਟਿਵਾਣਾ। ਦੋਵਾਂ ਵਿਚ

ਕੀ ਫਰਕ ਹੈ ਤੁਸੀਂ ਸਭ ਜਾਣਦੇ ਹੋ। ਦਲੀਪ ਕੌਰ ਦੀ ਕਲਾਤਮਕਤਾ ਤੇ ਕੋਈ ਉਜਰ ਨਹੀਂ ਹੈ ਪਰ ਉਹ ਆਪਣੇ ਮਿਥੇ ਘੇਰੇ ਵਿਚੋਂ ਨਿਕਲ ਨਹੀਂ ਸਕੇ। ਅਜੀਤ ਕੌਰ ਵੀ ਨਹੀਂ ਨਿਕਲ ਸਕੀ ਪਰ ਅਜੀਤ ਕੌਰ ਹੋਰੀ ਜਿਸ ਕਾਲ ਕਾਲ-ਖੰਡ ਵਿਚ ਵਿਚਰ ਰਹੇ ਸਨ ਉਸ ਵਿਚ ਔਰਤ ਬਾਰੇ ਦੋ ਕਿਸਮ ਦੀਆਂ ਗੱਲਾਂ ਹੋ ਰਹੀਆਂ ਸਨ।

ਹੁਣ ਵਾਲੀਆਂ ਜਿਹੜੀਆਂ ਪੰਜ ਕਹਾਣੀਆਂ ਪੜ੍ਹੋਗੇ ਇਹਨਾਂ ਵਿਚੋਂ ਕੁਝ ਕਹਾਣੀਆਂ ਨਵੀਂ ਤਰਜ ਨਾਲ ਲਿਖੀਆਂ ਗਈਆਂ ਹਨ ਕੁਝ ਬਿਲਕੁਲ ਪੁਰਾਣੀ ਤਰਜ਼ ਨਾਲ ਲਿਖੀਆਂ ਗਈਆਂ ਹਨ। ਵਿਸ਼ਾ ਕਦੇ ਪੁਰਾਣਾ ਨਹੀਂ ਹੁੰਦਾ ਲਿਖਣ ਦਾ ਢੰਗ ਕਈ ਵਾਰ ਪੁਰਾਣਾ ਹੁੰਦਾ। ਅਸਲ ਵਿਚ ਗੱਲ ਦੇਖਣ ਵਾਲੀ ਇਹ ਹੈ ਕਿ ਅਸੀਂ ਨਵੀਆਂ ਪਿਰਤਾਂ ਕੀ ਪਾ ਰਹੇ ਹਾਂ, ਨਵੇਂ ਤਰੀਕੇ ਨਾਲ ਕੀ ਲਿਖ ਰਹੇ ਹਾਂ। ਨਵੀਂ ਰਿਐਲਟੀ ਨੂੰ ਨਵੀਂ ਤਰ੍ਹਾਂ ਰਿਫਲੈਕਟ ਕਿਵੇਂ ਕਰ ਰਹੇ ਹਾਂ।

**ਡਾ. ਹਰਿਭਜਨ ਸਿੰਘ ਢਿਲੋਂ** :- ਮੈਂ ਇਸ ਵਿਚਾਰ ਤੇ ਖੜਾਂ ਹਾਂ ਕਿ ਜਿਥੇ ਵੀ ਕਿਤੇ ਜਦੋਂ ਵੀ ਅਧਿਐਨ ਹੁੰਦਾ ਤਾਂ ਕਾਲ ਅਖੰਡ ਹੁੰਦਾ ਹੈ। ਹਰ ਸਬਜੈਕਟ ਵਿਚ ਕਾਲ ਨੂੰ ਖੰਡਾਂ ਵਿਚ ਵੰਡ ਕੇ ਹੀ ਅਧਿਐਨ ਕੀਤਾ ਜਾਂਦਾ ਹੈ। ਜਦੋਂ ਤੁਸੀਂ ਸਾਹਿਤ ਦਾ ਅਧਿਐਨਕਰਦੇ ਹੋ ਤਾਂ ਬੁਨਿਆਦੀ ਗੱਲ ਇਹ ਆ ਕਿ ਵਸਤੂ ਸਥਿਤੀ ਵਿਚ ਇਹ ਕਾਲ-ਖੰਡ ਹੈਗੇ ਆ ਤੇ ਜੇ ਤੁਸੀਂ ਸਾਹਿਤ ਵਿਚ ਕਾਲ-ਖੰਡ ਕਰਦੇ ਹੋ ਤਾਂ ਤੁਹਾਡੀ ਕਾਲ-ਖੰਡ ਦਾ ਆਧਾਰ ਕੀ ਹੈ। ਜਾਂ ਜਿਹੜੀ ਕਾਲ-ਖੰਡ ਆ ਇਹ ਵਸਤੂ ਸਥਿਤੀ ਦੀ ਕਾਲ-ਖੰਡਤਾ ਨਾਲ ਸੰਵਾਦ ਕਿਵੇਂ ਕਰਦੀ ਹੈ ਔਰ ਉਸ ਸੰਵਾਦ ਨੂੰ ਕਲਾਤਮਕ ਪੱਧਰ ਤੇ ਰੂਪਾਂਤਰਿਤ ਕਿਵੇਂ ਕਰਦੀ ਹੈ। ਜਦੋਂ ਸੰਵਾਦ ਕਰੋਗੇ ਅਤੇ ਰੁਪਾਂਤਰਿਤ ਕਰੋਗੇ ਤਾਂ ਫਿਰ ਸਿਰਫ ਵਿਚਾਰ ਹੀ ਨਹੀਂ ਬਦਲੇਗਾ ਉਸਨੂੰ ਪੇਸ਼ ਕਰਨ ਦੀ ਵਿਧੀ ਵੀ ਬਦਲੇਗੀ।

ਦੂਜੀ ਜਿਹੜੀ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਵਿਚਾਰਧਾਰਾ ਦਾ ਬਹੁਤ ਰੌਲਾ ਪਿਆ ਪਰ ਵਿਚਾਰ ਨੂੰ ਵਿਚਾਰਧਾਰਾ ਤੋਂ, ਦ੍ਰਿਸ਼ਟੀ ਨੂੰ ਦ੍ਰਿਸ਼ਟੀਕੋਣ ਤੋਂ, ਨਜ਼ਰ ਨੂੰ ਨਜ਼ਰੀਏ ਤੋਂ ਖਤਰਾ ਬਣਿਆ ਰਹੇਗਾ। ਜਿਹੜਾ ਸਾਹਿਤਕਾਰ ਆਪਣੇ ਵਿਚਾਰ ਰੱਖਣ ਦਾ ਫੈਸਲਾ ਨਹੀਂ ਕਰ ਸਕੇਗਾ ਉਹ ਭਾਵੇਂ ਕਿਸੇ ਵੀ ਵੱਡੀ ਵਿਚਾਰਧਾਰਾ ਨਾਲ ਜੁੜਿਆ ਹੋਵੇ। ਅੱਜ ਨਹੀਂ ਤਾਂ ਕੱਲ ਉਹ ਵਿਚਾਰਧਾਰਾ ਉਸਨੂੰ ਖਾ ਜਾਵੇਗੀ ਤੇ ਉਸਦਾ ਜਿਕਰ ਕਿਸੇ ਫੁੱਟਨੋਟ ਵਿਚ ਜਾਂ ਕਿਸੇ ਇਕ ਅੱਧ ਲਾਈਨ ਵਿਚ ਹੋਵੇਗਾ। ਬਚਣਗੇ ਉਹ ਜਿਹੜੇ ਆਪਣੇ ਵਿਚਾਰਾਂ ਰਾਹੀਂ ਵਿਚਾਰਧਾਰਾ ਨਾਲ ਸੰਵਾਦ ਰਚਾਉਣਗੇ। ਜਿੰਨ੍ਹਾਂ ਨੇ ਆਪਣੀ ਨਜ਼ਰ ਰਾਹੀਂ ਨਜ਼ਰੀਏ ਨਾਲ ਸੰਵਾਦ ਰਚਾਇਆ ਅਤੇ ਵਸਤੂ ਸਥਿਤੀ ਨੂੰ ਸਮਝ ਕੇ ਕਲਾਤਮਕ ਪੱਧਰ ਤੇ ਆਪਣੀ ਵਿਆਖਿਆ ਦੀ ਪੱਧਰ ਤੇ ਇਕ ਨਵੀਂ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਉਹ ਸਫਲ ਰਹੇ।

ਪਰਚੇ ਦੀ ਵੀ ਏਹੀ ਪ੍ਰੌਬਲਮ ਹੈ ਕਿ ਅਸੀਂ ਬਹੁਤ ਕੁਝ ਪਹਿਲਾਂ ਹੀ ਮੰਨ ਕੇ ਚੱਲਦੇ ਹਾਂ ਕਿ ਇਹਨਾਂ ਨੂੰ ਕੁਝ ਪਤਾ ਨਹੀਂ, ਮੈਂ ਸਮਝਾਉਂਦਾ ਹਾਂ। ਸਾਹਿਤਕਾਰਾਂ ਦੀ ਵੀ ਏਹੀ ਸਮੱਸਿਆ ਹੈ ਕਿ ਜਦੋਂ ਬਣੀਆਂ ਬਣਾਈਆਂ ਸਮੱਸਿਆਵਾਂ ਦੇ ਹੱਲ ਦੇਂਦੇ ਹਾਂ ਤਾਂ ਬਣੀਆਂ ਬਣਾਈਆਂ ਸਮੱਸਿਆਵਾਂ ਦੇ ਹੱਲ ਏਨੇ ਵੀ ਸੌਖੇ ਨਹੀਂ ਹੁੰਦੇ ਜਿੰਨੇ ਦੇ ਦੇਂਦੇ ਹਾਂ ਕਿ ਤੁਸੀਂ ਦੋ ਫਿਕਰੇ ਲਿਖ ਦਿਓਗੇ ਤਾਂ ਗੱਲ ਸਮਝ ਆ ਜਾਵੇਗੀ। ਗੱਲ ਇਹ ਆ ਕਿ ਆਪਣੀ ਗੱਲ ਆਪਣੇ ਨਜ਼ਰੀਏ ਤੋਂ ਪੇਸ਼ ਕਰ ਦਿਓ ਬਾਕੀ ਜੋ ਗੱਲ ਹੋਣੀ ਆ ਬਾਅਦ ਵਿਚ ਹੋਵੇਗੀ।

**ਡਾ. ਹੀਰਾ ਸਿੰਘ** -ਜਿਹੜੀ ਵਿਚਾਰ ਚਰਚਾ ਚੱਲ ਆ ਮੈਂ ਸਾਰੀ ਬੜੀ ਧਿਆਨ ਨਾਲ ਸੁਣੀ ਹੈ। ਵੇਖੋ ਇਕ ਹੁੰਦਾ ਸਾਹਿਤ ਤੇ ਜਿਹੜੀ ਸਾਹਿਤ ਵਿਚ ਕਾਲ ਵੰਡ ਹੁੰਦੀ ਉਹ ਬੇਸਿਕਲੀ

ਡਿਪੈਂਡ ਕਰਦੀ ਆ ਕਿ ਜਿਹੜੀ ਸੁਸਾਇਟੀ ਆ ਸਮਾਜ ਆ ਉਹਦੇ ਵਿਚ ਕੋਈ ਤਬਦੀਲੀ ਆਉਂਦੀ ਹੈ ਉਹਦੇ ਨਾਲ ਕੋ-ਰਿਲੇਟ ਕਰਦੀ ਆ।

ਜਦੋਂ ਹੁਣ ਆਪਾਂ ਦੇਖਦੇ ਆਂ ਕਿ ਆਧੁਨਿਕ ਸਾਹਿਤ ਦੀ ਉਮਰ ਸੌ ਸਾਲ ਦੇ ਕਰੀਬ ਹੈ। 1900 ਤੋਂ ਲੈ ਕੇ 1945-47 ਤੱਕ ਦਾ ਪਹਿਲਾਂ ਦਾ ਇਕ ਦੌਰ ਹੈਗਾ। ਉਦੋਂ ਇਕ ਖਾਸ ਕਿਸਮ ਦੀ ਮਾਨਸਿਕਤਾ ਸੀ ਸਾਡੇ ਆਸੇ ਪਾਸੇ, ਲੋਕ ਇਕੱਠੇ ਹੋ ਰਹੇ ਸਨ, ਭਾਰਤੀ ਬਣ ਰਹੇ ਸਨ, ਆਜ਼ਾਦੀ ਲੈਣ ਦਾ ਚਾਅ ਸੀ ਸਾਰਿਆਂ ਵਿਚ। ਉਹ ਸਾਰਾ ਇਕ ਕਿਸਮ ਦਾ ਵਰਤਾਰਾ ਸੀ। 47 ਵਾਲਾ ਦਹਾਕਾ ਕੱਢ ਦੇਈਏ ਤਾਂ ਫਿਰ 1960 ਤੋਂ 1990 ਤੱਕ ਇਕੋ ਜਿਹੀ ਲਾਈਫ ਆ। ਫਿਰ 1990 ਤੋਂ ਬਾਅਦ ਜਿਹੜੀਆਂ ਵਿਸ਼ਵੀਕਰਣ ਦੀਆਂ ਨਵੀਆਂ ਨੀਤੀਆਂ ਆਈਆਂ। ਮੈਂ ਕਹਾਂਗਾ ਕਿ ਹੁਣ ਉਹਨਾਂ ਦਾ ਸਾਡੇ ਸਮਾਜ ਤੇ ਸਪੱਸ਼ਟ ਪ੍ਰਭਾਵ ਨਜ਼ਰ ਆ ਰਿਹਾ। ਜਦੋਂ ਉਹਨਾ ਦਾ ਪ੍ਰਭਾਵ ਸਮਾਜ ਤੇ ਪੈ ਰਿਹਾ ਹੈ ਤਾਂ ਉਹ ਸਾਹਿਤ ਵਿਚ ਕਿਵੇਂ ਨਹੀਂ ਆਵੇਗਾ। ਸੋ ਇਹ ਕਾਲ ਵੰਡ ਬੇਸਿਕਲੀ ਇਸ ਢੰਗ ਨਾਲ ਹੁੰਦੀ ਹੈ ਕਿ ਉਸ ਪਿਛੇ ਬੈਕਗਰਾਊਂਡ ਵਿਚ ਵਿਸ਼ਵ ਦੀਆਂ ਆਰਥਿਕ ਰਾਜਨੀਤਕ ਨੀਤੀਆਂ ਤੁਹਾਡੀ ਸੁਸਾਇਟੀ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਹਾਂ ਹੋ ਸਕਦਾ ਕੋਈ ਸੁਸਾਇਟੀ ਇਹਨਾਂ ਤੋਂ ਪ੍ਰਭਾਵਿਤ ਨਾ ਵੀ ਹੋਵੇ। ਅੰਡੇਮਾਨ ਨਿਕੋਬਾਰ ਦੇ ਕਬੀਲੇ ਹੋ ਸਕਦਾ ਇਹਨਾਂ ਤੋਂ ਪ੍ਰਭਾਵਿਤ ਨਾ ਹੋਣ। ਪਹਿਲੀ ਗੱਲ ਤਾਂ ਇਹ ਆ ਕਿ ਸਾਡੀ ਸੁਸਾਇਟੀ ਪੰਜਾਬ ਆ, ਅਸੀਂ ਜਿਥੋਂ ਵੀ ਪ੍ਰਭਾਵਿਤ ਹੋ ਰਹੇ ਆਂ ਉਸ ਪ੍ਰਭਾਵ ਨੇ ਸਾਹਿਤ ਵਿਚ ਵੀ ਆਉਣਾ ਹੀ ਹੈ।

ਦੂਜੀ ਗੱਲ ਇਹ ਆ ਕਿ ਜਿਹੜੀ ਹੁਣ 21ਵੀਂ ਸਦੀ ਦੀ ਕਹਾਣੀ ਆ ਦੋ ਦਹਾਕੇ ਬੀਤ ਗਏ, ਮੈਨੂੰ ਜੋ ਸਮਝ ਲੱਗੀ ਜਿਹੜੀ ਹੁਣ ਦੀ ਕਹਾਣੀ ਆ ਤੇ ਜਿਹੜੇ ਨਵੇਂ ਕਹਾਣੀਕਾਰ ਆ ਉਹਨਾਂ ਸਭ ਦਾ ਇਕ ਈ ਏਜੰਡਾ ਹੈ ਕਿ ਅੱਜ ਦੀ ਔਰਤ ਆਜ਼ਾਦ ਹੋ ਰਹੀ ਹੈ। ਉਹ ਮਰਦ ਦੇ ਚੁੰਗਲ ਵਿਚੋਂ ਆਜ਼ਾਦ ਹੋ ਰਹੀ ਹੈ। ਚਾਹੇ ਸਰਘੀ ਦੀ ਕਹਾਣੀ 'ਹੋਲੀ ਡੇ ਵਾਈਫ' ਹੋਵੇ ਚਾਹੇ ਅਰਵਿੰਦਰ ਧਾਲੀਵਾਲ ਦੀ ਕਹਾਣੀ ਜਿਸ ਵਿਚ ਉਹ ਮਰਦ ਦਾ ਹੱਥ ਛੱਡ ਦਿੰਦੀ ਹੈ। ਐਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਸਾਡੇ ਸਮਾਜ ਦਾ ਆਈਕੋਨ ਬਣ ਰਹੀਆਂ ਹਨ। ਸਾਡੀ ਸੁਸਾਇਟੀ ਅਤੇ ਲਿਟਰੇਚਰ ਵਿਚ ਵੀ ਆਹ ਕਹਾਣੀਆਂ ਬੈਸਟ ਕਹਾਣੀਆਂ ਗਿਣੀਆਂ ਜਾ ਰਹੀਆਂ ਹਨ। ਇਕੋ ਇਕ ਮੁੱਦਾ ਏਥੇ ਆ ਕਿ ਔਰਤ ਜਿਹੜੀ ਆ ਉਹ ਆਜ਼ਾਦ ਹੋ ਰਹੀ ਆ, ਉਹ ਮਰਦ ਦੇ ਕਬਜ਼ੇ ਵਿਚੋਂ ਬਾਹਰ ਹੋ ਰਹੀ ਆ ਹੋਰ ਤਾਂ ਮੈਨੂੰ ਕੋਈ ਵੱਡੀ ਗੱਲ ਲੱਭਦੀ ਨਹੀਂ।

ਜਦੋਂ ਅਸੀਂ ਨਵੇਂ ਸਾਹਿਤ ਨੂੰ ਪੁਰਾਣੇ ਸਾਹਿਤ ਨਾਲੋਂ ਨਿਖੇੜੀਏ। ਸਾਹਿਤ ਵਿਚ ਆਈਆਂ ਨਵੀਆਂ ਗੱਲਾਂ ਬਾਰੇ ਚਰਚਾ ਕਰਦੇ ਹਾਂ ਜਿਵੇਂ ਬੇਰੁਜਗਾਰੀ, ਪ੍ਰਵਾਸ, ਪ੍ਰਸ਼ਾਸਨਿਕ ਕਮਜੋਰੀ ਜਾਂ ਜਿਵੇਂ ਪੰਜਾਬੀਆਂ ਨੇ ਦੋ ਰਵਾਇਤੀ ਰਾਜਨੀਤਕ ਪਾਰਟੀਆਂ ਨੂੰ ਛੱਡ ਕੇ ਇਕ ਨਵੀਂ ਰਾਜਨੀਤਕ ਪਾਰਟੀ ਨੂੰ ਸੂਬੇ ਦੀ ਵਾਗ ਡੋਰ ਦਿੱਤੀ ਹੈ, ਇਸ ਤਰ੍ਹਾਂ ਦੇ ਨਵੇਂ ਮਸਲੇ ਆ ਰਹੇ ਹਨ। ਮੈਂ ਡਾ. ਕੁਲਵੰਤ ਸਿੰਘ ਹੋਰਾਂ ਨਾਲ ਸਹਿਮਤ ਹਾਂ ਕਿ ਡਬੋਲੀਆ ਕਹਾਣੀ ਦੀ ਮੁੱਖ ਸੁਰ ਇਹ ਸੀ ਕਿ ਭਾਈ ਰੋਜਗਾਰ ਦੀ ਖਾਤਰ ਬੰਦਾ ਕਿਸ ਕਿਸਮ ਦੇ ਕਿੱਤੇ ਅਪਣਾ ਰਿਹਾ ਹੈ। ਜੇ ਆਪਾਂ ਉਸਦੀ ਮੇਨ ਸੁਰ ਹੀ ਛੱਡ ਦਿੱਤੀ ਅਤੇ ਕੋਈ ਹੋਰ ਉਪ-ਸੁਰ ਉਭਾਰ ਦੇਈਏ ਕਿ ਇਸ ਕਹਾਣੀ ਵਿਚ ਆਹ ਗੱਲ ਆ ਤਾਂ ਕਹਾਣੀ ਨਾਲ ਨਿਆਂ ਨਹੀਂ ਹੋਵੇਗਾ।

**ਡਾ. ਮਹਿਲ ਸਿੰਘ** - ਮੈਂ ਸੋਚ ਰਿਹਾ ਸੀ ਕਿ ਕੀ ਬੋਲਾਂ ਹਰ ਪਹਿਲਾਂ ਬੋਲਣ ਵਾਲਾ ਉਹੀ ਬੋਲ ਗਿਆ ਤੇ ਹੁਣ ਬੋਲਣ ਨੂੰ ਬਹੁਤਾ ਰਿਹਾ ਨਹੀਂ ਤੇ ਮੈਂ ਜਦੋਂ ਦਾ ਕਹਾਣੀ ਗੋਸ਼ਟੀ ਨਾਲ

ਜੁੜਿਆਂ ਹਮੇਸ਼ਾਂ ਆਲੋਚਕ ਦਾ ਪਰਚਾ ਗੋਸ਼ਟੀ ਦੇ ਵਿਸ਼ੇ ਨਾਲ ਸੰਬੰਧਤ ਹੁੰਦਾ ਸੀ। ਉਸ ਪਰਚੇ ਨਾਲ ਕਹਾਣੀਕਾਰਾਂ ਅਤੇ ਨਾਵਲਕਾਰਾਂ ਨੂੰ ਵੀ ਪਤਾ ਲਗਦਾ ਸੀ ਕਿ ਸਾਡੇ ਬਾਰੇ ਆਲੋਚਕ ਦੀ ਕੀ ਰਾਇ ਹੈ। ਉਹ ਭਾਵੇਂ ਮੰਨਣਯੋਗ ਹੋਵੇ ਭਾਵੇਂ ਨਾ ਪਰ ਸੁਣਨ ਨੂੰ ਮਿਲਦੀ ਸੀ। ਮੈਂ ਖੁੱਲ੍ਹੇ ਮਨ ਨਾਲ ਕਹਿ ਦਿੰਦਾ ਹਾਂ ਕਿ ਖਲਾਰਾ ਪਾ ਕੇ ਔਖਾ ਲਿਖਣਾ ਬਹੁਤ ਸੌਖਾ ਪਰ ਸੌਖਾ ਅਤੇ ਸੰਖੇਪ ਲਿਖਣਾ ਬਹੁਤ ਔਖਾ। ਇਹ ਉਹੋ ਟਰਡੀਸ਼ਨਲ ਕਿਸਮ ਦਾ ਪੇਪਰ ਹੈ ਜਿਸ ਵਿਚ ਸਾਹਮਣੇ ਬੈਠੇ ਕਹਾਣੀਕਾਰ, ਜਿੰਨ੍ਹਾਂ ਦਾ ਇਸ ਵਿਚ ਕੋਈ ਜਿਕਰ ਨਹੀਂ, ਉਹ ਕੀ ਸਿੱਖਣਗੇ। ਚੌਥੀ ਪੀੜ੍ਹੀ ਦੇ ਕਹਾਣੀਕਾਰ ਜਾਂ 21ਵੀਂ ਸਦੀ ਦੇ ਕਹਾਣੀਕਾਰਾਂ ਬਾਰੇ ਦੋ ਲਾਈਨਾਂ ਫਾਰਮੂਲੇਸ਼ਨ ਦੀਆਂ ਨਹੀਂ ਹੈਗੀਆਂ। 21ਵੀਂ ਸਦੀ ਦੇ ਕਹਾਣੀਕਾਰ ਕਿਵੇਂ ਦੀਆਂ ਕਹਾਣੀਆਂ ਲਿਖਦੇ ਹਨ ਉਹ ਕਿਵੇਂ ਕਹਾਣੀਆ ਲਿਖ ਰਹੇ ਹਨ, ਉਸਦੀ ਬਣਤਰ ਕਿਵੇਂ ਦੀ ਆ ਇਸ ਬਾਰੇ ਕੋਈ ਗੱਲ ਨਹੀਂ ਹੈ। ਪੇਪਰ ਬਿਲਕੁਲ ਸਾਡੀ ਗੋਸ਼ਟੀ ਦੇ ਸੰਦਰਭ ਤੋਂ ਹੱਟ ਕੇ ਆ। ਡਾ. ਕੁਲਵੰਤ ਸਿੰਘ ਜੀ ਇਸਨੂੰ ਛਾਪਣ ਤੋਂ ਪਹਿਲਾਂ ਸੋਚ ਲੈਣਾ ਕਿ ਤੁਹਾਡੇ ਪ੍ਰਵਚਨ ਦਾ ਕੀ ਮਿਆਰ ਹੈ।

**ਜੱਸ ਮੰਡ** - ਮੈਨੂੰ ਚੰਗਾ ਲੱਗਾ ਕਿ ਮੈਨੂੰ ਅਖੀਰ ਵਿਚ ਸਮਾਂ ਮਿਲਿਆ ਤੇ ਸਮਅੱਪ ਕਰਨ ਲਈ ਕਿਹਾ। ਜੇ ਮੇਰੀ ਪਹਿਲਾਂ ਵਾਰੀ ਆਉਂਦੀ ਤਾਂ ਮੈਂ ਹੋਰ ਤਰ੍ਹਾਂ ਬੋਲਣਾ ਸੀ। ਮੈਨੂੰ ਲਗਦਾ ਕਿ ਡਾ. ਕੁਲਵੰਤ ਸਿੰਘ ਹੋਰਾਂ ਨੇ ਜਿਹੜਾ ਕਿਹਾ ਕਿ ਆਲੋਚਕ ਕੋਲ ਪਰਚਾ ਲਿਖਿਆ ਪਿਆ ਸੀ ਤੇ ਉਸਨੇ ਸਾਨੂੰ ਭੇਜ ਦਿੱਤਾ। ਹੁਣ ਤੁਸਾਂ ਛਾਪਣਾ ਨਹੀਂ ਛਾਪਣਾ, ਡਿਸਕਸ ਕਰਨਾ ਨਹੀਂ ਕਰਨਾ ਇਹ ਤੁਹਾਡੀ ਮਰਜੀ ਹੈ। ਹੁਣ ਕਈ ਵਾਰ ਇੰਝ ਹੁੰਦਾ ਹੈ ਕਿ ਅਖੀਰ ਵਿਚ ਪਰਚਾ ਆਉਂਦਾ ਹੈ ਤੇ ਥੋੜ੍ਹੇ ਸਮੇਂ ਵਿਚ ਤੁਸੀਂ ਨਵਾਂ ਪਰਚਾ ਵੀ ਨਹੀਂ ਲਿਖਵਾ ਸਕਦੇ। ਪਰ ਇਹ ਪੱਕੀ ਗੱਲ ਹੈ ਕਿ ਇਹ ਪਰਚਾ ਇਸ ਗੋਸ਼ਟੀ ਲਈ ਨਹੀਂ ਲਿਖਿਆ ਗਿਆ ਕਿਉਂਕਿ ਜੇ ਗੋਸ਼ਟੀ ਲਈ ਲਿਖਿਆ ਜਾਂਦਾ ਤਾਂ ਉਹ ਪਹਿਲਾਂ ਪੰਜਾਂ ਕਹਾਣੀਆਂ ਨੂੰ ਪੜ੍ਹਦਾ ਤੇ ਫਿਰ ਉਹਨਾਂ ਦਾ ਇਸ ਵਿਚ ਜਿਕਰ ਵੀ ਕਰਦਾ। ਉਹ ਵੇਖਦਾ ਕਿ ਇਹ ਕਹਾਣੀਆਂ ਕਿਥੇ ਫਿੱਟ ਬੈਠਦੀਆਂ ਹਨ। ਪਰ ਇਹ ਨਹੀਂ ਹੋਇਆ।

ਦੂਜੀ ਗੱਲ ਇਹ ਕਿਇਹ ਪਹਿਲੀ ਵਾਰ ਨਹੀਂ ਹੋ ਰਿਹ ਾਕਿ ਅਸੀਂ ਕਾਲ–ਵੰਡ ਬਾਰੇ ਡਿਸਕਸਕਰ ਰਹੇ ਹਾਂ। ਪਿਛਲੀ ਗੋਸ਼ਟੀ ਵਿਚ ਵੀ ਅਸਾਂ ਇਸ ਮਸਲੇ ਤੇ ਗੱਲਬਾਤ ਕੀਤੀ ਸੀ ਅਤੇ ਜਿਹੜੀ ਗੋਸ਼ਟੀ ਜਨਮੀਤ ਹੋਰਾਂ ਦੇ ਪਿੰਡ ਹੋਈ ਸੀ ਉਥੇ ਵੀ ਇਸ ਮਸਲੇ ਨੂੰ ਵਿਚਾਰਿਆ ਗਿਆ ਸੀ। ਉਦੋਂ ਰਜਨੀਸ਼ ਹੋਰੀ ਹਾਲੇ ਠੀਕ ਠਾਕ ਹੁੰਦੇ ਸਨ ਤੇ ਉਥੇ ਧਨਵੰਤ ਕੌਰ ਅਤੇ ਜਸਵਿੰਦਰ ਸਿੰਘ ਵੀ ਆਏ ਸਨ। ਉਥੇ ਇਸ ਗੱਲ ਤੇ ਸਹਿਮਤੀ ਨਹੀਂ ਸੀ ਬਣੀ ਸ ਕਿ ਅਸੀਂ ਕਾਲ–ਵੰਡ ਨਹੀਂ ਕਰ ਸਕਦੇ। ਕਰ ਸਕਦੇ ਹਾਂ ਅਧਿਆਪਕ ਪੜ੍ਹਾਉਣ ਦੀ ਸੌਖ ਲਈ ਕਰ ਲੈਂਦੇ ਨੇ। ਬਾਕੀ ਮੈਨੂੰ ਤਾਂ ਅਜੇ ਤੱਕ ਸਮਝ ਨਹੀਂ ਆਉਂਦੀ ਕਿ ਪਰਵਾਸੀ ਕਹਾਣੀ ਕੀ ਹੁੰਦੀ ਹੈ। ਔਰਤ ਕਹਾਣੀ ਜਾਂ ਨਾਰੀਵਾਦੀ ਕਹਾਣੀ ਕੀ ਹੁੰਦੀ ਹੈ। ਮਤਲਬ ਆਪੋ ਆਪਣੇ ਹਿਸਾਬ ਨਾਲ ਇਹ ਵੰਡ ਕਰੀ ਜਾਂਦੇ ਆ। ਨਾਰੀ ਵੱਲੋਂ ਲਿਖੀ ਕਹਾਣੀ ਨਾਰੀ ਕਹਾਣੀ, ਪਰਵਾਸੀ ਵੱਲੋਂ ਲਿਖੀ ਕਹਾਣੀ ਪਰਵਾਸੀ ਕਹਾਣੀ। ਹਾਲਾਂਕਿ ਅਸਲ ਵਿਚ ਇਹ ਗੱਲ ਨਹੀਂ ਹੈ। ਹੁਣ ਪਰਵਾਸੀ ਕਹਾਣੀਆਂ ਔਣ ਲੱਗੀਆਂ ਹਨ ਜਿਹੜੀਆ ਉਸ ਪਰਵਾਸ ਬਾਰੇ ਆ। ਅੱਗੇ ਤਾਂ ਪਰਵਾਸ ਵਿਚ ਬੈਠਾ ਆਪਣੇ ਪਿੰਡ ਬਾਰੇ ਕਹਾਣੀ ਲਿਖ ਰਿਹਾ ਸੀ ਤੇ ਅਸੀਂ ਉਸਨੂੰ ਵੀ ਪਰਵਾਸੀ ਕਹਾਣੀ ਕਹੀ ਜਾਂਦੇ ਸੀ। ਮੈਂ ਉਸ ਨਾਲ ਸਮਿਹਤ ਨਹੀਂ ਹਾਂ ਪਰ ਇਹ ਚਲੋ ਪੜ੍ਹਾਉਣ ਵਾਲਿਆਂ ਦਾ ਆਪਣਾ

ਇਕ ਹੈਗਾ ਪਰਪਜ਼ ਜਿਹਾ ਉਹਨਾਂ ਨੇ ਸਟੂਡੈਂਟਸ ਨੂੰ ਕਿੱਦਾਂ ਪੜਾਉਣਾ ਹੈ।

ਸੁਕੀਰਤ ਨੇ ਸਹੀ ਕਿਹਾ ਕਿ ਮਸਲੇ ਤਾਂ ਉਹੀ ਹਨ ਥੋੜ੍ਹੇ ਬਹੁਤ ਫਰਕ ਨਾਲ ਬਦਲਦੇ ਰਹਿੰਦੇ ਹਨ। ਉਹਨਾਂ ਨੂੰ ਲੇਖਕ ਥੋੜ੍ਹੇ ਬਹੁਤ ਫਰਕ ਨਾਲ ਪੇਸ਼ ਕਰਦੇ ਹਨ। ਪਰ ਅਸਲ ਵਿਚ ਜਿਹੜੀ ਕਹਾਣੀ ਤੁਹਾਡੇ ਚੇਤਿਆਂ ਵਿਚ ਰਹਿ ਜਾਂਦੀ ਜਿਵੇਂ ਸੁਕੀਰਤ ਨੇ ਕਿਹਾ, ਉਹ ਡਿਪੈਂਡ ਕਰਦੀ ਹੈ ਕਿ ਕਲਾਕਾਰ ਨੇ ਕਲਾਤਮਕ ਪੱਖੋਂ ਕਿਵੇਂ ਵਧੀਆ ਢੰਗ ਨਾਲ ਡੀਲ ਕੀਤਾ ਹੈ। ਉਸ ਵਿਚਲਾ ਪਾਤਰ ਤੁਹਾਨੂੰ ਯਾਦ ਰਹਿੰਦਾ ਕਿਉਂਕਿ ਲੇਖਕ ਨੇ ਉਸਦਾ ਪਾਤਰ ਚਿਤਰਣ ਕਿਵੇਂ ਵਧੀਆ ਕੀਤਾ ਹੁੰਦਾ ਹੈ। ਤੁਹਾਨੂੰ ਕਹਾਣੀ ਸਾਰੀ ਭੁੱਲ ਜਾਂਦੀ ਹੈ ਪਰ ਪਾਤਰ ਯਾਦ ਰਹਿੰਦੇ ਹਨ। ਟਾਂਗੇ  ਵਾਲਾ ਯਾਦ ਰਹਿੰਦਾ ਹੈ, 'ਧਰਤੀ ਹੇਠਲਾ ਬੌਲਦ' ਵਾਲਾ ਪਾਤਰ ਯਾਦ ਰਹਿੰਦਾ ਹੈ। ਇਕ ਜਾਂ ਦੋ ਪਾਤਰ ਯਾਦ ਰਹਿੰਦੇ ਹਨ। ਪੂਰੇ ਨਾਵਲ ਵਿਚੋਂ ਵੀ ਇਕ ਦੋ ਪਾਤਰ ਯਾਦ ਰਹਿੰਦੇ ਹਨ। ਅਜਿਹਾਂ ਵਾਪਰਨਾ ਡਿਪੈਂਡ ਕਰਦਾ ਹੈ ਕਿ ਲੇਖਕ ਨੇ ਕਲਾਤਮਕ ਪੱਖੋਂ ਤੁਹਾਡੇ ਇਮੋਸ਼ਨਜ਼ ਨੂੰ ਕਿੰਨਾ ਕੁ ਟੁੰਬਿਆ ਹੈ, ਲੇਖਕ ਨੇ ਉਸ ਪਾਤਰ ਦੀ ਮਨੋਵਿਗਿਆਨਕ ਚਿਤਰਣ ਕਿੰਨਾ ਕੂ ਕੀਤਾ ਹੈ। ਉਸ ਕਹਾਣੀ ਜਾਂ ਨਾਵਲ ਵਿਚੋਂ ਲਾਈਫ ਦੀਆਂ ਕੁਝ ਇਨ ਸਾਈਟਸ ਮਿਲਦੀਆਂ ਹਨ।

ਮੈਂ ਸਮਝਦਾ ਹਾਂ ਕਿ ਆਲੋਚਕ ਕਈ ਵਾਰ ਵਿਚਾਰਧਾਰਾ ਨੂੰ ਰੱਦ ਕਰਦਾ ਹੈ। ਜੇਕਰ ਕੋਈ ਲੇਖਕ ਜਾਂ ਅਲੋਚਕ ਵਿਚਾਰਧਾਰਾ ਨੂੰ ਕੱਟੜ-ਪੰਥੀਆਂ ਵਾਂਗ ਲਵੇ ਕਿ ਸਭ ਕੁਝ ਇਸ ਵਿਚੋਂ ਕੱਢਣਾ ਹੈ ਤਾਂ ਉਹ ਗਲਤ ਹੈ। ਪਰ ਬਿਨਾਂ ਵਿਚਾਰਧਾਰਾ ਤੋਂ ਕੋਈ ਬੰਦਾ ਨਹੀਂ ਹੁੰਦਾ, ਜੇ ਹੋਵੇਗਾ ਤਾਂ ਉਹ ਜੀਵਨ ਵਿਚ ਡੋਲਦਾ ਫਿਰੇਗਾ ਕਦੇ ਏਧਰ ਕਦੇ ਓਧਰ। ਉਹ ਲੁੜਕ ਜਾਵੇਗਾ, ਨਾ ਚਿੜੀ ਰਹੇਗਾ ਨਾ ਘੁੱਗੀ ਰਹੇਗਾ, ਉਹ ਚਿਰੜਘੁੱਗ ਬਣ ਜਾਵੇਗਾ। ਉਹ ਵਿਚਾਰਧਾਰਾ ਦੇ ਹੀ ਖਿਲਾਫ ਹੋਵੇਗਾ। ਅਸੀਂ ਇਹ ਨਹੀਂ ਕਹਿੰਦੇ ਕਿ ਕਿਸੇ ਲੇਖਕ ਦੀ ਹਰ ਕਹਾਣੀ ਵਿਚੋਂ ਮਾਰਕਸਵਾਦ ਕੱਢਣਾ ਹੈ ਪਰ ਹਰ ਕਹਾਣੀ ਦੱਸਦੀ ਹੈ ਕਿ ਕਹਾਣੀਕਾਰ ਕਿੱਧਰ ਖੜਾ ਹੈ। ਰਚਨਾਕਾਰ ਕਿਹੜੇ ਪਾਸੇ ਖੜਾ ਹੈ। ਉਹ ਦਲਿਤ ਜਾਂ ਦਮਿਤ ਵਾਲੇ ਪਾਸੇ ਖੜਾ ਹੈ ਮਤਲਬ ਕਹਿਣਾ ਕੀ ਚਾਹੁੰਦਾ ਹੈ। ਅਸੀਂ ਪੋਜਿਸ਼ਨਿੰਗ ਬਾਰੇ ਗੱਲ ਕਰਦੇ ਹੁੰਦੇ ਹਾਂ ਜੇ ਲੇਖਕ ਦੀ ਪੁਜੀਸ਼ਨ ਹੀ ਕੋਈ ਨਹੀਂ ਤਾਂ ਫਿਰ ਨਾ ਉਸਦੀ ਕਹਾਣੀ ਵਿਚੋਂ ਦਿਸਣੀ ਨਾ ਉਸਦੇ ਪਰਚੇ ਵਿਚੋਂ ਦਿਸਣੀ ਆ। ਉਹ ਮਿਹਨਤੀ ਬੰਦਾ ਏ ਮੈਨੂੰਪਤਾ ਆ ਪਰ ਪਤਾ ਨਹੀਂ ਕਈ ਵਾਰ ਮਿਹਨਤੀ ਵੀ ਆਲਸ ਕਰ ਜਾਂਦੇ ਹਨ। ਜੋ ਲਿਖਿਆ ਏ ਉਹੀ ਦੇ ਦਿਓ। ਡਾ. ਮਹਿਲ ਸਿੰਘ ਵਾਲੀ ਗੱਲ ਠੀਕ ਏ ਕਿ ਉਹ ਕਹਿੰਦੇ ਕਿ ਆਹ ਪਰਚਾ ਤਾਂ ਕੁਝ ਕਹਿੰਦਾ ਹੀ ਨਹੀਂ। ਇਸ ਪਰਚੇ ਨੇ ਪਾਠਕਾਂ ਕੋਲ ਜਾਣਾ ਹੈ ਇਸ ਨੂੰ ਸੋਧੋ।

ਪਰਚੇ ਵਿਚ ਬਹੁਤ ਸਾਰੇ ਅੰਗਰੇਜ਼ੀ ਸ਼ਬਦ ਵਰਤੇ ਗਏ ਹਨ ਕੀ ਆਲੋਚਨਾਂ ਲਈ ਅੰਗਰੇਜ਼ੀ ਵਰਤਣੀ ਜਰੂਰੀ ਹੈ। ਉਦਾਹਰਣ ਵਜੋਂ ਮਨੁੱਖੀ ਹੋਂਦ ਨੂੰ ਪ੍ਰੋਡਕਟਾਂ ਵਿਚ ਬਦਲਦਿੱਤਾ, ਨਵੇਂ ਸੰਦਰਭਾਂ ਨੂੰ ਰਜਿਸਟਰ ਕਰ ਰਹੀ ਹੈ, ਐਡਵੈਂਚਰਿਸਟ ਮਾਨਸਿਕਤਾ, ਲਾਊਡ ਸੁਰ, ਪਾਰਜੈਂਡਰ ਦ੍ਰਿਸ਼ਟੀ ਆਦਿ ਜੇਕਰ ਇਹਨਾਂ ਸ਼ਬਦਾਂ ਲਈ ਪੰਜਾਬੀ ਦੇ ਸਬਦ ਹੈਗੇ ਆ ਤਾਂ ਉਹਨਾਂ ਨੂੰ ਵਰਤੋ। ਅਸਲ ਵਿਚ ਜਿਹੜੀ ਭਾਸ਼ਾ ਵਿਚ ਪੜਿਆ ਉਸੇ ਭਾਸ਼ਾ ਦੇ ਸ਼ਬਦ ਵਰਤ ਗਏ ਜੋ ਮਿਹਨਤ ਦੀ ਘਾਟ ਨੂੰ ਪੇਸ਼ ਕਰਦੇ ਹਨ। ਧੰਨਵਾਦ ਜੀ!

ਕਹਾਣੀ

# ਤੁਖ਼ਮ

-ਭੁਪਿੰਦਰ ਸਿੰਘ ਮਾਨ

ਚੇਤਨ ਡਾਕਟਰ ਵਾਲ਼ੇ ਕਮਰੇ ਵਿਚੋਂ ਬਾਹਰ ਨਿੱਕਲ਼ ਕੇ ਨਾਲ਼ ਵਾਲ਼ੀ ਕੁਰਸੀ ’ਤੇ ਆ ਬੈਠਿਆ ਤਾਂ ਨਰਸ ਨੇ ਮਨਜੀਤ ਨੂੰ ਇਸ਼ਾਰੇ ਨਾਲ਼ ਅੰਦਰ ਸੱਦਿਆ। ਉਸ ਨੇ ਪਹਿਲਾਂ ਚੇਤਨ ਦੇ ਚਿਹਰੇ ’ਤੇ ਨਜ਼ਰ ਮਾਰੀ, ਹਾਲੇ ਵੀ ਉੱਥੇ ਵੈਰਾਨਗੀ ਤੇ ਉਦਾਸੀ ਦਾ ਹੀ ਪਹਿਰਾ ਸੀ। ਉਸ ਦਾ ਹਉਕਾ ਨਿਕਲ਼ ਗਿਆ। ਨਰਸ ਬੇ-ਸਬਰੀ ਹੋਈ ਖੜ੍ਹੀ ਸੀ। ਸ਼ਾਇਦ ਉਸ ਨੂੰ ਅਗਲੇ ਮਰੀਜ਼ਾਂ ਦੀ ਕਾਹਲ਼ ਸੀ। ਉਸ ਨੇ ਕਿਹਾ, “ਜਲਦੀ ਚਲੋ।”

ਉਹ ਹੌਲ਼ੀ-ਹੌਲ਼ੀ ਪੈਰ ਘੜੀਸਦੀ ਅੰਦਰ ਗਈ ਤੇ ਡਾਕਟਰ ਸਾਹਮਣੇ ਬੈਠਦੀ ਬੋਲੀ, “ਹੁਣ ਕਿਵੇਂ ਹੈ ਡਾਕਟਰ ਸਾਹਿਬ?”

ਡਾਕਟਰ ਨੇ ਉਸ ਵੱਲ ਗਹੁ ਨਾਲ਼ ਤੱਕਿਆ ਤੇ ਕਿਹਾ, “ਦੇਖੋ ਭੈਣ ਜੀ! ਮੈਂ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰ ਰਿਹਾਂ ਪਰ ਹਾਲੇ ਤੱਕ ਮੈਂ ਇਸ ਦੇ ਮਨ ਦੀ ਗੁੰਝਲ਼ ਖੋਲ੍ਹਣ ਵਿਚ ਕਾਮਯਾਬ ਨਹੀਂ ਹੋ ਸਕਿਆ। ਮੈਨੂੰ ਜਾਪਦਾ ਹੈ ਕਿ ਜਿਵੇਂ ਇਹ ਮੈਨੂੰ ਅੱਧੀਆਂ ਗੱਲਾਂ ਹੀ ਦੱਸ ਰਿਹਾ ਹੋਵੇ, ਪਿਛਲੀ ਵਾਰ ਤਾਂ ਹਾਲਤ ਥੋੜ੍ਹੀ ਖ਼ਰਾਬ ਸੀ, ਇਸ ਕਰਕੇ ਬਹੁਤੀ ਗੱਲਬਾਤ ਕਰਨ ਦੀ ਬਜਾਏ, ਪਹਿਲਾਂ ਦਵਾਈਆਂ ਨਾਲ਼ ਇਸ ਦੇ ਦਿਮਾਗ ਨੂੰ ਸ਼ਾਂਤ ਕੀਤਾ ਹੈ। ਹੁਣ ਤੁਸੀਂ ਮੈਨੂੰ ਪੂਰੀ ਗੱਲ ਵਿਸਥਾਰ ਨਾਲ਼ ਦੱਸੋ, ਇਸ ਦੀ ਇਹ ਹਾਲਤ ਜਦੋਂ ਹੋਈ ਤਾਂ ਕੀ ਵਾਪਰਿਆ ਸੀ?”

ਮਨਜੀਤ ਚੁੰਨੀ ਠੀਕ ਕਰਦੀ ਬੋਲੀ, “ਡਾਕਟਰ ਸਾਹਬ, ਕੀ ਦੱਸਾਂ। ਇਹ ਵੈਸੇ ਤਾਂ ਬਚਪਨ ਤੋਂ ਹੀ ਥੋੜ੍ਹਾ ਜਿਹਾ ਦੂਜੇ ਬੱਚਿਆਂ ਨਾਲ਼ੋਂ ਅੱਡ ਰਿਹਾ ਹੈ। ਜਦੋਂ ਦੀ ਇਸ ਦੀ ਭੂਆ ਨੇ ਜ਼ਮੀਨ ਵੇਚੀ ਹੈ, ਉਦੋਂ ਤੋਂ ਬਿਲਕੁਲ ਹੀ ਚੁੱਪ ਕਰ ਗਿਆ।”

“ਅੱਛਾ ਤਾਂ ਇਹ ਮਾਮਲਾ ਹੈ, ਇਸ ਦੇ ਪਿਤਾ ਜੀ?”

“ਉਹ ਤਾਂ ਜੀ ਕਈ ਸਾਲ ਪਹਿਲਾਂ ਹੀ ਪੂਰੇ ਹੋ ਗਏ ਸੀ। ਦਾਦੀ ਦੇ ਮਰਨੇ ਤੋਂ ਬਾਅਦ ਭੂਆ ਦੇ ਨਾਮ ਜ਼ਮੀਨ ਚੜ੍ਹ ਗਈ ਤੇ ਉਸ ਮਾੜੀ ਨੀਅਤ ਵਾਲ਼ੀ ਨੇ ਸਾਨੂੰ ਦੱਸੇ ਬਿਨਾਂ ਹੀ ਜ਼ਮੀਨ ਵੇਚ ਦਿੱਤੀ। ਮੇਰੇ ਨਾਲ਼ ਤਾਂ ਬਹੁਤ ਸਮੇਂ ਤੋਂ ਔਖੀ ਸੀ। ਇਸ ਵਿਚਾਰੇ ਨੇ ਫੇਰ ਵੀ ਨੀਵੇਂ ਹੋ ਕੇ ਮਿੰਨਤਾਂ ਕੀਤੀਆਂ ਪਰ ਉਸ ਮਾਂ ਦੀ ਧੀ ਨੇ ਇਕ ਨਹੀਂ ਸੁਣੀ। ਇਹਨੂੰ ਫੋਨ ’ਤੇ ਪਤਾ ਨੀਂ ਕੀ ਕਹਿ ਦਿੱਤਾ ਕਿ ਇਹ ਇਸ ਹਾਲਤ ਵਿਚ ਪਹੁੰਚ ਗਿਆ ਤੇ ਕਾਲਜ ਜਾਣਾ ਵੀ ਛੱਡ ਦਿੱਤਾ। ਮੇਰਾ ਸੋਨੇ ਵਰਗਾ ਲਾਲ ਹੁਣ ਨਾ ਚੰਗੀ ਤਰ੍ਹਾਂ ਸੌਂਦਾ, ਨਾ ਬੋਲਦਾ, ਕਦੇ-ਕਦੇ ਬਹੁਤ ਭੜਕ ਜਾਂਦਾ ਹੈ। ਬੱਸ ਹਰ ਵੇਲ਼ੇ ਕਿਸੇ ਉਧੇੜ-ਬੁਣ ਵਿਚ ਹੀ ਲੱਗਿਆ ਦਿਖਾਈ ਦਿੰਦਾ ਹੈ। ਇਹ ਹਾਲਤ ਦੇਖ ਕੇ ਮੇਰਾ ਤਾਂ ਚਿੱਤ ਘਬਰਾਉਂਦਾ ਜੀ ਕਿ ਕੋਈ ਅਣਹੋਣੀ ਨਾ ਕਰ ਲਵੇ।”

“ਭੈਣ ਜੀ, ਇਲਾਜ ਵਿਚ ਦਵਾਈਆਂ ਦੇ ਨਾਲ਼-ਨਾਲ਼ ਮਨੋ-ਵਿਗਿਆਨਿਕ ਗੱਲਬਾਤ ਵੀ ਕਰਾਂਗਾ ਹੀ ਪਰ ਮੈਨੂੰ ਇਸ ਦੀ ਸਮੱਸਿਆ ਦੀ ਜੜ੍ਹ ਪਤਾ ਲੱਗਣੀ ਚਾਹੀਦੀ ਏ। ਤੁਸੀਂ ਇਸ ਦਾ ਧਿਆਨ ਰੱਖਣਾ, ਇਕੱਲੇ ਨਹੀਂ ਛੱਡਣਾ ਤੇ ਨਾਲ਼ੇ ਤੁਸੀ ਖ਼ੁਦ ਗੱਲ ਕਰੋ। ਹੋ ਸਕਦੈ ਤੁਹਾਡੇ ਕੋਲ਼ ਮਨ ਦੀ ਘੁੰਡੀ ਖੋਲ੍ਹ ਦੇਵੇ। ਫੇਰ ਮੇਰੇ ਲਈ ਸੌਖਾ ਹੋ ਜਾਵੇਗਾ। ਮੈਂ ਇਹ ਕੁੱਝ ਦਵਾਈਆਂ

ਬਦਲ ਕੇ ਲਿਖ ਦਿੱਤੀਆਂ ਹਨ। ਦਸ ਦਿਨ ਤੱਕ ਦੁਬਾਰਾ ਦਿਖਾ ਜਾਣਾ।"

ਮਨਜੀਤ ਨੇ ਹਸਪਤਾਲ ਅੰਦਰਲੀ ਦੁਕਾਨ ਤੋਂ ਹੀ ਦਵਾਈਆਂ ਲਈਆਂ ਤੇ ਨਰਸ ਤੋਂ ਸਮਝ ਕੇ ਚੇਤਨ ਨਾਲ਼ ਘਰ ਆ ਗਈ। ਡਾਕਟਰ ਦੀਆਂ ਕਹੀਆਂ ਗੱਲਾਂ ਉਸ ਦੇ ਦਿਮਾਗ ਵਿਚ ਹਥੌੜੇ ਵਾਂਗ ਵੱਜ ਰਹੀਆਂ ਸਨ। ਉਸ ਨੇ ਰਸਤੇ ਵਿਚ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਪਰ ਚੇਤਨ ਨੇ ਹੁੰਗਾਰਾ ਨਾ ਭਰਿਆ। ਉਸ ਦਿਨ ਤੋਂ ਬਾਅਦ ਤਾਂ ਮਨਜੀਤ ਖਾਣਾ-ਪੀਣਾ ਭੁੱਲ ਕੇ ਚੇਤਨ ਦਾ ਸਾਇਆ ਹੀ ਬਣ ਗਈ। ਸਮੇਂ-ਸਿਰ ਦਵਾਈ ਖਾਣ ਦਾ ਥੋੜ੍ਹਾ-ਥੋੜ੍ਹਾ ਅਸਰ ਦਿਖਾਈ ਦੇਣ ਲੱਗਾ ਤਾਂ ਇਕ ਰਾਤ ਸੌਣ ਸਮੇਂ ਉਸ ਨੇ ਚੇਤਨ ਦਾ ਚੰਗਾ ਰੌਂਅ ਦੇਖ ਕੇ ਗੱਲ ਤੋਰੀ।

"ਦੇਖ ਪੁੱਤ! ਜ਼ਮੀਨ ਦੀ ਗੱਲ ਮਨ 'ਤੇ ਨਾ ਲਾ। ਜ਼ਮੀਨਾਂ ਬੰਦਿਆਂ ਲਈ ਹੁੰਦੀਆ ਨੇ, ਬੰਦੇ ਜ਼ਮੀਨਾਂ ਲਈ ਨਹੀਂ। ਆਪਣੇ ਆਸੇ-ਪਾਸੇ ਦੇਖ, ਕਿੰਨਿਆਂ ਕੁ ਕੋਲ਼ੇ ਜ਼ਮੀਨਾਂ ਨੇ। ਉਹ ਵੀ ਤਾਂ ਟਾਈਮ-ਪਾਸ ਕਰਦੇ ਨੇ। ਹਾਲੇ ਵੀ ਆਪਣੇ ਕੋਲ਼ੇ ਸੱਤ ਕਿੱਲੇ ਬਚ ਗਏ। ਇਹ ਬਥੇਰੇ ਨੇ।" ਮਨਜੀਤ ਨੇ ਦਿਲਾਸਾ ਦਿੱਤਾ।

"ਹਾਂ ਬੀਬੀ! ਇਹ ਤਾਂ ਠੀਕ ਹੈ ਪਰ ਭੂਆ ਨੇ ਇਉਂ ਕਿਉਂ ਕੀਤਾ? ਜ਼ਮੀਨ ਵਾਲ਼ੀ ਗੱਲ ਵੀ ਭੁੱਲ ਜਾਂਦਾ ਪਰ ਉਸ ਨੇ ਜੋ ਮਿਹਣਾ ਮਾਰਿਆ, ਉਸ ਨੇ ਤਾਂ ਮੇਰਾ ਸੀਨਾ ਚਾਕ ਕਰ ਦਿੱਤਾ। ਉਸ ਦੀ ਗੱਲ ਮੇਰੇ ਚੇਤੇ ਤੋਂ ਨਹੀਂ ਉੱਤਰਦੀ। ਮੇਰਾ ਤਾਂ ਜਿਊਣ ਨੂੰ ਜੀਅ ਨਹੀਂ ਕਰਦਾ।" ਇਹ ਕਹਿ ਕੇ ਚੇਤਨ ਰੋਣ-ਹਾਕਾ ਹੋ ਗਿਆ।

"ਹਾਏ-ਹਾਏ ਇਉਂ ਨਾ ਕਹਿ ਮੇਰਾ ਪੁੱਤ! ਮੇਰਾ ਕਾਲ਼ਜਾ ਡੁੱਬਦਾ। ਉਸ ਭੁੰਨਣੀ ਨੇ ਇਹੋ ਜਿਹਾ ਕੀ ਕਹਿ ਦਿੱਤਾ, ਜਿਹੜਾ ਤੂੰ ਏਨਾ ਦਰੇਗ ਮੰਨੀ ਫਿਰਦਾਂ? ਹਾੜ੍ਹੇ-ਹਾੜ੍ਹੇ ਮੈਨੂੰ ਦੱਸ ਮੇਰਾ ਪੁੱਤ।" ਮਨਜੀਤ ਦਾ ਹਉਕਾ ਨਿੱਕਲ਼ ਗਿਆ ਸੀ।

"ਅੱਛਾ ਹੁਣ ਤੈਨੂੰ ਮੈਂ ਦੱਸਾਂ? ਸਾਰਾ ਕਸੂਰ ਤਾਂ ਤੇਰਾ ਹੀ ਐ ਬੀਬੀ।" ਉਸ ਦਾ ਰੌਂਅ ਬਦਲ ਗਿਆ ਸੀ, "ਹੁਣ ਮੈਥੋਂ ਕੀ ਪੁੱਛਦੀ ਆਂ। ਸਾਰਾ ਤਾਂ ਤੈਨੂੰ ਪਤਾ।"

ਇਹ ਕਹਿ ਕੇ ਚੇਤਨ ਦੂਜੇ ਪਾਸੇ ਮੂੰਹ ਘੁੰਮਾ ਕੇ ਪੈ ਗਿਆ। ਉਹ ਲਗਾਤਾਰ ਕੰਧ ਵੱਲ ਦੇਖ ਰਿਹਾ ਸੀ। ਮਨਜੀਤ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਸ ਨੇ ਚੇਤਨ ਨੂੰ ਦੁਬਾਰਾ ਪਿਆਰ ਨਾਲ਼ ਵਰਿਆ-ਤਰਿਆ ਕੇ ਦਵਾਈ ਖਵਾਈ। ਥੋੜ੍ਹੇ ਸਮੇਂ ਬਾਅਦ ਉਸ ਦੇ ਘੁਰਾੜੇ ਸੁਣਾਈ ਦੇਣ ਲੱਗੇ ਪਰ ਮਨਜੀਤ ਦੀਆਂ ਅੱਖਾਂ ਤੋਂ ਨੀਂਦ ਕੋਹਾਂ ਦੂਰ ਸੀ। ਉਹ ਯਾਦਾਂ ਦੀ ਚਿਖ਼ਾ ਵਿਚ ਸੜਨ ਲੱਗੀ। ਉਸ ਨੇ ਰਾਣੀ ਦਾ ਕੀ ਵਿਗਾੜਿਆ, ਜਿਹੜੀ ਪਹਿਲਾਂ ਉਸ ਦੇ ਵੈਰ ਪਈ ਰਹੀ ਤੇ ਹੁਣ ਉਸ ਦੇ ਪੁੱਤ ਦੀ ਦੁਸ਼ਮਣ ਬਣੀ ਬੈਠੀ ਹੈ। ਉਹ ਅਤੀਤ ਵਿਚ ਚੁੱਭੀ ਮਾਰ ਗਈ ਸੀ।

ਗੁਆਂਢ ਦੀ ਤਾਈ ਰਾਹੀਂ ਰਿਸ਼ਤਾ ਪਹੁੰਚਿਆ ਸੀ। ਮੁੰਡੇ ਨੂੰ ਪੰਦਰਾਂ ਕਿੱਲੇ ਜ਼ਮੀਨ ਆਉਂਦੀ ਸੀ। ਉਸ ਦੀ ਸੱਸ ਨਾਲ਼ ਰਾਣੀ ਵੀ ਉਸ ਨੂੰ ਦੇਖਣ ਆਈ। ਉਸ ਦਾ ਬਾਪ ਘੱਟ ਜ਼ਮੀਨ ਵਾਲ਼ਾ ਗਰੀਬ ਕਿਰਸਾਨ ਸੀ। ਉਹ ਦੋ ਭੈਣਾਂ ਤੇ ਇਕ ਭਰਾ ਵਿਚੋਂ ਸਭ ਤੋਂ ਛੋਟੀ ਸੀ। ਭਰਾ ਰੇਸ਼ਮ ਤੇ ਵੱਡੀ ਭੈਣ ਨਸੀਬ ਤਾਂ ਪਿਉ ਨੇ ਕਰਜ਼ਾ ਚੁੱਕ ਕੇ ਵਿਆਹ ਦਿੱਤੇ ਸਨ ਪਰ ਦਸ ਪੜ੍ਹੀ ਮਨਜੀਤ ਉਨ੍ਹਾਂ ਲਈ ਬਾਰੋਂ ਉਠਾਉਣੀ ਮੁਸ਼ਕਿਲ ਹੋਈ ਪਈ ਸੀ। ਉਸ ਦਾ ਬਾਪ ਪੰਦਰਾਂ ਕਿੱਲੇ ਜ਼ਮੀਨ ਤੇ ਮੰਗ ਕੋਈ ਨਾ ਸੁਣ ਕੇ ਤੁਰੰਤ ਰਾਜ਼ੀ ਹੋ ਗਿਆ। ਮਨਜੀਤ ਨੂੰ ਇਹ ਜਾਣ ਕੇ ਧੱਕਾ ਲੱਗਿਆ ਸੀ ਕਿ ਉਸ ਦਾ ਹੋਣ ਵਾਲ਼ਾ ਘਰਵਾਲ਼ਾ ਦਹਾਜੂ ਸੀ। ਪਹਿਲੀ ਘਰਵਾਲ਼ੀ ਦੇ ਬੱਚਾ ਨਾ ਹੋਣ ਕਰਕੇ ਤਲਾਕ ਹੋ ਗਿਆ ਸੀ। ਇਸੇ ਲਈ 'ਝੱਟ ਮੰਗਣੀ, ਪੱਟ ਵਿਆਹ' ਵਾਲ਼ੀ

ਗੱਲ ਹੋਈ। ਮੂੰਹ-ਦਿਖਾਈ ਵੇਲ਼ੇ ਰਾਣੀ ਬੋਲੀ, "ਲੈ ਬੇਬੇ, ਨੂੰਹ ਤੈਨੂੰ ਚੰਦ ਦਾ ਟੁਕੜਾ ਮਿਲ ਗਈ, ਸਾਂਭ ਕੇ ਰੱਖੀਂ।" ਉਸ ਦੀ ਬੋਲ-ਬਾਣੀ ਤੋਂ ਮਨਜੀਤ ਨੇ ਹਿਸਾਬ ਲਾ ਲਿਆ ਸੀ ਕਿ ਹੋਣ ਵਾਲ਼ੀ ਨਨਾਣ ਥੋੜ੍ਹੀ ਜਿਹੀ ਤੇਜ਼ ਜਾਪਦੀ ਹੈ।

ਉਸ ਦਾ ਘਰਵਾਲ਼ਾ ਗੋਰਾ ਉਸ ਤੋਂ ਬਾਰਾਂ-ਤੇਰਾਂ ਵਰ੍ਹੇ ਵੱਡਾ ਹੈ, ਜਾਣ ਕੇ ਮਨ 'ਤੇ ਸੱਟ ਮਹਿਸੂਸ ਕੀਤੀ ਸੀ। ਕੁੱਝ ਦਿਨਾਂ ਵਿਚ ਹੀ ਜਾਣ ਗਈ ਕਿ ਉਹ ਘਰ ਦੀ ਕਬੀਲਦਾਰੀ ਵਿਚ ਕਿਸੇ ਗਿਣਤੀ ਵਿਚ ਨਹੀਂ ਆਉਂਦਾ। ਉਹ ਸਵੇਰੇ ਹੀ ਭੁੱਕੀ ਦੇ ਦੋ ਕਾਰਡ ਖਾ ਕੇ ਉੱਠਦਾ ਤੇ ਸ਼ਾਮ ਨੂੰ ਦਾਰੂ ਦੇ ਹਵਾਲੇ ਹੋ ਜਾਂਦਾ।

ਉਸ ਨੂੰ ਜਲਦੀ ਚਾਨਣ ਹੋ ਗਿਆ ਕਿ ਘਰ ਵਿਚ ਚਲਦੀ ਹੀ ਰਾਣੀ ਦੀ ਹੈ। ਉਹ ਗੋਰੇ ਤੋਂ ਦੋ ਸਾਲ ਛੋਟੀ ਸੀ। ਉਹ ਆਪਣੇ ਦੋ ਨਿਆਣਿਆਂ ਨੂੰ ਲੈ ਕੇ ਹਰ ਮਹੀਨੇ ਪੇਕੇ ਆ ਧਮਕਦੀ। ਸਹੁਰਾ ਰਿਟਾਇਰਡ ਫੌਜੀ ਅਸੂਲਾਂ ਵਾਲ਼ਾ ਬੰਦਾ ਸੀ। ਉਹ ਇਸ 'ਤੇ ਥੋੜ੍ਹਾ-ਬਹੁਤਾ ਕਿੰਤੂ-ਪ੍ਰੰਤੂ ਕਰਦਾ। ਸੱਸ ਉਸ ਨੂੰ ਟਿਕਾ ਦਿੰਦੀ। ਘਰਵਾਲ਼ੀ ਦੇ ਸੁਭਾਅ ਕਰਕੇ ਘਰੇ ਦਖ਼ਲ-ਅੰਦਾਜ਼ੀ ਘੱਟ ਹੀ ਕਰਦਾ ਸੀ। ਉਹ ਸੱਥ ਵਿਚ ਤਾਸ਼ ਖੇਡ ਲੈਂਦਾ ਜਾਂ ਸਾਂਝੇ ਕੰਮਾਂ ਵਿਚ ਤੁਰਿਆ ਫਿਰਦਾ। ਘਰੇ ਸੱਸ ਤੇ ਰਾਣੀ ਸਾਰਾ ਦਿਨ ਹੁਕਮ ਚਲਾਉਂਦੀਆਂ। ਰਾਣੀ ਦਾ ਘਰਵਾਲ਼ਾ ਨਛੱਤਰ ਵੀ ਪਿੱਛੇ ਪਹੁੰਚ ਜਾਂਦਾ। ਉਹ ਗੋਰੇ ਦੀ ਹੀ ਉਮਰ ਦਾ ਸੀ। ਗੋਰਾ 'ਸਰਦਾਰ ਜੀ, ਸਰਦਾਰ ਜੀ' ਕਰਦਾ ਉਸ ਦੀ ਸੇਵਾ ਵਿਚ ਲੱਗਿਆ ਰਹਿੰਦਾ। ਮਾਂ ਰਾਣੀ ਨੂੰ ਜਾਣ ਸਮੇਂ ਸਾਮਾਨ ਨਾਲ਼ ਲੱਦ ਦਿੰਦੀ। ਰਾਣੀ ਵੀਂ ਛਾਂਟ-ਛਾਂਟ ਕੇ ਚੀਜ਼ਾਂ ਲਿਜਾਂਦੀ। ਮਨਜੀਤ ਨੂੰ ਉਸ ਦਾ ਲਾਲਚੀ ਸੁਭਾਅ ਚੰਗਾ ਨਹੀਂ ਲੱਗਦਾ ਸੀ।

ਸਮਾਂ ਆਪਣੀ ਰਫ਼ਤਾਰ ਤੁਰਦਾ ਰਿਹਾ। ਜਦੋਂ ਚੌਥੇ ਸਾਲ ਵੀ ਉਸ ਦੀ ਕੁੱਖ ਹਰੀ ਨਾ ਹੋਈ ਤਾਂ ਸੱਸ ਦਾ ਰਵੱਈਆ ਬਦਲਣ ਲੱਗਾ। ਉਹ ਗੱਲ-ਗੱਲ 'ਤੇ ਤਾਹਨੇ ਮਾਰਨ ਲੱਗੀ, "ਲੈ ਦੂਜੀ ਵੀ ਬਾਂਝ ਹੀ ਆ ਗਈ। ਲੱਗਦਾ ਇਹ ਘਰ ਤਾਂ ਔਂਤ ਜਾਊ।"

ਆਂਢਣਾਂ-ਗੁਆਂਢਣਾਂ ਇਸ ਵਰਤਾਰੇ ਦਾ ਸਵਾਦ ਲੈਂਦੀਆਂ। ਇਸ਼ਾਰਿਆਂ-ਇਸ਼ਾਰਿਆਂ 'ਚ ਮਨਜੀਤ ਨੂੰ ਸੁਣਾਉਂਦੀਆਂ ਕਿ ਉਸ ਦੇ ਘਰਵਾਲ਼ੇ ਵਿਚ ਤਿੰਨ ਕਾਣੇ ਹੈਨੀ। ਇਹ ਹੰਕਾਰੀ ਜੱਟੀ ਤਾਂ ਐਵੇਂ ਤੈਨੂੰ ਤੁੰਨ੍ਹਦੀ ਹੈ। ਪਿੰਡ ਵਿਚ ਗੱਲ ਤਾਂ ਪਹਿਲਾਂ ਹੀ ਸੀ ਕਿ ਗੋਰੇ ਦੇ ਹੱਥ-ਪੱਲੇ ਕੁੱਝ ਨੀਂ, ਹੁਣ ਤਾਂ ਹੱਟੀ-ਭੱਠੀ 'ਤੇ ਗੱਲਾਂ ਹੋਣ ਲੱਗੀਆਂ ਕਿ ਦੂਜੀ ਦੇ ਕੁੱਝ ਫੇਰ ਹੋਊ, ਜੇ ਗੋਰੇ ਦੀ ਝੋਲ਼ੀ ਵਿਚ ਦਾਣੇ ਹੋਣਗੇ। ਜਦੋਂ ਗੋਰੇ ਨੂੰ ਇਸ ਖੁੰਢ-ਚਰਚਾ ਦਾ ਪਤਾ ਲੱਗਿਆ ਤਾਂ ਉਸ ਨੇ ਦਾਰੂ ਵਧਾ ਦਿੱਤੀ। ਮਨਜੀਤ ਨੂੰ ਹੈਰਾਨੀ ਹੁੰਦੀ ਕਿ ਗੋਰਾ ਸਰੀਰਕ ਤੌਰ 'ਤੇ ਤਾਂ ਠੀਕ ਲੱਗਦਾ। ਫੇਰ ਔਲਾਦ ਕਿਉਂ ਨਹੀਂ ਹੁੰਦੀ।

ਉਸ ਦੀ ਸੱਸ ਉਸ ਨੂੰ ਡਾਕਟਰਾਂ ਕੋਲ਼ ਲੈ ਕੇ ਤੁਰੀ ਫਿਰਦੀ। ਉਸ ਦੇ ਟੈਸਟ ਹੁੰਦੇ ਰਹੇ ਪਰ ਉਸ ਵਿਚ ਕੋਈ ਨੁਕਸ ਨਾ ਨਿੱਕਲ਼ਿਆ। ਕਾਫ਼ੀ ਸਾਰੀਆਂ ਥਾਵਾਂ ਤੋਂ ਦਵਾਈਆਂ ਤੇ ਧੱਕੇ ਖਾਣ ਤੋਂ ਬਾਅਦ ਜਦੋਂ ਗੱਲ ਨਾ ਬਣੀ ਤਾਂ ਫੌਜੀ ਨੇ ਲੁਧਿਆਣੇ ਡੀ.ਐੱਮ.ਸੀ. ਜਾਣ ਦੀ ਗੱਲ ਕਹੀ। ਇਸ ਵਾਰੀ ਉਹ ਪਹਿਲੀ ਵਾਰੀ ਅੜ ਗਈ ਤੇ ਉਸ ਨੇ ਗੋਰੇ ਨੂੰ ਵੀ ਨਾਲ਼ ਤੋਰ ਲਿਆ। ਦੋਵਾਂ ਦੇ ਟੈਸਟ ਹੋਏ ਤਾਂ ਮਰਜ਼ ਡਾਕਟਰਾਂ ਦੀ ਸਮਝ ਵਿਚ ਆ ਗਿਆ ਸੀ।

ਵੱਡੇ ਡਾਕਟਰ ਨੇ ਉਸ ਦੀ ਸੱਸ ਨੂੰ ਸਮਝਾਇਆ, "ਦੇਖੋ ਮਾਤਾ ਜੀ, ਬੱਚਾ ਨਾ ਹੋਣ ਦਾ ਕਾਰਨ ਤੁਹਾਡੇ ਬੇਟੇ ਦੇ ਸਰੀਰ ਵਿਚ ਸਪਰਮ ਦੀ ਘਾਟ ਹੈ।"

ਸੱਸ ਡਾਕਟਰ ਨੂੰ ਭੱਜ ਕੇ ਪਈ ਸੀ, "ਲੈ ਮੈਨੂੰ ਪਤਾ ਨੀ ਭਲਾ, ਘੋੜੇ ਵਰਗਾ ਮੇਰਾ ਪੁੱਤ, ਜੇ ਕੋਈ ਘਾਟ ਹੁੰਦੀ ਤਾਂ ਦਿਸਦੀ ਨਾ।"

ਡਾਕਟਰ ਨੇ ਸਬਰ ਦਾ ਪੱਲਾ ਨਾ ਛੱਡਿਆ ਤੇ ਸਮਝਾਇਆ, "ਮਾਤਾ ਜੀ, ਬੰਦੇ ਵਿਚ ਹੋਰ ਕੋਈ ਘਾਟ ਨਹੀਂ ਹੁੰਦੀ। ਸਿਰਫ਼ ਬੱਚਾ ਪੈਦਾ ਕਰਨ ਵਾਲ਼ੇ ਜੀਵਾਣੂ ਉਸ ਦਾ ਸਰੀਰ ਘੱਟ ਬਣਾਉਂਦਾ ਜਾਂ ਨਹੀਂ ਬਣਾਉਂਦਾ।"

ਉਸ ਦੀ ਸੱਸ ਲਈ ਇਹ ਮੰਨਣਾ ਬਹੁਤ ਔਖਾ ਸੀ, "ਲੈ ਆਹ ਤਾਂ ਨਵੀਂ ਹੀ ਗੱਲ ਦੱਸ ਤੀ, ਜੈ-ਖਾਣੇ ਦੀਆਂ ਨਵੀਆਂ-ਨਵੀਆਂ ਬਿਮਾਰੀਆਂ ਚੱਲ ਪਈਆਂ।"

ਇਉਂ ਬੁੜਬੁੜਾਉਂਦੀ ਉਹ ਹਸਪਤਾਲ ਵਿਚੋਂ ਬਾਹਰ ਆ ਗਈ। ਗੋਰੇ ਦਾ ਲਾਲ ਸੂਹਾ ਰੰਗ ਕਾਲ਼ਾ ਪੈ ਗਿਆ ਸੀ। ਜਦੋਂ ਫੌਜੀ ਨੇ ਉਨ੍ਹਾਂ ਨੂੰ ਚੰਡੀਗੜ੍ਹ ਦਿਖਾਇਆ ਤਾਂ ਉਸ ਦੀ ਸੱਸ ਨੂੰ ਯਕੀਨ ਆਇਆ। ਹੁਣ ਉਹ ਗੱਲ-ਗੱਲ 'ਤੇ ਟੋਕਦੀ ਕਿ ਬਾਹਰ ਕਿਸੇ ਨੂੰ ਪਤਾ ਲੱਗਿਆ ਤਾਂ ਮੈਥੋਂ ਬੁਰਾ ਕੋਈ ਨਹੀਂ। ਗੋਰਾ ਸ਼ਰਾਬ ਵੱਲ ਹੋਰ ਰੁਚਿਤ ਹੋ ਗਿਆ। ਇਸ ਗੱਲ 'ਤੇ ਫੌਜੀ ਕਈ ਵਾਰੀ ਉਸ ਦੀ ਸੱਸ ਤੇ ਗੋਰੇ ਨੂੰ ਝਿੜਕਦਾ। ਸੱਸ ਫੌਜੀ ਨੂੰ ਅੰਦਰ ਲਿਜਾ ਕੇ ਸਮਝਾਉਂਦੀ ਤਾਂ ਉਹ ਚੁੱਪ ਕਰ ਜਾਂਦਾ।

ਮਨਜੀਤ ਮਾਪਿਆਂ ਵੱਲ ਦੇਖ ਕੇ ਹਰ ਹਾਲਤ ਨਾਲ਼ ਸਮਝੌਤਾ ਕਰਦੀ ਰਹੀ। ਇਸ ਵਾਰ ਰਾਣੀ ਆਈ ਤਾਂ ਦੋਵੇਂ ਮਾਵਾਂ-ਧੀਆਂ ਸਿਰ ਜੋੜ ਕੇ ਬੈਠੀਆਂ ਰਹਿੰਦੀਆਂ। ਜਦੋਂ ਮਨਜੀਤ ਚਾਹ-ਪਾਣੀ ਫੜਾਉਣ ਜਾਂਦੀ ਤਾਂ ਚੁੱਪ ਕਰ ਜਾਂਦੀਆਂ। ਇਕ ਵਾਰ ਤਾਂ ਉਨ੍ਹਾਂ ਵੱਲ ਦੇਖ ਕੇ ਮਨਜੀਤ ਦਾ ਦਿਲ ਫੜੱਕ-ਫੜੱਕ ਵੱਜਣ ਲੱਗਦਾ। ਉਸ ਨੂੰ ਲੱਗਦਾ ਕਿ ਸ਼ਾਇਦ ਗੋਰੇ ਦੇ ਤੀਜੇ ਵਿਆਹ ਦੀਆਂ ਗੋਂਦਾਂ ਨਾ ਗੁੰਦਦੀਆਂ ਹੋਣ। ਫੇਰ ਆਪੇ ਮਨ ਨੂੰ ਦਲੀਲ ਦਿੰਦੀ ਕਿ ਘਾਟ ਤਾਂ ਗੋਰੇ ਵਿਚ ਹੈ, ਤੀਜੇ ਵਿਆਹ ਨਾਲ਼ ਕੀ ਹੋ ਜਾਊ? ਰਾਣੀ ਤੀਜੇ ਦਿਨ ਵਾਪਸ ਚਲੀ ਗਈ। ਹਫ਼ਤੇ ਬਾਅਦ ਉਹ ਤੇ ਨਛੱਤਰ ਦੋਵੇਂ ਪਹੁੰਚ ਗਏ।

ਇਸ ਵਾਰ ਮਨਜੀਤ ਜਦੋਂ ਨਛੱਤਰ ਨੂੰ ਕੁੱਝ ਫੜਾਉਣ ਜਾਂਦੀ ਤਾਂ ਉਸ ਨੂੰ ਲੱਗਦਾ, ਜਿਵੇਂ ਉਸ ਦਾ ਰਵੱਈਆ ਬਦਲਿਆ ਪਿਆ ਹੋਵੇ। ਔਰਤ ਬੰਦੇ ਦੀ ਅੱਖ ਦੇਖ ਕੇ ਸਮਝ ਜਾਂਦੀ ਹੈ ਕਿ ਸਾਹਮਣੇ ਵਾਲ਼ਾ ਕੀ ਚਾਹੁੰਦਾ ਹੈ। ਇਕ ਵਾਰ ਤਾਂ ਉਸ ਨੂੰ ਇਹ ਗੱਲ ਮਨ ਦਾ ਵਹਿਮ ਲੱਗੀ ਕਿਉਂਕਿ ਮਾਲਵੇ ਦੇ ਇਨ੍ਹਾਂ ਪਿੰਡਾਂ ਵਿਚ ਜੱਟਾਂ ਦੇ ਸਾਲ਼ੇਹਾਰ ਤੇ ਨਣਦੋਈਆ ਦੋਵੇਂ ਇਕ-ਦੂਜੇ ਨੂੰ ਭੈਣ-ਭਰਾ ਮੰਨਦੇ ਹਨ। ਜਦੋਂ ਉਹ ਰਾਤ ਨੂੰ ਦੁੱਧ ਫੜਾਉਣ ਗਈ ਤਾਂ ਉਸ ਦਾ ਇਹ ਭਰਮ ਟੁੱਟ ਗਿਆ। ਨਛੱਤਰ ਨੇ ਗੰਦਾ ਮਖ਼ੌਲ ਕਰਦੇ ਉਸ ਦੀ ਬਾਂਹ ਫੜ ਲਈ ਤਾਂ ਇਕ ਵਾਰ ਉਹ ਸੁੰਨ ਹੋ ਕੇ ਰਹਿ ਗਈ।

ਫੇਰ ਸੰਭਲ਼ ਕੇ ਕਹਿਣ ਲੱਗੀ, "ਬਾਈ ਆਹ ਕੀ ਕਰਦਾਂ?" ਕਹਿ ਕੇ ਉਸ ਦੀਆਂ ਅੱਖਾਂ ਵਿਚੋਂ ਹੰਝੂ ਵਗ ਤੁਰੇ ਤੇ ਝਟਕੇ ਨਾਲ਼ ਬਾਂਹ ਛੁਡਾ ਕੇ ਬਾਹਰ ਵੱਲ ਨੂੰ ਭੱਜੀ। ਹਾਲੇ ਉਹ ਬਾਹਰ ਆਈ ਸੀ ਕਿ ਸਾਹਮਣੇ ਸੱਸ ਮਿਲ ਗਈ, ਜਿਹੜੀ ਉਸ ਨੂੰ ਤੇਜ਼ ਨਜ਼ਰਾਂ ਨਾਲ਼ ਘੂਰ ਰਹੀ ਸੀ। ਉਸ ਨੂੰ ਦੇਖ ਕੇ ਮਨਜੀਤ ਦੇ ਹੰਝੂ ਨਿੱਕਲ਼ ਗਏ।

ਸੱਸ ਬੋਲੀ, "ਕਿਉਂ ਬੂਹਕੀ ਜਾਨੀ ਐਂ? ਕੀ ਹੋ ਗਿਆ?"

"ਬਾਈ ਮੇਰੇ ਨਾਲ਼....ਬਾਈ ਮੇਰੇ ਨਾਲ਼ ਧੱਕਾ ਕਰਦਾ....।" ਇਹ ਕਹਿੰਦੀ ਉਹ ਜ਼ਾਰੋ-ਜ਼ਾਰ ਰੋ ਪਈ।

"ਚੁੱਪ ਕਰ।" ਉਹ ਸੱਪ ਵਾਂਗੂੰ ਫੁੰਕਾਰੀ। ਫੇਰ ਗੁੱਸੇ 'ਚ ਬੋਲੀ, "ਲੋਕ ਤੇਰੇ ਧਗੜੇ ਨੂੰ ਨਾ-ਮਰਦ ਨਾ ਕਹਿਣ ਤੇ ਘਰ ਨੂੰ ਵਾਰਿਸ ਮਿਲ ਜਾਵੇ, ਇਸ ਲਈ ਅਸੀਂ ਇਹ ਹੂਲ਼ਾ ਫੱਕਿਆ।"

ਫੇਰ ਸੱਸ ਥੋੜ੍ਹੀ ਜਿਹੀ ਨਰਮੀ ਨਾਲ਼ ਬੋਲੀ, "ਦੇਖ ਪੁੱਤ! ਘਰ ਦੀ ਇੱਜ਼ਤ ਤੇਰੇ ਹੱਥ ਐ, ਤੀਵੀਂ ਬੰਦਾ ਕਿਸੇ ਨਾਲ਼ ਨਹੀਂ ਵੰਡਦੀ, ਰਾਣੀ ਵਿਚਾਰੀ ਫੇਰ ਵੀ ਕੁਰਬਾਨੀ ਕਰੀ ਜਾਂਦੀ ਐ। ਨਾਲ਼ੇ ਇਹ ਕਿਹੜਾ ਸਦਾ ਵਾਸਤੇ ਹੈ। ਤੂੰ ਨਛੱਤਰ ਸਿਉਂ ਨਾਲ਼ ਇਕ-ਦੋ ਵਾਰ ਬੋਲ-ਚਾਲ ਕਰ ਲੈ, ਰੱਬ ਭਲੀ ਕਰੂ। ਉਸ ਤੋਂ ਬਾਅਦ ਮੈਂ ਕਦੇ ਤੇਰੇ 'ਤੇ ਜ਼ੋਰ ਨਹੀਂ ਪਾਉਂਦੀ।"

"ਨਾ ਬੇਬੇ, ਇਹ ਨਹੀਂ ਹੋ ਸਕਦਾ। ਮੈਂ ਆਪਣਾ ਧਰਮ ਨਹੀਂ ਤੋੜ ਸਕਦੀ।" ਕਹਿ ਕੇ ਉਹ ਆਪਣੇ ਕਮਰੇ 'ਚ ਚਲੀ ਗਈ। ਸ਼ਰਾਬ ਨਾਲ਼ ਰੱਜਿਆ ਗੋਰਾ ਘੁਰਾੜੇ ਮਾਰ ਰਿਹਾ ਸੀ। ਹੰਝੂ ਉਸ ਦੀਆਂ ਅੱਖਾਂ ਵਿਚੋਂ ਗੰਗਾ-ਜਮੁਨਾ ਵਾਂਗੂੰ ਵਹਿ ਤੁਰੇ। ਉਹ ਰਾਤ ਉਸ ਲਈ ਕਹਿਰ ਦੀ ਰਾਤ ਸੀ। ਨੀਂਦ ਉਸ ਦੇ ਕਿੱਥੇ ਨੇੜੇ ਆਉਣੀ ਸੀ? ਸਾਰੀ ਰਾਤ ਸੋਚਦੀ ਰਹੀ ਕਿ ਉਸ ਦਾ ਕੀ ਕਸੂਰ ਐ? ਉਸ ਨੇ ਗੋਰੇ ਨਾਲ਼ ਸਿੱਧੀ ਗੱਲ ਕਰਨ ਦੀ ਠਾਣੀ ਤੇ ਬਾਬਾ ਬੋਲਣ ਸਮੇਂ ਉਸ ਦੀ ਅੱਖ ਲੱਗ ਗਈ।

ਸਵੇਰੇ ਉਹ ਉੱਠ ਨਾ ਸਕੀ, ਕੰਮ ਤਾਂ ਕੀ ਕਰਨਾ ਸੀ। ਗੋਰਾ ਜਦੋਂ ਉੱਠਿਆ ਤਾਂ ਉਸ ਨੂੰ ਕੋਲ਼ ਪਈ ਦੇਖ ਕੇ ਬੋਲਿਆ, "ਕੀ ਗੱਲ ਕੁੱਝ ਦੁਖਦਾ?"

ਇੰਨਾ ਕਹਿਣ ਦੀ ਦੇਰ ਸੀ, ਉਹ ਦੁਬਾਰਾ ਧਾਹਾਂ ਮਾਰ ਕੇ ਰੋ ਪਈ ਤੇ ਸਾਰੀ ਵਿਥਿਆ ਕਹਿ ਸੁਣਾਈ।

ਗੱਲ ਹੀ ਅਜਿਹੀ ਸੀ ਕਿ ਉਹ ਗੋਰੇ ਤੋਂ ਉੱਪਰਲੀ ਹੇਠਾਂ ਕਰ ਦੇਣ ਦੀ ਆਸ ਕਰ ਰਹੀ ਸੀ ਪਰ ਗੋਰੇ ਦੇ ਮੱਥੇ 'ਤੇ ਸ਼ਿਕਨ ਵੀ ਨਾ ਆਈ। ਉਹ ਕਾਫ਼ੀ ਸਮਾਂ ਬਿਨਾਂ ਬੋਲੇ ਕਮਰੇ ਵਿਚ ਹੱਥ-ਪੈਰ ਜੇ ਮਾਰਦਾ ਕੁੱਝ ਭਾਲ਼ਣ ਦਾ ਦਿਖਾਵਾ ਕਰਦਾ ਰਿਹਾ। ਮਨਜੀਤ ਦਾ ਸਾਰਾ ਵਜੂਦ ਕੰਨ ਬਣ ਕੇ ਉਸ ਤੋਂ ਹਮਦਰਦੀ ਦੇ ਬੋਲ ਸੁਣਨ ਲਈ ਤਰਸਿਆ ਪਿਆ ਸੀ। ਉਹ ਬਾਹਰ ਨੂੰ ਤੁਰਦਾ ਬੋਲਿਆ, "ਬੇਬੇ ਆਪਣਾ ਭਲਾ ਹੀ ਸੋਚਦੀ ਐ। ਜਿਵੇਂ ਕਹਿੰਦੀ ਹੈ, ਓਵੇਂ ਕਰ। ਘਰ ਵਾਸਤੇ ਹੀ ਹੈ ਸਾਰਾ ਕੁੱਝ।"

ਇਹ ਸੁਣ ਕੇ ਮਨਜੀਤ ਦੀਆਂ ਖਾਨਿਓਂ ਗਈਆਂ। ਉਸ ਦੇ ਮਨ ਵਿਚ ਤਾਂ ਮਾਂ ਦੀ ਆਖੀ ਹੋਈ ਗੱਲ ਵਸੀ ਹੋਈ ਸੀ ਕਿ ਪਤੀ-ਪਤਨੀ ਦੀ ਸਾਂਝ ਤਾਂ ਦੁੱਧ ਤੇ ਪਾਣੀ ਵਾਲ਼ੀ ਹੁੰਦੀ ਹੈ। ਸੇਕ ਲੱਗੇ ਤਾਂ ਪਾਣੀ ਦੁੱਧ ਨੂੰ ਸੇਕ ਤੋਂ ਬਚਾਉਣ ਲਈ ਪਹਿਲਾਂ ਆਪ ਸੜਦਾ ਹੈ ਤੇ ਦੁੱਧ ਪਾਣੀ ਨੂੰ ਆਪਣੇ ਨਾਲ਼ ਰਲ਼ਾ ਕੇ ਉਸ ਦੀ ਕਦਰ ਕਰਾਉਂਦਾ ਹੈ, ਜਿਹੜੀ ਦੁੱਧ ਦੀ ਆਪਣੀ ਕਦਰ ਹੁੰਦੀ ਹੈ। ਉਸ ਨੂੰ ਘਰਵਾਲ਼ੇ 'ਤੇ ਬਹੁਤ ਗੁੱਸਾ ਆਇਆ। ਇਕ ਵਾਰ ਸੋਚਿਆ ਪੇਕੇ ਤੁਰ ਜਾਵੇ ਪਰ ਉੱਥੇ ਕੌਣ ਹੈ ਉਸ ਦੀ ਗੱਲ ਸੁਣਨ ਵਾਲ਼ਾ? ਘਰ ਵਿਚ ਭੰਗ ਭੁੱਜਦੀ ਸੀ। ਭਰਾ-ਭਰਜਾਈ ਦਾ ਸੁਭਾਅ ਤੰਗੀਆਂ-ਤੁਰਸ਼ੀਆਂ ਤੇ ਥੁੜਾਂ ਨੇ ਕੌੜਾ ਕਰ ਦਿੱਤਾ ਸੀ। ਉਸ ਦੇ ਮਾਂ-ਪਿਉ ਮਸਾਂ ਵੇਲ਼ਾ ਪੂਰਾ ਕਰਦੇ ਸਨ। ਉੱਥੇ ਤਾਂ ਦੋ ਦਿਨ ਕੱਟਣੇ ਔਖੇ ਹੋ ਜਾਣੇ ਨੇ। ਭੈਣ ਨਸੀਬ ਗ਼ੁਰਬਤ ਵਿਚ ਗਲ਼-ਗਲ਼ ਖੁਭੀ ਪਈ ਸੀ। ਚਾਰੇ ਪਾਸੇ ਨਜ਼ਰ ਮਾਰੀ, ਕੋਈ ਸਹਾਰਾ ਨਾ ਦਿਸਿਆ ਤਾਂ ਉਸ ਨੇ ਡੋਰੀਆਂ ਰੱਬ 'ਤੇ ਛੱਡ ਦਿੱਤੀਆਂ ਤੇ ਕੰਮ-ਧੰਦੇ ਵਿਚ ਰੁੱਝ ਗਈ।

ਉਸ ਨੂੰ ਆਸ ਸੀ ਕਿ ਰਾਣੀ ਘਰਵਾਲ਼ੇ ਨਾਲ਼ ਵਾਪਸ ਚਲੀ ਜਾਵੇਗੀ ਪਰ ਨਛੱਤਰ ਸਾਰਾ ਦਿਨ ਲੱਤ 'ਤੇ ਲੱਤ ਰੱਖ ਕੇ ਅੰਦਰਲੇ ਕਮਰੇ ਵਿਚ ਹੀ ਪਿਆ ਰਿਹਾ। ਉਹ ਡਰਦੀ ਉਸ ਨੂੰ

ਰੋਟੀ-ਪਾਣੀ ਫੜਾਉਣ ਵੀ ਨਾ ਗਈ। ਜਿਉਂ-ਜਿਉਂ ਦਿਨ ਛਿਪ ਰਿਹਾ ਸੀ, ਉਵੇਂ-ਉਵੇਂ ਹੀ ਕਿਸੇ ਮਾੜੀ ਘਟਨਾ ਨੂੰ ਚਿਤਵ ਕੇ ਉਸ ਦਾ ਦਿਲ ਧੜਕ ਰਿਹਾ ਸੀ।

ਗੋਰੇ ਨੇ ਫੇਰ ਸ਼ਰਾਬ ਵਾਲੀ ਚੱਕੀ ਝੋਅ ਲਈ ਸੀ। ਸਵੇਰ ਦਾ ਨਿੱਕਲ਼ਿਆ ਉਹ ਸ਼ਾਮ ਨੂੰ ਘਰੇ ਵੜਿਆ ਸੀ। ਰਾਤ ਦੀ ਰੋਟੀ ਤੋਂ ਬਾਅਦ ਹਾਲੇ ਉਹ ਭਾਂਡਾ-ਟੀਂਡਾ ਸਾਂਭ ਹੀ ਰਹੀ ਸੀ। ਰਾਣੀ ਆਪਣੇ ਦੋਵੇਂ ਜਵਾਕਾਂ ਨੂੰ ਮਾਂ ਵਾਲ਼ੇ ਕਮਰੇ ਵਿਚ ਪਾ ਕੇ ਕਹਾਣੀਆਂ ਸੁਣਾਉਂਦੀ ਸੁਆਉਣ ਦਾ ਯਤਨ ਕਰ ਰਹੀ ਸੀ। ਸੱਸ ਨੇ ਦੁੱਧ ਦਾ ਗਿਲਾਸ ਭਰ ਕੇ ਫੜਾਉਂਦਿਆਂ ਕਿਹਾ, "ਜਾਹ ਮੇਰਾ ਪੁੱਤ, ਨਛੱਤਰ ਸਿਉਂ ਨੂੰ ਦੇ ਆ।"

ਮਨਜੀਤ ਕੁੱਝ ਸਮਾਂ ਤਾਂ ਡੌਰ-ਭੌਰ ਹੋ ਕੇ ਦੇਖਦੀ ਰਹੀ। ਉਸ ਦਾ ਹੱਥ ਦੁੱਧ ਵਾਲ਼ੇ ਗਿਲਾਸ ਵੱਲ ਨਾ ਵਧਿਆ ਤਾਂ ਸੱਸ ਨੇ ਧੱਕੇ ਨਾਲ਼ ਗਿਲਾਸ ਉਸ ਵੱਲ ਕਰਦਿਆਂ ਕਿਹਾ, "ਜਾਹ ਮੇਰੀ ਧੀ, ਸਿਆਣੀ ਬਣ।"

ਉਸ ਨੂੰ ਲੱਗਿਆ, ਜਿਵੇਂ ਸਾਰਾ ਖ਼ੂਨ ਦਿਮਾਗ ਨੂੰ ਚੜ੍ਹ ਗਿਆ ਹੋਵੇ। ਉਸ ਨੂੰ ਪਤਾ ਨਹੀਂ ਕੀ ਹੋਇਆ, ਉਸ ਨੇ ਜ਼ੋਰ ਨਾਲ਼ ਹੱਥ ਮਾਰਿਆ ਤੇ ਦੁੱਧ ਦਾ ਗਿਲਾਸ ਪਰ੍ਹੇ ਜਾ ਡਿੱਗਿਆ। ਉਹ ਔਖੀ ਹੋ ਕੇ ਬੋਲੀ, "ਬੇਬੇ ਮੇਰੇ ਤੋਂ ਇਹ ਪਾਪ ਨਹੀਂ ਹੋਣਾ, ਬਾਈ ਨੂੰ ਮੈਂ ਹਮੇਸ਼ਾ ਭਾਈ ਹੀ ਜਾਣਿਆ ਹੈ।"

ਸੱਸ ਨੇ ਉਸ ਦੀ ਗੁੱਤ ਫੜ ਲਈ ਤੇ ਬੋਲੀ, "ਗਏ ਘਰ ਦੀਏ, ਤੇਰਾ ਬਹਿ ਜੇ ਬੇੜਾ, ਜਾਨੀ ਐਂ ਕਿ ਕੱਢਾਂ ਘਰੋਂ? ਮੈਂ ਤਾਂ ਤੀਜੀ ਵਿਆਹ ਲਿਆਊਂ।"

"ਜੋ ਮਰਜ਼ੀ ਕਰ ਬੇਬੇ, ਮੈਂ ਨਹੀਂ ਜਾਣਾ।" ਉਹ ਵੀ ਗੁੱਸੇ ਨਾਲ਼ ਬੋਲੀ।

ਸੱਸ ਨੇ ਥੱਪੜ ਕੱਢ ਮਾਰਿਆ। ਬੋਲ-ਬੁਲਾਰਾ ਸੁਣ ਕੇ ਰਾਣੀ ਵੀ ਆ ਚਿੰਬੜੀ, "ਇਹਦਾ ਦਿਮਾਗ ਬਹੁਤ ਖ਼ਰਾਬ ਐ, ਪਹਿਲਾਂ ਇਸ ਨੂੰ ਠੀਕ ਕਰੀਏ। ਮੇਰੇ ਪਿਉ ਦੀ ਰੰਨ ਬਾਹਲ਼ਾ ਸਿਰ ਚੜ੍ਹੀ ਜਾਂਦੀ ਐ।"

"ਆਹ ਕੀ ਕਰੀ ਜਾਨੀਓਂ।" ਬਾਹਰਲੀ ਬੈਠਕ ਵਿਚੋਂ ਨਿੱਕਲ਼ਦਾ ਸਹੁਰਾ ਬੋਲਿਆ, "ਭੈ... ਚੋ....ਘਰ ਯੁੱਧ ਦਾ 'ਖਾੜਾ ਬਣਾ ਛੱਡਿਆ। ਕਿਆ ਬਾਤ ਚੱਲ ਰਹੀ ਹੈ?"

ਰੰਮ ਦੇ ਇਕ-ਦੋ ਪੈੱਗ ਲੱਗੇ ਹੋਣ ਕਰਕੇ ਅੰਦਰਲਾ ਫੌਜੀ ਜਾਗ ਪਿਆ ਸੀ।

"ਤੂੰ ਚੁੱਪ ਕਰਕੇ ਪੈ ਜਾ, ਬੁੜ੍ਹੀਆਂ ਦੀਆਂ ਸੌ ਗੱਲਾਂ ਹੁੰਦੀਆਂ ਨੇ।" ਸੱਸ ਨੇ ਮੋੜਾ ਦਿੱਤਾ।

"ਚੁੱਪ ਕਰ ਬੇਵਕੂਫ਼ ਜਨਾਨੀ। ਇਸ ਵਿਚਾਰੀ ਨੂੰ ਕਿਉਂ ਮਾਰ ਰਹੀ ਐਂ? ਤੂੰ ਦੱਸ ਬੇਟਾ।" ਫੌਜੀ ਮਨਜੀਤ ਵੱਲ ਮੁੜਿਆ।

ਮਨਜੀਤ ਨੇ ਸੰਗ ਦਾ ਪੱਲਾ ਲਾਹ ਕੇ ਸੁੱਟ ਦਿੱਤਾ ਤੇ ਸਾਰੀ ਵਿਥਿਆ ਦੱਸ ਦਿੱਤੀ। ਸਹੁਰਾ ਜਿਉਂ-ਜਿਉਂ ਗੱਲ ਸੁਣਦਾ ਗਿਆ, ਤਿਉਂ-ਤਿਉਂ ਉਸ ਦਾ ਪਾਰਾ ਚੜ੍ਹਦਾ ਗਿਆ। ਸੱਸ ਦੁਆਰਾ ਨਛੱਤਰ ਕੋਲ਼ ਭੇਜਣ ਦੀ ਗੱਲ ਸੁਣਦੇ ਹੀ ਉਸ ਨੇ ਡਾਂਗ ਚੁੱਕ ਲਈ ਤੇ ਸੱਸ ਨੂੰ ਛਾਂਗਣ ਲੱਗਾ। ਇਕ-ਦੋ ਸੋਟੀਆਂ ਰਾਣੀ ਦੇ ਵੀ ਵੱਜ ਗਈਆਂ। ਰੌਲ਼ਾ-ਗੌਲ਼ਾ ਸੁਣ ਕੇ ਨਛੱਤਰ ਜਦੋਂ ਬਾਹਰ ਆਇਆ ਤੇ ਫੌਜੀ ਨੂੰ ਰੋਕਣ ਲੱਗਾ। ਫੌਜੀ ਦਾ ਸਾਰਾ ਗੁੱਸਾ ਉਸ ਵੱਲ ਉੱਲਰ ਪਿਆ, "ਮੇਰੇ ਘਰ ਨੂੰ ਕੋਠਾ ਸਮਝ ਲਿਆ, ਤੂੰ ਕੀ ਸੋਚ ਕੇ ਇਸ ਹਰਾਮਜ਼ਾਦੀ ਨਾਲ਼ ਰਲ਼ ਕੇ ਇਹ ਗੱਲ ਸੋਚੀ? ਖ਼ਬਰਦਾਰ ਜੇ ਗੰਦ ਇੱਥੇ ਪਾਇਆ। ਚੰਗੀ ਚਾਹੁੰਦਾ ਤਾਂ ਹੁਣੇ ਘਰੋਂ ਨਿੱਕਲ਼ ਜਾ, ਉਮਰ ਵਿਚ ਇਸ ਤੋਂ ਇੰਨਾ ਵੱਡਾ ਹੈਂ, ਸਮਝਾਉਣਾ ਤਾਂ ਕੀ ਸੀ, ਸਾਲ਼ਾ ਖ਼ੁਦ ਗੰਦ 'ਚ ਲੇਟਣ ਲਈ

ਤਿਆਰ ਹੋ ਗਿਆ।"

ਨਛੱਤਰ ਕੁੱਝ ਬੋਲਣ ਲੱਗਿਆ ਤਾਂ ਫੌਜੀ ਡਾਂਗ ਉੱਘਰਦਿਆਂ ਬੋਲਿਆ, "ਬਕਵਾਸ ਨਹੀਂ ਕਰਨੀ, ਤੂੰ ਜਵਾਈ-ਭਾਈ ਵਾਲ਼ਾ ਰਿਸ਼ਤਾ ਖ਼ਤਮ ਕਰ ਲਿਆ। ਇਕ ਸ਼ਬਦ ਵੀ ਬੋਲਿਆ ਤਾਂ ਡਾਂਗਾਂ ਮਾਰ-ਮਾਰ ਕੇ ਤਹਿ ਲਾ ਦੂੰ।"

ਦੋ ਡਾਂਗਾਂ ਉਸ ਨੇ ਸੱਸ ਦੇ ਹੋਰ ਜੜ ਦਿੱਤੀਆਂ। ਰਾਣੀ ਨੇ ਅੱਧੇ ਸੁੱਤੇ ਨਿਆਣੇ ਧੂਹ ਕੇ ਕਾਰ ਵਿਚ ਸੁੱਟੇ। ਨਛੱਤਰ ਨਿੰਮੋਝੂਣਾ ਹੋ ਕੇ ਤੁਰ ਗਿਆ।

"ਇਹ ਮਾੜਾ ਬੰਦਾ ਦੁਬਾਰੇ ਘਰੇ ਨਹੀਂ ਆਉਣਾ ਚਾਹੀਦਾ।" ਫੌਜੀ ਨੇ ਇਹ ਕਹਿ ਕੇ ਸ਼ਰਾਬ ਨਾਲ਼ ਰੱਜੇ ਪਏ ਗੋਰੇ ਦੀ ਵੀ ਖਿੱਚ-ਧੂਹ ਕੀਤੀ, "ਸਾਲ਼ੀ ਗੋਹ ਕਿੱਥੇ ਪੱਲੇ ਪੈ ਗਈ।"

ਉਸ ਦਿਨ ਤੋਂ ਬਾਅਦ ਰਾਣੀ ਤਾਂ ਉਸ ਦੀ ਦੁਸ਼ਮਣ ਹੀ ਬਣ ਗਈ ਸੀ। ਸੱਸ ਦੀ ਹਮਦਰਦੀ ਵੀ ਰਾਣੀ ਨਾਲ਼ ਸੀ। ਉਸ ਦੀਆਂ ਨਜ਼ਰਾਂ ਵਿਚ ਸਭ ਤੋਂ ਵੱਡੀ ਦੋਸ਼ੀ ਮਨਜੀਤ ਹੀ ਸੀ ਪਰ ਸਹੁਰਾ ਹੁਣ ਵਿਸਾਹ ਨਹੀਂ ਖਾਂਦਾ ਸੀ। ਕਈ ਦਿਨ ਉਹ ਬਾਹਰ ਤੋਰਾ-ਫੇਰਾ ਕਰਦਾ ਰਿਹਾ। ਫੇਰ ਇਕ ਦਿਨ ਉਸ ਨੇ ਗੋਰੇ ਨੂੰ ਸਵੇਰੇ ਹੀ ਕੋਲ਼ ਬਿਠਾ ਲਿਆ। ਵਾਹਵਾ ਟਾਈਮ ਦੋਵੇਂ ਰਾਇ-ਮਸ਼ਵਰਾ ਕਰਦੇ ਰਹੇ। ਪੈਨਸ਼ਨ ਵਾਲ਼ੀ ਕਾਪੀ 'ਚੋਂ ਖ਼ਾਸੇ ਪੈਸੇ ਕਢਵਾ ਕੇ ਗੋਰੇ ਨੂੰ ਦਿੱਤੇ ਅਤੇ ਮਨਜੀਤ ਦੇ ਨਾਲ਼ ਉਸ ਨੂੰ ਜਲੰਧਰ ਤੋਰ ਦਿੱਤਾ। ਰਾਹ ਵਿਚ ਮਨਜੀਤ ਨੂੰ ਪਤਾ ਲੱਗਿਆ ਕਿ ਉੱਥੇ ਕੋਈ ਡਾਕਟਰ ਨਵੀਂ ਤਕਨੀਕ ਨਾਲ਼ ਬੱਚੇ ਪੈਦਾ ਕਰਵਾ ਦਿੰਦੇ ਨੇ।

ਦੋਵਾਂ ਦੀਆਂ ਰਿਪੋਰਟਾਂ ਦੇਖ ਕੇ ਵੱਡੀ ਉਮਰ ਦੀ ਡਾਕਟਰ ਮੁਸਕਰਾਈ ਤੇ ਦਿਲ ਨੂੰ ਸਕੂਨ ਦੇਣ ਵਾਲ਼ੇ ਢੰਗ ਨਾਲ਼ ਬੋਲੀ, "ਡੌਂਟ ਵਰੀ, ਸਾਡੇ ਕੋਲ਼ ਆਉਣ ਵਾਲ਼ੇ ਬਹੁਤੇ ਜੋੜਿਆਂ ਵਿਚ ਇਹ ਸਮੱਸਿਆ ਆਮ ਹੈ। ਜਲਦੀ ਤੁਹਾਡਾ ਇਲਾਜ ਸ਼ੁਰੂ ਕਰ ਦੇਵਾਂਗੇ। ਹੋਪ-ਫੁਲੀ, ਤੁਹਾਨੂੰ ਵੈਰੀ ਸੂਨ ਗੁੱਡ ਨਿਊਜ਼ ਸੁਣਨ ਨੂੰ ਮਿਲੇਗੀ।"

ਜਦੋਂ ਉਸ ਨੇ ਸਾਰੀ ਗੱਲ ਪੁੱਛੀ ਤਾਂ ਡਾਕਟਰਨੀ ਨੇ ਦੱਸਿਆ ਕਿ ਉਨ੍ਹਾਂ ਕੋਲ਼ ਸਪਰਮ ਬੈਂਕ ਹੈ, ਜਿੱਥੋਂ ਉਸ ਦੇ ਸਰੀਰ ਵਿਚ ਔਲਾਦ ਪੈਦਾ ਕਰਨ ਦੀ ਸਮਰੱਥਾ ਵਾਲ਼ਾ ਸਪਰਮ ਰੱਖ ਦਿੱਤਾ ਜਾਵੇਗਾ। ਇਸ ਤੋਂ ਬਾਅਦ ਉਸ ਦੀ ਔਲਾਦ ਪ੍ਰਾਪਤੀ ਦੀ ਇੱਛਾ ਪੂਰੀ ਹੋ ਜਾਵੇਗੀ।

ਡਾਕਟਰ ਵੱਲੋਂ ਤੀਵੀਂ-ਪੁਰਸ਼ ਤੋਂ ਪੂਰੇ ਇਲਾਜ ਨੂੰ ਸਮਝਾ ਕੇ ਲਿਖਤੀ ਤੌਰ 'ਤੇ ਸਹਿਮਤੀ ਲਈ ਗਈ। ਸ਼ਰਤਾਂ ਵਿਚ ਇਹ ਵੀ ਲਿਖਿਆ ਸੀ ਕਿ ਸਪਰਮ ਦਾਨੀ ਦਾ ਪਤਾ ਕਦੇ ਵੀ ਨਹੀਂ ਦੱਸਿਆ ਜਾਵੇਗਾ। ਇਲਾਜ ਸ਼ੁਰੂ ਹੋਣ ਦੇ ਤੀਜੇ ਮਹੀਨੇ ਉਸ ਦਾ ਪੈਰ ਭਾਰੀ ਹੋ ਗਿਆ। ਉਸ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਗੋਰਾ, ਸਹੁਰਾ ਤੇ ਸੱਸ ਉਸ ਦਾ ਖ਼ਿਆਲ ਰੱਖਣ ਲੱਗੇ। ਦਿਨ ਪੂਰੇ ਹੋਣ 'ਤੇ ਉਸੇ ਹਸਪਤਾਲ ਵਿਚ ਦਾਖ਼ਲ ਹੋਈ ਤਾਂ ਨਸੀਬ ਵੀ ਸਾਂਭ-ਸੰਭਾਲ਼ ਲਈ ਗਈ। ਪ੍ਰਸੂਤਾ-ਪੀੜਾਂ ਸ਼ੁਰੂ ਹੋਈਆਂ ਤਾਂ ਸਧਾਰਨ ਡਲਿਵਰੀ ਨਾਲ਼ ਬੱਚੇ ਦਾ ਜਨਮ ਨਾ ਹੋਇਆ। ਵੱਡੇ ਅਪ੍ਰੇਸ਼ਨ ਨਾਲ਼ ਮੁੰਡਾ ਹੋਇਆ। ਫੌਜੀ ਨੇ ਉਸ ਦਾ ਨਾਮ 'ਚੇਤਨ' ਰੱਖਿਆ।

ਮਨਜੀਤ ਨੇ ਹੋਸ਼ ਆਉਣ 'ਤੇ ਜਦੋਂ ਚੇਤਨ ਨੂੰ ਦੇਖਿਆ ਤਾਂ ਉਸ ਦੀਆਂ ਛਾਤੀਆਂ 'ਚੋਂ ਦੁੱਧ ਸਿੰਮ ਆਇਆ। ਸੱਸ ਥੋੜ੍ਹਾ ਜਿਹਾ ਮੂੰਹ ਵੱਟੀ ਬੈਠੀ ਰਹੀ ਕਿਉਂਕਿ ਮੁੰਡਾ ਰੰਗ ਦਾ ਪੱਕਾ ਸੀ। ਦੂਜੇ ਘਰ ਵਾਲ਼ਿਆਂ ਨੇ ਬਾਹਲ਼ਾ ਇਸ ਗੱਲ ਨੂੰ ਨਾ ਗੌਲ਼ਿਆ। ਰਾਣੀ ਮੁੰਡਾ ਜੰਮੇ 'ਤੇ ਵੀ ਨਾ ਪਹੁੰਚੀ। ਵਧਾਈ ਲੈ ਕੇ ਗਏ ਗੋਰੇ ਦੀ ਚੰਗੀ ਲਾਹ-ਪਾਹ ਕੀਤੀ ਤੇ ਮਿਠਾਈ ਵਾਲ਼ਾ ਡੱਬਾ ਤੇ ਵਧਾਈ ਦਾ ਸਾਮਾਨ ਗਲੀ 'ਚ ਵਗਾਹ ਮਾਰਿਆ। ਨਛੱਤਰ ਉਸ ਤੋਂ ਵੀ ਜ਼ਿਆਦਾ ਕੁੱਦ ਕੇ

ਪਿਆ, "ਨਾ ਹੁਣ ਮੇਰੇ ਸਾਲ਼ਿਓ ਸਾਡਾ ਘਰ ਦਿਸ ਗਿਆ? ਜਦੋਂ ਰਾਤ ਨੂੰ ਭਣੋਈਏ ਨੂੰ ਬੇਇੱਜ਼ਤ ਕਰਕੇ ਕੱਢਿਆ ਸੀ, ਉਦੋਂ ਨਹੀਂ ਪਤਾ ਸੀ।"

ਗੋਰਾ ਨਿਰਾਸ਼ ਹੋਇਆ ਮੁੜ ਆਇਆ। ਪਿੰਡ ਵਿਚ ਲੱਡੂ ਵੰਡ ਕੇ ਖ਼ੁਸ਼ੀ ਮਨਾਈ ਗਈ। ਰਾਣੀ ਦਾ ਚਾਚਿਆਂ-ਤਾਇਆਂ ਦੀਆਂ ਨੂੰਹਾਂ ਤੇ ਕੁੜੀਆਂ ਨਾਲ਼ ਫੋਨ 'ਤੇ ਰਾਬਤਾ ਕਾਇਮ ਸੀ। ਉਨ੍ਹਾਂ ਰਾਹੀਂ ਪਿੰਡ ਵਿਚ ਖ਼ਬਰ ਪਹੁੰਚ ਗਈ ਕਿ ਮੁੰਡਾ ਗੋਰੇ ਦਾ ਨਹੀਂ, ਕਿਸੇ ਹੋਰ ਦਾ ਹੈ। ਇਸ ਦੀ ਬਾਕੀ ਰਹਿੰਦੀ ਕਸਰ ਚੇਤਨ ਦੇ ਨੈਣ-ਨਕਸ਼, ਪੱਕੇ ਰੰਗ ਤੇ ਘੁੰਗਰਾਲ਼ੇ ਵਾਲ਼ਾਂ ਨੇ ਕੱਢ ਦਿੱਤੀ ਸੀ।

ਲੋਕ ਤਾਂ ਇਹੋ ਜਿਹੀਆਂ ਗੱਲਾਂ 'ਚ ਸਵਾਦ ਭਾਲ਼ਦੇ ਹੁੰਦੇ ਨੇ। ਐਵੇਂ ਤਾਂ ਨਹੀਂ ਕਿਹਾ ਜਾਂਦਾ ਕਿ ਦੁਨੀਆ ਦੀ ਦਾਤੀ ਦੇ ਦੰਦੇ ਦੋਵੇਂ ਪਾਸੇ ਹਨ। ਉਨ੍ਹਾਂ ਨੂੰ ਚਵਾ-ਚਵੀ ਕਰਨ ਦਾ ਇਕ ਵਿਸ਼ਾ ਹੋਰ ਮਿਲ ਗਿਆ ਸੀ। ਪਿੱਠ ਪਿੱਛੇ ਚੁਗਲੀਆਂ ਕਰਨ ਵਾਲ਼ੇ ਗੋਰੇ ਨੂੰ ਦੇਖ ਕੇ ਹੱਸਣ ਲੱਗ ਜਾਂਦੇ। ਖਾਧੀ-ਪੀਤੀ ਵਿਚ ਕਦੇ-ਕਦੇ ਕੋਈ ਨਾ ਕੋਈ ਗੋਰੇ ਨੂੰ ਟਾਂਚ ਮਾਰ ਦਿੰਦਾ, "ਯਾਰ ਮੁੰਡਾ ਤਾਂ ਤੇਰਾ ਲੱਗਦਾ ਹੀ ਨਹੀਂ, ਜਮਾਂ ਭਈਆਂ ਵਰਗਾ।"

ਇਹ ਸੁਣ ਕੇ ਉਹ ਅੱਗ-ਬਬੂਲ਼ਾ ਹੋ ਜਾਂਦਾ। ਦਾਰੂ ਨਾਲ਼ ਰੱਜ ਕੇ ਮਨਜੀਤ ਨੂੰ ਕੁੱਟਣ ਪੈਂਦਾ,"ਮੇਰੇ ਸਾਲ਼ੇ ਦੀਏ ਪਿੰਡ ਵਿਚ ਮੂੰਹ ਦਿਖਾਉਣ ਜੋਗਾ ਨਹੀਂ ਛੱਡਿਆ।"

ਇਨ੍ਹਾਂ ਤਾਹਨੇ-ਮਿਹਣਿਆਂ ਕਰਕੇ ਫੇਰ ਤਾਂ ਉਸ ਨੇ ਬਾਹਰ ਜਾਣਾ ਵੀ ਛੱਡ ਦਿੱਤਾ। ਸਵੇਰੇ ਹੀ ਦਾਰੂ ਲੈ ਕੇ ਬਹਿ ਜਾਂਦਾ। ਫੌਜੀ ਹਰਖ਼ਦਾ, "ਕਿਉਂ ਜਾਨ ਦਾ ਦੁਸ਼ਮਣ ਬਣਿਐਂ?"

ਮਾਂ ਸਮਝੌਤੀ ਦਿੰਦੀ, "ਪੁੱਤ ਸਾਡੇ ਵੱਲ ਦੇਖ, ਹੁਣ ਤਾਂ ਰੱਬ ਨੇ ਘਰੇ ਚੰਗਾ ਜੀਅ ਵੀ ਭੇਜ ਦਿੱਤਾ ਹੈ।"

ਗੋਰਾ ਦਾਰੂ ਦੇ ਨਸ਼ੇ ਵਿਚ ਥਥਲਾਉਂਦੀ ਆਵਾਜ਼ ਕੱਢਦਾ, "ਸਾਲ਼ੇ ਚੰਗੇ ਜੀਅ ਦੇ, ਇਸ ਧਗੜੇ ਨੇ ਤਾਂ ਮੇਰਾ ਜਿਉਣਾ ਹਰਾਮ ਕਰ ਦਿੱਤਾ।"

ਮਨਜੀਤ ਬੇ-ਵਸੀ ਨਾਲ਼ ਹੰਝੂ ਕੇਰਦੀ ਸਭ ਕੁੱਝ ਨੂੰ ਦੇਖਦੀ ਤੇ ਚੇਤਨ ਪਿਉ ਨੂੰ ਦੇਖਣ ਸਾਰ ਰੋਣ ਲੱਗ ਜਾਂਦਾ। ਜ਼ਿਆਦਾ ਸ਼ਰਾਬ ਪੀਣ ਕਰਕੇ ਲੀਵਰ ਫੇਲ੍ਹ ਹੋ ਗਿਆ। ਮਹੀਨਾ ਸਾਰਾ ਹਸਪਤਾਲਾਂ ਵਿਚ ਰੁਲ਼ ਕੇ ਆਖ਼ਰ ਮੁੱਕ ਗਿਆ। ਉਸ ਸਮੇਂ ਚੇਤਨ ਹਾਲੇ ਪੰਜ ਸਾਲ ਦਾ ਹੀ ਸੀ। ਭੋਗ 'ਤੇ ਰਾਣੀ ਤੇ ਨਛੱਤਰ ਵੀ ਆਏ ਪਰ ਉਨ੍ਹਾਂ ਨੇ ਮਨਜੀਤ ਨਾਲ਼ ਕਲਾਮ ਵੀ ਨਾ ਕੀਤੀ। ਪੁੱਤ ਦੀ ਮੌਤ ਨੇ ਫੌਜੀ ਨੂੰ ਵੀ ਝੰਜੋੜ ਦਿੱਤਾ। ਮੋਢੇ ਇਕ ਦਮ ਝੁਕ ਗਏ ਤੇ ਉਹ ਬੁੱਢਾ ਨਜ਼ਰ ਆਉਣ ਲੱਗਾ। ਸੱਸ ਵੀ ਇਕੱਲੀ ਬੈਠ ਕੇ ਰੋਂਦੀ ਤੇ ਕੀਰਨੇ ਪਾਉਂਦੀ, "ਇਸ ਨਿੱਜੜੀ ਨੇ ਖਾ ਲਿਆ ਮੇਰਾ ਪੁੱਤ।"

ਮਨਜੀਤ ਆਪਣੀ ਕਿਸਮਤ ਨੂੰ ਰੋਂਦੀ। ਉਸ ਨੇ ਪੱਕਾ ਧਾਰ ਲਿਆ ਸੀ ਕਿ ਭਾਵੇਂ ਕੁੱਝ ਵੀ ਹੋ ਜਾਵੇ, ਉਹ ਚੇਤਨ ਦਾ ਪਾਲਣ-ਪੋਸ਼ਣ ਚੰਗੀ ਤਰ੍ਹਾਂ ਕਰੇਗੀ ਤੇ ਆਪਣੇ ਸਤ ਧਰਮ 'ਤੇ ਪੱਕੀ ਰਹੇਗੀ।

ਹੁਣ ਲੋਕਾਂ ਦਾ ਨਿਸ਼ਾਨਾ ਚੇਤਨ ਸੀ। ਸਕੂਲ 'ਚ ਵੱਡੀਆਂ ਜਮਾਤਾਂ ਵਾਲ਼ੇ ਨਿਆਣੇ ਉਸ ਨੂੰ ਘੇਰ ਕੇ ਪੁੱਛਦੇ, "ਓਏ ਤੇਰੇ ਭਾਪੇ ਦਾ ਨਾਂ ਕੀ ਹੈ?"

ਮਾਸੂਮ ਚੇਤਨ ਜਵਾਬ ਦਿੰਦਾ, "ਗੋਰਾ।"

ਜਵਾਕ ਖਿੜਖਿੜਾ ਕੇ ਹੱਸਦੇ, "ਓਏ ਅਸਲੀ ਪਿਉ ਦਾ ਨਾਮ ਦੱਸ।"

ਚੇਤਨ ਦੇ ਬਾਲ-ਮਨ ਉੱਤੇ ਝਰੀਟਾਂ ਪੈਣ ਲੱਗੀਆਂ। ਘਰੇ ਆ ਕੇ ਚੁੱਪ-ਚੁੱਪ ਤੇ ਉਦਾਸ ਰਹਿੰਦਾ। ਜਦੋਂ ਮਨਜੀਤ ਨੇ ਗੱਲ ਫੌਜੀ ਨਾਲ਼ ਸਾਂਝੀ ਕੀਤੀ ਤਾਂ ਉਸ ਨੇ ਚੇਤਨ ਨੂੰ ਸ਼ਹਿਰ ਦੇ ਸਕੂਲ ਵਿਚ ਬਦਲ ਦਿੱਤਾ ਪਰ ਗੱਲ 'ਉਹੀ ਬਾਹਾਂ ਉਹੀ ਕੁਹਾੜੀ' ਵਾਲ਼ੀ ਰਹੀ। ਹੁਣ ਜਦੋਂ ਕੋਈ ਬੱਚਾ ਉਸ ਨੂੰ ਵੈਨ ਵਿਚ ਛੇੜ ਦਿੰਦਾ। ਉਹ ਸਤਿਆ ਹੋਇਆ ਉੱਤਰਦਾ ਤੇ ਮਨਜੀਤ ਦੇ ਢਿੱਡ ਵਿਚ ਮੁੱਕੀਆਂ ਮਾਰਨ ਲੱਗਦਾ।

ਫੌਜੀ ਸਿਆਣਾ ਬੰਦਾ ਸੀ। ਉਸ ਨੇ ਘਰਵਾਲ਼ੀ ਦੇ ਵਿਰੋਧ ਦੇ ਬਾਵਜੂਦ ਇਕ ਕਿੱਲਾ ਜ਼ਮੀਨ ਵੇਚ ਦਿੱਤੀ। ਉਸ ਸਾਲ ਜਿਹੜਾ ਜ਼ਮੀਨ ਦਾ ਠੇਕਾ ਆਇਆ, ਉਨ੍ਹਾਂ ਪੈਸਿਆਂ ਦਾ ਸ਼ਹਿਰ 'ਚ ਚੰਗਾ ਘਰ ਚੇਤਨ ਦੇ ਨਾਮ 'ਤੇ ਖਰੀਦ ਕੇ ਉੱਥੇ ਰਿਹਾਇਸ਼ ਕਰ ਲਈ। ਉਹ ਸੋਚਦਾ ਕਿ ਸ਼ਹਿਰੀ ਜਾਇਦਾਦ ਜ਼ਿਆਦਾ ਵਧੇਗੀ। ਪੋਤਾ ਉਸ ਨੂੰ ਰੱਬ-ਜੱਗ ਤੋਂ ਪਿਆਰਾ ਸੀ। ਉਸ ਲਈ ਉਹ ਹਰ ਕੁਰਬਾਨੀ ਕਰਨ ਨੂੰ ਤਿਆਰ ਸੀ। ਮੂਲ ਨਾਲ਼ੋਂ ਵਿਆਜ ਪਿਆਰਾ ਹੋਣ ਵਾਲ਼ੀ ਗੱਲ ਫੌਜੀ 'ਤੇ ਪੂਰੀ ਢੁੱਕਦੀ ਸੀ।

ਸ਼ਹਿਰ 'ਚ ਚੇਤਨ ਨੂੰ ਨਵੇਂ ਸਕੂਲ ਵਿਚ ਪੜ੍ਹਨ ਲਾ ਦਿੱਤਾ। ਨਵੇਂ ਸਕੂਲ 'ਚ ਆ ਕੇ ਚੇਤਨ ਦਾ ਫ਼ਰਕ ਪੈ ਗਿਆ ਪਰ ਬਾਲਪਣ ਵਿਚ ਹੋਈਆਂ ਗੱਲਾਂ ਨੇ ਮਨ 'ਤੇ ਇਕ ਸਥਿਰ ਅਸਰ ਤਾਂ ਛੱਡਿਆ ਹੀ ਸੀ। ਕਦੇ-ਕਦੇ ਮਾਂ ਨਾਲ਼ ਪਿਆ ਪੁੱਛਦਾ, "ਬੀਬੀ, ਸਾਰੇ ਟੱਬਰ ਵਿਚੋਂ ਮੇਰੇ ਇਕੱਲੇ ਦੇ ਵਾਲ਼ ਘੁੰਗਰਾਲ਼ੇ ਕਿਉਂ ਨੇ?"

ਕਦੇ ਪੁੱਛਦਾ, "ਮੇਰਾ ਰੰਗ ਕਾਲ਼ਾ ਕਿਉਂ ਹੈ?"

ਮਨਜੀਤ ਗੱਲ ਰੱਬ ਦੀ ਦਾਤ 'ਤੇ ਪਾ ਕੇ ਟਾਲ਼ ਦਿੰਦੀ। ਸ਼ਹਿਰ ਆ ਕੇ ਮਨਜੀਤ ਨੇ ਕੱਪੜੇ ਸਿਉਣ ਦਾ ਕੰਮ ਸ਼ੁਰੂ ਕਰ ਦਿੱਤਾ। ਉਹ ਸਾਰਾ ਦਿਨ ਉਸ ਵਿਚ ਰੁੱਝੀ ਰਹਿੰਦੀ। ਮੁਹੱਲੇ ਦੀਆਂ ਜਨਾਨੀਆਂ ਕੱਪੜੇ ਸੰਵਾਉਣ ਲਈ ਗੇੜਾ ਮਾਰਦੀਆਂ ਰਹਿੰਦੀਆਂ। ਫੌਜੀ ਨੇ ਸੋਚਿਆ, ਕਿਉਂ ਨਾ ਜਾਇਦਾਦ ਦੀ ਵਸੀਅਤ ਚੇਤਨ ਦੇ ਨਾਮ ਕਰਵਾ ਦੇਵੇ। ਇਹ ਗੱਲ ਉਸ ਨੇ ਘਰਵਾਲ਼ੀ ਨਾਲ਼ ਸਾਂਝੀ ਕੀਤੀ ਤਾਂ ਉਹ ਚਾਰੇ ਪੈਰ ਚੁੱਕ ਕੇ ਪਈ, "ਕਿਉਂ ਕਮਲ਼ਾ ਹੁੰਨੈਂ? ਜ਼ਮਾਨੇ ਦਾ ਕੋਈ ਪਤਾ ਨਹੀਂ। ਹੱਥ ਵਢਵਾ ਕੇ ਬੁਢਾਪੇ 'ਚ ਕਿੱਥੇ ਦਰ-ਦਰ ਦੀਆਂ ਠੋਹਕਰਾਂ ਖਾਂਦੇ ਫਿਰਾਂਗੇ। ਆਪਣੇ ਪਿੱਛੋਂ ਤਾਂ ਇਹੀ ਮਾਲਕ ਹੈ।"

ਇਹ ਸੁਣ ਕੇ ਉਸ ਨੇ ਵਸੀਅਤ ਵਾਲ਼ੀ ਗੱਲ ਅੱਗੇ ਪਾ ਦਿੱਤੀ। ਫੌਜੀ ਤੇ ਚੇਤਨ ਦੋਵੇਂ ਸੈਰ ਕਰਨ ਜਾਂਦੇ।

ਦਿਨ ਵਾਹਵਾ ਨਿੱਕਲ਼ੀ ਜਾਂਦੇ ਸਨ ਕਿ ਇਕ ਦਿਨ ਫੌਜੀ ਅਖ਼ਬਾਰ ਪੜ੍ਹਦਾ-ਪੜ੍ਹਦਾ ਲੁੜਕ ਗਿਆ। ਦਿਲ ਦੇ ਸਖ਼ਤ ਦੌਰੇ ਨੇ ਉਸ ਦੀ ਜਾਨ ਲੈ ਲਈ ਸੀ। ਫੌਜੀ ਦੇ ਨਾਮ ਵਾਲ਼ੀ ਜ਼ਮੀਨ ਦੀ ਵਿਰਾਸਤ ਰਾਣੀ, ਸੱਸ ਤੇ ਚੇਤਨ ਦੇ ਨਾਮ ਚੜ੍ਹ ਗਈ। ਹੁਣ ਰਾਣੀ ਦੀਆਂ ਚੜ੍ਹ ਮੱਚੀਆਂ। ਉਹ ਮਾਂ ਕੋਲ਼ ਆਉਣ-ਜਾਣ ਲੱਗ ਪਈ। ਮਨਜੀਤ ਨਾਲ਼ ਉਹ ਮੂੰਹ ਵੱਟੀ ਰੱਖਦੀ। ਚੇਤਨ ਦੇ ਮੋਢੇ 'ਤੇ ਵੀ ਉਸ ਨੇ ਕਦੇ ਹੱਥ ਨਹੀਂ ਰੱਖਿਆ ਸੀ।

ਸੱਸ ਦੇ ਨਾਲ਼ ਮਨਜੀਤ ਦਿਨ-ਕਟੀ ਕਰ ਰਹੀ ਸੀ। ਬੁੜ੍ਹੀ ਸਾਰਾ ਦਿਨ ਗੁਰਦੁਆਰੇ ਜਾਂ ਸਤਿਸੰਗ ਵਿਚ ਤੁਰੀ ਫਿਰਦੀ। ਪਿੱਛੋਂ ਉਸ ਦਾ ਮਨ ਉੱਖੜ ਜਾਂਦਾ। ਸਰੀਰ ਵਿਚੋਂ ਚੰਗਿਆੜੇ ਨਿੱਕਲ਼ਦੇ। ਉਹਦਾ ਦਿਲ ਕਰਦਾ, ਕੋਈ ਉਸ ਨੂੰ ਵੀ ਘੁੱਟ ਕੇ ਜੱਫੀ ਪਾਵੇ। ਉਸ ਦਾ ਸਰੀਰ ਮਰਦ ਦੀ ਮੰਗ ਕਰਦਾ ਪਰ ਜਦੋਂ ਚੇਤਨ ਦਾ ਖ਼ਿਆਲ ਆਉਂਦਾ ਤਾਂ ਸਭ ਪਾਸੇ ਤੋਂ ਧਿਆਨ ਛਿਟਕ ਕੇ

ਮਸ਼ੀਨ 'ਤੇ ਆ ਬੈਠਦੀ। ਉਸ ਦਾ ਹੱਥ ਵਾਰ-ਵਾਰ ਜ਼ੋਰ-ਜ਼ੋਰ ਦੀ ਮਸ਼ੀਨ ਦੀ ਹੱਥੀ 'ਤੇ ਵੱਜਦਾ, ਜਿਵੇਂ ਉਹ ਆਪਣੇ ਖ਼ਿਆਲਾਂ ਨੂੰ ਹੱਥੀ 'ਤੇ ਮਾਰ-ਮਾਰ ਬਾਹਰ ਕੱਢ ਰਹੀ ਹੋਵੇ। ਉਹ ਆਪਣੇ ਆਪ ਨੂੰ ਕੋਸਦੀ, ਇਹ ਖ਼ਿਆਲ ਕਿਉਂ ਆਇਆ? ਉਸ ਨੇ ਤਾਂ ਆਪਣੇ ਸਤ ਧਰਮ ਨੂੰ ਚੇਤਨ 'ਤੇ ਕੁਰਬਾਨ ਕਰਨ ਦਾ ਪ੍ਰਣ ਕੀਤਾ ਹੋਇਆ ਸੀ।

ਜਿਉਂ-ਜਿਉਂ ਚੇਤਨ ਵੱਡਾ ਹੁੰਦਾ ਗਿਆ, ਸਵਾਲ ਵੀ ਵੱਡੇ ਹੋ ਕੇ ਉਸ ਦੇ ਦਿਮਾਗ ਵਿਚ ਖਟਕਦੇ ਰਹੇ। ਕਾਲਜ ਵਿਚ ਲੱਗਣ ਤੱਕ ਕਾਫ਼ੀ ਕੁੱਝ ਉਸ ਸਾਹਮਣੇ ਸਪੱਸ਼ਟ ਹੋਣ ਲੱਗ ਪਿਆ ਸੀ। ਮਨਜੀਤ ਦੀ ਸੱਸ ਬਿਰਧ ਹੋ ਗਈ ਸੀ। ਇਕ ਦਿਨ ਸਤਿਸੰਗ ਜਾਂਦੀ ਨੂੰ ਢੱਠੇ ਨੇ ਟੱਕਰ ਮਾਰ ਦਿੱਤੀ। ਬੁੜ੍ਹੀ ਥਾਂ 'ਤੇ ਹੀ ਪੂਰੀ ਹੋ ਗਈ।

ਮਨਜੀਤ ਲਈ ਇਹ ਵੱਡਾ ਝਟਕਾ ਸੀ। ਭੋਗ ਤੱਕ ਰਾਣੀ ਘਰੇ ਰਹੀ। ਪੇਕਿਆਂ ਤੋਂ ਭਾਈ, ਭਰਜਾਈ ਤੇ ਨਸੀਬ ਭੈਣ ਵੀ ਰਹੇ। ਭੋਗ ਤੋਂ ਬਾਅਦ ਰਾਣੀ ਨੇ ਮਨਜੀਤ ਨੂੰ ਦਿਲਾਸਾ ਦਿੱਤਾ ਅਤੇ ਸਹੁਰੇ ਚਲੀ ਗਈ।

ਮਹੀਨਾ ਕੁ ਬਾਅਦ ਉਸ ਨੂੰ ਉਡਦੀ-ਉਡਦੀ ਖ਼ਬਰ ਮਿਲੀ ਕਿ ਰਾਣੀ ਨੇ ਕਰਤਾਰ ਪਟਵਾਰੀ ਕਿਆਂ ਨਾਲ਼ ਸੱਤ ਕਿੱਲਿਆਂ ਦਾ ਸੌਦਾ ਕਰ ਲਿਆ ਹੈ। ਉਸ ਨੇ ਰਾਣੀ ਨੂੰ ਫੋਨ ਕਰਕੇ ਗੱਲ ਪੁੱਛਣੀ ਚਾਹੀ ਤਾਂ ਉਸ ਨੇ ਉਸ ਦਾ ਫੋਨ ਨਹੀਂ ਚੁੱਕਿਆ ਤੇ ਫੇਰ ਬਲੌਕ 'ਚ ਪਾ ਦਿੱਤਾ। ਮਨਜੀਤ ਨੇ ਭਾਈ ਨੂੰ ਸੁਨੇਹਾ ਭੇਜਿਆ ਪਰ ਉਹ ਨਾ ਪਹੁੰਚਿਆ। ਨਸੀਬ ਵਿਚਾਰੀ ਕਿਸੇ ਜੋਗੀ ਨਹੀਂ ਸੀ। 'ਤਕੜਿਆਂ ਦੇ ਅੰਗ-ਸਾਕ ਸਾਰੇ, ਮਾੜੇ ਦਾ ਕੋਈ ਯਾਰ ਬੇਲੀ ਨਹੀਂ' ਵਾਲ਼ੀ ਗੱਲ ਹੋਈ ਪਈ ਸੀ।

ਆਖ਼ਿਰ ਦੋਵੇਂ ਮਾਂ-ਪੁੱਤ ਤਹਿਸੀਲ ਵਿਚ ਪਤਾ ਕਰਨ ਗਏ। ਉੱਥੇ ਜਾ ਕੇ ਪਤਾ ਲੱਗਿਆ ਤਾਂ ਉਨ੍ਹਾਂ ਦੀਆਂ ਖਾਨਿਓਂ ਗਈਆਂ ਕਿ ਗੱਲ ਸੱਚੀ ਸੀ। ਸੱਸ ਦੀ ਮੌਤ ਤੋਂ ਬਾਅਦ ਰਾਣੀ ਤੇ ਚੇਤਨ ਦੇ ਨਾਮ ਵਿਰਾਸਤ ਰਾਹੀਂ ਜ਼ਮੀਨ ਅੱਧੀ-ਅੱਧੀ ਚੜ੍ਹ ਗਈ ਸੀ। ਕਾਨੂੰਨੀ ਚਾਰਾਜੋਈ ਲਈ ਦੋਵੇਂ ਵਕੀਲ ਕੋਲ਼ ਗਏ ਪਰ ਉਸ ਨੇ ਵੀ ਹੱਥ ਖੜ੍ਹੇ ਕਰ ਦਿੱਤੇ। ਪੇਕਿਆਂ ਤੋਂ ਤਾਂ ਪਹਿਲਾਂ ਹੀ ਕੋਈ ਸਹਾਰਾ ਨਹੀਂ ਸੀ। ਮਨਜੀਤ ਨੀਵੀਂ ਹੋ ਕੇ ਰਾਣੀ ਕੋਲ਼ ਗਈ ਤਾਂ ਉਸ ਨੇ ਕੋਈ ਹੱਥ-ਪੱਲਾ ਨਾ ਫੜਾਇਆ।

ਰਜਿਸਟਰੀ ਤੋਂ ਇਕ ਦਿਨ ਪਹਿਲਾਂ ਚੇਤਨ ਨੇ ਫੋਨ ਲਾਇਆ ਤਾਂ ਰਾਣੀ ਨੇ ਚੁੱਕ ਲਿਆ। ਸ਼ਾਇਦ ਉਸ ਕੋਲ਼ ਉਸ ਦਾ ਨੰਬਰ ਸੇਵ ਨਹੀਂ ਸੀ। ਮਨਜੀਤ ਨੂੰ ਉਹ ਭੂਆ ਦੇ ਤਰਲੇ-ਮਿੰਨਤਾਂ ਕਰਦਾ ਸੁਣਿਆ। ਉਸ ਨੇ ਵੀ ਸੋਚਿਆ ਕਿ ਸ਼ਾਇਦ ਭਤੀਜੇ ਦੇ ਤਰਲੇ ਮਨ ਵਿਚ ਰਹਿਮ ਪੈਦਾ ਕਰ ਦੇਣ। ਰਾਣੀ ਅੱਗਿਓਂ ਪਤਾ ਨਹੀਂ ਕੀ ਬੋਲੀ ਕਿ ਚੇਤਨ ਸਿਰ ਫੜ ਕੇ ਬੈਠ ਗਿਆ। ਉਸ ਦਿਨ ਤੋਂ ਉਸ ਦਾ ਸੌਣਾ-ਬੋਲਣਾ ਘਟ ਗਿਆ। ਮਨਜੀਤ ਦੇ ਬੁਲਾਉਣ 'ਤੇ ਉਸ ਨੂੰ ਭੱਜ-ਭੱਜ ਕੇ ਪੈਣ ਲੱਗਿਆ। ਇਕ ਦਿਨ ਘਰ ਦੇ ਸਾਰੇ ਗਮਲੇ ਤੋੜ ਦਿੱਤੇ। ਰਾਤ ਨੂੰ ਉੱਠ ਕੇ ਵਿਹੜੇ ਵਿਚ ਤੁਰਿਆ ਫਿਰਦਾ।

ਇਕ ਦਿਨ ਬੈਠੇ-ਬੈਠੇ ਦੇ ਮਨ ਵਿਚ ਪਤਾ ਨਹੀਂ ਕੀ ਆਇਆ, ਪਾਣੀ ਵਾਲ਼ਾ ਜੱਗ ਟੀ.ਵੀ. 'ਤੇ ਮਾਰਿਆ ਤੇ ਉਸ ਦੀ ਸਕਰੀਨ ਟੁੱਟ ਗਈ। ਮਹੀਨੇ 'ਚ ਉਸ ਦੀ ਹਾਲਤ ਕਾਫ਼ੀ ਖ਼ਰਾਬ ਹੋ ਗਈ। ਗੁਆਂਢਣ ਨੇ ਦਿਮਾਗੀ ਰੋਗਾਂ ਦੇ ਡਾਕਟਰ ਮਹਿੰਦਰ ਪਾਲ ਦੀ ਦੱਸ ਪਾਈ ਤਾਂ ਉਹ ਉਸ ਕੋਲ਼ ਲੈ ਗਈ। ਉਸ ਨੇ ਪਹਿਲਾਂ ਹਫ਼ਤੇ ਦੀ ਦਵਾਈ ਦਿੱਤੀ, ਜਿਸ ਨਾਲ਼ ਥੋੜ੍ਹਾ ਫ਼ਰਕ

ਪੈ ਗਿਆ।

ਹੁਣ ਉਹ ਮਨਜੀਤ ਦੇ ਬੁਲਾਉਣ ’ਤੇ ਗੁੱਸਾ ਨਹੀਂ ਕਰਦਾ ਸੀ। ਦੁਬਾਰਾ ਦਵਾਈ ਲੈਣ ਸਮੇਂ ਡਾਕਟਰ ਦੀ ਸਲਾਹ ’ਤੇ ਮਨ ਦੀ ਗੱਲ ਪੁੱਛਣ ’ਤੇ ਫੇਰ ਭੜਕ ਗਿਆ ਸੀ। ਭੂਆ ਦੇ ਮਿਹਣੇ ਵਾਲ਼ੀ ਗੱਲ ਤੋਂ ਉਹ ਪ੍ਰੇਸ਼ਾਨ ਹੋ ਗਈ ਸੀ। ਅਜਿਹਾ ਕੀ ਕਹਿ ਦਿੱਤਾ ਕਲ਼ਜੋਗਣ ਨੇ, ਜਿਹੜਾ ਮੁੰਡੇ ਨੂੰ ਇੰਨਾ ਤੰਗ ਕਰ ਰਿਹਾ ਸੀ। ਸਵੇਰੇ ਉੱਠਦੇ ਹੀ ਉਸ ਨੇ ਭੈਣ ਨੂੰ ਫੋਨ ਕਰਕੇ ਆਉਣ ਲਈ ਆਖਿਆ।

ਅਗਲੇ ਦਿਨ ਚੇਤਨ ਲੇਟ ਉੱਠਿਆ। ਚਾਹ-ਪਾਣੀ ਪੀ ਕੇ ਗੁਆਂਢ ਵਾਲ਼ੇ ਪਾਰਕ ’ਚ ਚਲਾ ਗਿਆ। ਇੰਨੇ ਨੂੰ ਨਸੀਬ ਪਹੁੰਚ ਗਈ। ਉਸ ਨੂੰ ਦੇਖ ਕੇ ਮਨਜੀਤ ਦਾ ਮਨ ਭਰ ਆਇਆ। ਉਸ ਨੇ ਭੈਣ ਕੋਲ਼ ਚੇਤਨ ਦੇ ਮਨ ਤੇ ਭੂਆ ਦੇ ਮਿਹਣੇ ਵਾਲ਼ੀ ਗੱਲ ਕੀਤੀ। ਜਦੋਂ ਉਹ ਵਾਪਿਸ ਆਇਆ ਤਾਂ ਕਾਫ਼ੀ ਸ਼ਾਂਤ ਸੀ। ਮਾਸੀ ਨੂੰ ਜੱਫ਼ੀ ਪਾ ਕੇ ਮਿਲਿਆ। ਨਸੀਬ ਨੇ ਪਿਆਰ ਨਾਲ਼ ਸਿਰ ਪਲ਼ੋਸਿਆ ਤੇ ਮਨਜੀਤ ਨੇ ਪਾਣੀ ਫੜਾਇਆ। ਫੇਰ ਉਹ ਤੇ ਨਸੀਬ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗੇ। ਮਨਜੀਤ ਚਾਹ ਬਣਾਉਣ ਲੱਗੀ। ਨਸੀਬ ਨੇ ਮੌਕਾ ਦੇਖ ਕੇ ਪਿਆਰ ਨਾਲ਼ ਸਿਰ ’ਤੇ ਹੱਥ ਫੇਰਦੇ ਕਿਹਾ, “ਦੇਖ ਪੁੱਤ ! ਤੇਰੀ ਭੂਆ ਨੇ ਤਾਂ ਜੋ ਕਰਨਾ ਸੀ, ਕਰ ਦਿੱਤਾ। ਚਿੰਤਾ ਛੱਡ ਤੇ ਵਧੀਆ ਜ਼ਿੰਦਗੀ ਜਿਉਂ।”

ਚੇਤਨ ਕੁੱਝ ਸਮਾਂ ਚੁੱਪ ਰਿਹਾ। ਫੇਰ ਉਸ ਨੇ ਕਿਹਾ, “ਮਾਸੀ ਜ਼ਮੀਨ ਦੀ ਗੱਲ ਤਾਂ ਛੋਟੀ ਹੈ, ਭੂਆ ਨੂੰ ਜਦੋਂ ਮੈਂ ਵਾਸਤਾ ਦਿੱਤਾ ਕਿ ਮੈਂ ਤੁਹਾਡੀ ਅੰਸ਼ ਹਾਂ, ਮੈਨੂੰ ਕਿਉਂ ਬਰਬਾਦ ਕਰਦੀ ਹੈਂ ਤਾਂ ਭੂਆ ਗਰਜੀ ਸੀ ਕਿ ਤੂੰ ਹਰਾਮ ਦਿਆ ਤੁਖ਼ਮਾ, ਢੇਕਾ ਲੱਗਦਾ ਅੰਸ਼ ਦਾ, ਆਪਣੀ ਮਾਂ ਨੂੰ ਪੁੱਛ ਤੂੰ ਕਿਸ ਦਾ ਬੀਅ ਐਂ? ਕੌਣ ਐ ਤੇਰਾ ਪਿਉ? ਇਹ ਗੱਲ ਮੇਰੇ ਮਨ ’ਚੋਂ ਨਹੀਂ ਨਿੱਕਲ਼ਦੀ।”

“ਹਾਏ-ਹਾਏ ਚੰਦਰੀ ਨੇ ਇਹ ਕੀ ਪੱਥਣਾ ਪੱਥ ਦਿੱਤਾ, ਸਾਰਾ ਕੁੱਝ ਤਾਂ ਉਸ ਨੂੰ ਪਤਾ ਹੈ।” ਨਸੀਬ ਆਪ-ਮੁਹਾਰੇ ਬੋਲੀ।

“ਮਾਸੀ ਸਭ ਨੂੰ ਪਤਾ ਹੈ, ਸਿਰਫ਼ ਮੈਨੂੰ ਪਤਾ ਨਹੀਂ ਕਿ ਮੈਂ ਕਿਸ ਦੀ ਔਲਾਦ ਹਾਂ, ਜਿਸ ਕਰਕੇ ‘ਹਰਾਮ ਦਾ ਤੁਖ਼ਮ’ ਵਰਗਾ ਫ਼ਤਵਾ ਦੇ ਦਿੱਤਾ।” ਚੇਤਨ ਇਕ ਵਾਰੀ ਫੇਰ ਰੋਣ ਲੱਗ ਪਿਆ ਸੀ।

ਨਸੀਬ ਕੁੱਝ ਸਮਾਂ ਚੁੱਪ ਰਹੀ ਤੇ ਫੇਰ ਉਸ ਨੇ ਸ਼ੁਰੂ ਤੋਂ ਅੰਤ ਤੱਕ ਸਾਰੀ ਕਹਾਣੀ ਸੁਣਾ ਦਿੱਤੀ, “ਦੇਖ ਪੁੱਤ ! ਤੈਨੂੰ ਢਿੱਡ ਪੜਵਾ ਕੇ ਤੇਰੀ ਮਾਂ ਨੇ ਜੰਮਿਆ ਹੈ। ਪੂਰੇ ਸਤਾਰਾਂ ਟਾਂਕੇ ਲੱਗੇ ਸੀ। ਜੇ ਉਹ ਤੇਰੀ ਦਾਦੀ ਦੀ ਗੱਲ ਮੰਨ ਕੇ ਤੇਰੇ ਫੁੱਫੜ ਨਾਲ਼ ਮਾੜੀ ਹੋ ਜਾਂਦੀ ਤਾਂ ਫੇਰ ਸ਼ਾਇਦ ਤੂੰ ਹਰਾਮ ਦੇ ਰਿਸ਼ਤੇ ’ਚੋਂ ਜੰਮਦਾ ਪਰ ਤੇਰਾ ਜਨਮ ਉਸ ਦੇ ਸਤ ਧਰਮ ਵਾਂਗ ਪੂਰਾ ਪਵਿੱਤਰ ਹੈ। ਮੈਂ ਉਸ ਦੀ ਗਵਾਹ ਹਾਂ। ਰਹੀ ਪਿਉ ਦੀ ਗੱਲ, ਉਹ ਤਾਂ ਸਿਰਫ਼ ਤੈਨੂੰ ਦੁਨੀਆ ’ਤੇ ਲਿਆਉਣ ਵਾਲ਼ੇ ਡਾਕਟਰੀ ਇਲਾਜ ਦਾ ਹਿੱਸਾ ਹੀ ਸੀ। ਅਸਲ ਵਿਚ ਤਾਂ ਤੇਰਾ ਪਿਉ ਵੀ ਏਹੀ ਐ ਤੇ ਮਾਂ ਵੀ….।”

ਮਾਸੀ ਦੀ ਗੱਲ ਨੇ ਚੇਤਨ ਨੂੰ ਧੁਰ ਅੰਦਰੋਂ ਛੂਹ ਲਿਆ ਸੀ। ਮਨਜੀਤ ਪਾਸੇ ਖੜ੍ਹੀ ਹੰਝੂ ਵਹਾ ਰਹੀ ਦੀ। ਉਸ ਨੇ ਉੱਠ ਕੇ ਮਾਂ ਨੂੰ ਜੱਫੀ ਪਾ ਲਈ ਤੇ ਦੋਵਾਂ ਦੇ ਹੰਝੂ ਇਕ-ਮਿਕ ਹੋ ਗਏ ਸਨ।

ਉਸ ਤੋਂ ਬਾਅਦ ਸਾਰਾ ਦਿਨ ਚੇਤਨ ਮਾਸੀ ਨਾਲ਼ ਗੱਲਾਂ ਵਿਚ ਮਗਨ ਰਿਹਾ। ਨਸੀਬ

ਉਸ ਨੂੰ ਸਮਝਾਉਂਦੀ ਰਹੀ।

ਸ਼ਾਮ ਨੂੰ ਕੰਮ-ਧੰਦਾ ਮੁਕਾ ਕੇ ਜਦੋਂ ਉਹ ਕੋਲ਼ ਬੈਠੀ ਤਾਂ ਚੇਤਨ ਉਸ ਦੀ ਗੋਦੀ 'ਚ ਲੇਟ ਗਿਆ। ਮਨਜੀਤ ਨੇ ਉਸ ਦੇ ਵਾਲ਼ਾਂ 'ਚ ਹੱਥ ਫੇਰਿਆ ਤਾਂ ਚੇਤਨ ਭਾਵੁਕ ਹੁੰਦਾ ਬੋਲਿਆ, "ਬੀਬੀ ਤੇਰੇ ਨਾਲ਼ ਸਦਾ ਧੱਕਾ ਹੋਇਆ ਤੇ ਹੁਣ ਮੇਰੇ ਨਾਲ਼ ਅਨਿਆ ਕਰਕੇ ਜਾਇਦਾਦ ਖ਼ਰਾਬ ਕਰ ਦਿੱਤੀ। ਮੈਂ ਹੁਣ ਸਮਝ ਗਿਆ ਹਾਂ ਕਿ ਮੈਂ ਹਰਾਮ ਦਾ ਨਹੀਂ, ਤੇਰਾ ਤੁਖ਼ਮ ਹਾਂ।"

"ਦੇਖ ਪੁੱਤ! ਜ਼ਮੀਨ ਦੇ ਨੁਕਸਾਨ ਬਦਲੇ ਰਿਸ਼ਤਿਆਂ ਦਾ ਘਾਣ ਹੋਣ ਤੋਂ ਬਚ ਗਿਆ। ਮੇਰੇ ਹਿਸਾਬ ਨਾਲ਼ ਇਹ ਕੋਈ ਬਹੁਤੀ ਵੱਡੀ ਕੀਮਤ ਨਹੀਂ। ਤਕੜਾ ਹੋ ਕੇ ਜ਼ਿੰਦਗੀ ਜਿਉਂ।" ਮਨਜੀਤ ਨੇ ਗੱਲ ਮੁਕਾਈ।

"ਕੱਲ੍ਹ ਸਵੇਰੇ ਕਾਲਜ ਜਾਣ ਲਈ ਰੋਟੀ ਛੇਤੀ ਪਕਾ ਦੇਵੀਂ ਬੀਬੀ।" ਚੇਤਨ ਦੇ ਬੋਲਾਂ ਵਿਚਲੀ ਪਕਿਆਈ ਜਾਣ ਕੇ ਮਨਜੀਤ ਦੇ ਉਦਾਸ ਬੁੱਲ੍ਹਾਂ 'ਤੇ ਮੁਸਕਾਨ ਨੱਚ ਉੱਠੀ ਸੀ।

## ਕਹਾਣੀ: ਤੁਖ਼ਮ: ਵਿਚਾਰ-ਚਰਚਾ

**ਜਨਮੀਤ** : ਤੁਖਮ ਕਹਾਣੀ ਪੜ੍ਹੀ ਗਈ ਹੈ। ਮੈਂ ਕਹਾਣੀ ਨੂੰ ਵਿਜ਼ੁਅਲ ਦੇ ਤੌਰ ਤੇ ਦੇਖਦਾ ਹਾਂ। ਹਸਪਤਾਲ ਦੇ ਸੀਨ ਤੋਂ ਲੈ ਕੇ ਅਖੀਰ ਵਿੱਚ ਜਿੱਥੇ ਕਹਾਣੀ ਖਤਮ ਹੁੰਦੀ ਹੈ। ਜਦੋਂ ਮਾਸੀ ਉਸ ਨਾਲ ਪਿਆਰ ਨਾਲ ਗੱਲ ਕਰਦੀ ਹੈ ਉਥੋਂ ਤੱਕ ਇਸ ਵਿੱਚ ਅਣਗਿਣਤ ਸੀਨ ਪੇਸ਼ ਹਨ। ਉਹਦੇ ਵਿੱਚ ਹੌਲੀ ਹੌਲੀ ਪਤਾ ਲੱਗ ਜਾਂਦਾ ਸਕੂਲ ਦੇ ਵਿੱਚੋਂ ਤੇ ਚੇਤਨ ਇੱਕ ਕਿਸੇ ਸਸਪੈਂਸ ਵਿਚ ਹੈ ਕਿ ਉਹ ਮਨੋਵਿਗਿਆਨਕ ਤੌਰ ਦੇ ਉੱਤੇ ਬਿਮਾਰ ਹੋਣ ਕਰਕੇ ਉਹ ਸਰੀਰਕ ਤੌਰ 'ਤੇ ਵੀ ਬਿਮਾਰ ਹੈ। ਉਸਨੂੰ ਡਾਕਟਰ ਕੋਲ ਦਿਖਾਉਣ ਤੋਂ ਬਾਅਦ ਕਹਾਣੀ ਚੱਲਦੀ ਹੈ। ਇਸ ਵਿਚ ਉਹਦੀ ਮਾਂ, ਪਿਓ, ਗੋਰਾ, ਸੱਸ, ਸਹੁਰਾ, ਨਨਾਣ ਤੇ ਨਣਦੋਈਆ ਆਦਿ ਪਾਤਰ ਹਨ। ਕਹਾਣੀ ਵਿਚ ਜਿਸ ਤਰਾਂ ਇਨ੍ਹਾਂ ਨੂੰ ਪੇਸ਼ ਕੀਤਾ ਗਿਆ ਹੈ ਉਹ ਪੰਜਾਬੀ ਰਿਸ਼ਤਿਆਂ ਦੀ ਸਿਮਿਓਟਿਕਸ ਹੈ। ਜਿਸ ਕਰਕੇ ਸਾਰੇ ਪਾਤਰ ਕੱਦਾਵਰ ਤਰੀਕੇ ਨਾਲ ਉਭਰ ਕੇ ਸਾਹਮਣੇ ਆਉਂਦੇ ਹਨ। ਨਨਾਣ ਦਾ ਵਰਤਾਰਾ ਆਪਣੀ ਥਾਂ 'ਤੇ ਜਸਟੀਫਾਈ ਹੈ। ਨਣਦੋਈਆ ਸੱਸ ਅਤੇ ਪਤਨੀ ਦੋਨਾਂ ਨਾਲ ਮਿਲਿਆ ਹੈ। ਘਰ ਦੀ ਸਥਿਤੀ ਤੇ ਆਰਥਿਕਤਾ ਤੇ ਸਮਾਜਿਕ ਮਾਨਤਾਵਾਂ ਨੂੰ ਮੁੱਖ ਰੱਖਦਿਆਂ ਹੋਇਆ ਉਸਦਾ ਵਿਹਾਰ ਵੀ ਜਸਟੀਫਾਈਡ ਹੈ। ਨਨਾਣ ਦੀ ਜ਼ਮੀਨ ਵੇਚਣੀ ਤੇ ਨਣਦੋਈਏ ਦਾ ਸੱਸ ਨਾਲ ਮਿਲ ਕੇ ਉਸ ਨਾਲ ਬਦਫੈਲੀ ਕਰਨੀ ਵੀ ਜਸਟੀਫਾਈ ਲੱਗਦੀ ਹੈ। ਸੱਸ ਦਾ ਵਿਜ਼ੁਅਲ ਹੈ ਕਿ ਉਹ ਉਹਨੂੰ ਦੁੱਧ ਦੇ ਕੇ ਭੇਜਦੀ ਹੈ ਤੇ ਉਸ ਉਪਰ ਦਬਾਅ ਪਾਉਂਦੀ ਹੈ। ਉਸ ਤੋਂ ਬਾਅਦ ਉਹਦਾ ਸਹੁਰਾ ਫੌਜੀ ਹੈ ਜਦੋਂ ਉਸਨੂੰ ਸਾਰੀ ਟਰੈਜਡੀ ਦਾ ਪਤਾ ਲੱਗਦਾ ਹੈ ਕਿ ਕਿਸ ਕਰਕੇ ਬੱਚਾ ਬਿਮਾਰ/ਮਾਨਸਿਕ ਰੋਗੀ ਹੋਇਆ ਹੈ। ਉਹ ਇਸ ਮਨੋਵਿਗਿਆਨਕ ਗੁੰਝਲ ਨੂੰ ਸਮਝਦਾ ਹੱਲ ਕੱਢਦਾ ਹੈ ਕਿ ਪਿੰਡ ਵਿੱਚ ਨਹੀਂ ਰਹਿਣਾ। ਉਹ ਪੜ੍ਹਿਆ ਲਿਖਿਆ ਫੌਜ ਵਿੱਚ ਰਿਹਾ ਹੈ। ਮਾਡਰਨ ਜ਼ਿੰਦਗੀ ਦੀ ਉਹਨੂੰ ਸਮਝ ਲੱਗੇਗੀ। ਇਸ ਕਰਕੇ ਉਹ ਡਾਕਟਰ ਕੋਲੋਂ ਬੱਚਾ ਲੈਣ ਨੂੰ ਵੀ ਬੁਰਾ ਨਹੀਂ ਸਮਝਦਾ। ਉਸ ਤੋਂ ਬਾਅਦ ਉਹ ਉਸਨੂੰ ਵੱਖਰੀ ਥਾਂ ਤੇ ਰੱਖਣਾ ਚਾਹੁੰਦਾ ਹੈ ਕਿ ਵਾਤਾਵਰਣ ਬਦਲ ਜਾਵੇਗਾ। ਪਿੰਡ ਦੇ ਵਿੱਚ ਨਹੀਂ ਰਹੂਗਾ ਕਿ ਮੇਰਾ ਬੱਚਾ ਸੇਫ ਰਹੇਗਾ। ਉਹ ਮਨੋਵਿਗਿਆਨਕ ਰੋਗੀ ਨਹੀਂ ਬਣੇਗਾ।

ਉਹ ਬੇਸ਼ੱਕ ਸ਼ਹਿਰ ਘਰ ਬਣਾ ਲੈਂਦੇ ਹਨ ਲੇਕਿਨ ਹੌਲੀ ਹੌਲੀ ਉਸ ਅੰਦਰ ਵੀ ਇਕ ਸਸਪੈਂਸ ਰਹਿੰਦਾ ਹੈ। ਸਸਪੈਂਸ ਉਦੋਂ ਖ਼ਤਮ ਹੁੰਦਾ ਜਦੋਂ ਭੂਆ ਉਹਨੂੰ ਕਹਿੰਦੀ ਹੈ ਕਿ ਤੂੰ ਤਾਂ ਸਾਡਾ ਹੈ ਹੀ ਨਹੀਂ। ਸੋ ਇਹ ਵੀ ਮਾਨਸਿਕ ਪ੍ਰੋਬਲਮ ਹੈ। ਕਹਾਣੀ ਵਿਚ ਔਰਤ ਡਾਕਟਰ ਕੋਲੋਂ ਕਿਸੇ ਮਰਦ ਦਾ ਸਪਰਮ ਲੈ ਕੇ ਬੱਚਾ ਲੈਂਦੀ ਹੈ ਤਾਂ ਮਾਨਸਿਕ ਤੌਰ 'ਤੇ ਉਹ ਔਰਤ ਵੀ ਠੀਕ ਹੈ ਕਿਉਂਕਿ ਉਹਦਾ ਹਸਬੈਂਡ ਨਿਪੁੰਸਕ ਹੈ। ਉਹ ਘਰੋਂ ਗੁਰਬਤ ਵਿੱਚੋਂ ਆਈ ਹੈ। ਵਿਆਹ ਉਹਦਾ ਉਸ ਬੰਦੇ ਨਾਲ ਵਿਆਹ ਕਰ ਦਿੱਤਾ ਜਾਂਦਾ ਜਿਸ ਕੋਲ ਥੋੜ੍ਹੀ ਜ਼ਮੀਨ ਹੈ। ਇਥੇ ਉਹਦੇ ਨਾਲ ਧੱਕਾ ਹੁੰਦਾ ਹੈ। ਸੋ ਇਸ ਤਰ੍ਹਾਂ ਸਾਰੇ ਹੀ ਕਰੈਕਟਰਾਂ ਦਾ ਮਨੋਵਿਗਿਆਨ ਬੜੀ ਖ਼ੂਬਸੂਰਤੀ ਨਾਲ ਪੇਸ਼ ਹੋਇਆ ਹੈ। ਇਹ ਪਾਤਰ ਜਿਸ ਤਰਾਂ ਦੇ ਨਾਲ ਕਹਾਣੀ ਵਿੱਚ ਪੇਸ਼ ਹੋਏ ਹਨ ਇਨ੍ਹਾਂ ਵਿਚ ਇਹ ਨਹੀਂ ਲੱਗਦਾ ਕਿ ਕੋਈ ਪਾਤਰ ਅਧੂਰਾ ਹੈ। ਸਾਰੇ ਹੀ ਪਾਤਰ ਕੱਦਾਵਰ ਜਾਂ ਮੁਖ ਪਾਤਰਾਂ ਵਾਂਗ ਆਪਣੀ ਆਪਣੀ ਜਗ?ਹਾ ਉੱਤੇ ਪੇਸ਼ ਹੋਏ ਹਨ। ਇਸ ਤਰ੍ਹਾਂ ਇਹ ਕਹਾਣੀ ਦੀ ਚਾਲ ਨੂੰ ਸਪੋਰਟ ਕਰਦੇ ਹਨ। ਕਹਾਣੀ ਦਾ ਬਿਰਤਾਂਤ ਤੁਹਾਨੂੰ ਬੋਰਿੰਗ ਨਹੀਂ ਲੱਗਦਾ। ਇਹ ਵੀ ਨਹੀਂ ਲੱਗਦਾ ਕਿ ਇਹਦਾ ਅਕਾਰ ਵੱਧ। ਇੰਨੇ ਸੋਹਣੇ ਵਾਕਾਂ, ਥੋੜ੍ਹੇ ਦਾਇਰਿਆਂ, ਥੋੜ੍ਹੇ ਸ਼ਬਦਾਂ ਵਿੱਚ ਇੰਨੇ ਵੱਡੇ ਮਸਲੇ ਜੋ ਪੰਜਾਬੀ ਸਮਾਜ ਦੇ ਆਰਥਿਕ ਅਤੇ ਸਮਾਜਿਕ ਵੀ ਹਨ ਨੂੰ ਪੇਸ਼ ਕਰਨਾ ਉਹ ਕਹਾਣੀਕਾਰ ਦੀ ਕਲਾ ਕਰਕੇ ਹੀ ਸੰਭਵ ਹੋ ਸਕਿਆ ਹੈ। ਇਸੇ ਕਰਕੇ ਇਹ ਕਹਾਣੀ ਕਾਮਯਾਬ, ਚੰਗੀ ਅਤੇ ਸੋਹਣੀ ਕਹਾਣੀ ਜਾ ਸਕਦੀ ਹੈ। ਇੱਕ ਗੱਲ ਕਿ ਜਿਹੜਾ ਮਨੋ ਰੋਗੀ ਵਿਅਕਤੀ ਨੂੰ ਡਾਕਟਰੀ ਦਵਾਈਆਂ ਤੋਂ ਇਲਾਵਾ ਕੋਈ ਮਾਨਸਿਕ ਰਾਹਤ ਚਾਹੀਦੀ ਹੈ। ਉਸ ਮਾਨਸਿਕ ਰਾਹਤ ਦੇ ਤੌਰ ਤੇ ਉੱਤੇ ਮਾਸੀ ਆਉਂਦੀ ਹੈ। ਜੋ ਬੱਚੇ ਦੇ ਨਾਲ ਬੜੀ ਜਲਦੀ ਸਾਰਾ ਕੁਝ ਖੋਲ੍ਹ ਦਿੰਦੀ ਹੈ। ਉਸਨੂੰ ਜਿਹੜਾ ਬਾਪ ਕਹਿੰਦਾ ਸੀ ਕਿ ਚੰਗੀ ਜ਼ਿੰਦਗੀ ਜਿਊਣੀ ਹੈ। ਚੰਗੀ ਜ਼ਿੰਦਗੀ ਕੀ ਹੈ ਕਿ ਰੋਗ 'ਚੋਂ ਨਿਕਲਨਾ ਤੇ ਉਹ ਸਾਰੀ ਸਿਚੁਏਸ਼ਨ 'ਚੋਂ ਨਿਕਲਦਾ ਹੈ। ਇਹ ਸੌਖਾ ਕੰਮ ਨਹੀਂ ਸੀ ਪਰ ਲੇਖਕ ਇਸ ਵਾਸਤੇ ਘਟਨਾਵਾਂ ਨੂੰ ਜੋੜ ਕੇ ਅਹਿਮ ਗੱਲ ਮਾਸੀ ਦੇ ਰਾਹੀਂ ਕਰਵਾਉਂਦਾ ਹੈ। ਜਿਸ ਰਾਹੀਂ ਚੇਤਨ ਨਾਰਮਲ ਹੋਣ ਦੀ ਕੋਸ਼ਿਸ਼ ਕਰਦਾ ਹੈ। ਸੋ ਕਹਾਣੀ ਸੁਨੇਹਾ ਦਿੰਦੀ ਹੈ ਕਿ ਜ਼ਿੰਦਗੀ ਕਦੇ ਰੁਕਦੀ ਨਹੀਂ। ਇਸ ਕਹਾਣੀ ਵਿਚ ਜ਼ਿੰਦਗੀ ਨੂੰ ਬਹੁਤ ਵੱਡਾ ਸੁਨੇਹਾ ਹੈ ਕਿ ਜਿਹੋ ਜਿਹੀਆਂ ਵੀ ਸਿਚੁਏਸ਼ਨਜ਼ ਹੋਣ ਉਹਦੇ ਵਿੱਚੋਂ ਨਿਕਲਿਆ ਜਾ ਸਕਦਾ ਹੈ। ਉਹਨਾਂ ਵਿੱਚੋਂ ਨਿਕਲਣ ਦਾ ਕੋਈ ਨਾ ਕੋਈ ਬਹਾਨਾ ਵੀ ਬਣ ਜਾਂਦਾ ਹੈ। ਸੋ ਇਹ ਸਾਰੇ ਪੱਖ ਹਨ ਜਿਸ ਕਰਕੇ ਇਹ ਕਹਾਣੀ ਬਹੁਤ ਖ਼ੂਬਸੂਰਤ ਲੱਗੀ ਹੈ।

**ਮਹਿਲ ਸਿੰਘ** : ਇਸ ਕਹਾਣੀ ਦੀ ਪਿੱਠਭੂਮੀ 'ਚ ਬਹੁਤ ਕੁਝ ਹੈ ਕਿ ਸਾਡੇ ਪਿਤਰ ਮੁਖੀ ਸਮਾਜ ਵਿਚ ਵਾਰਸ ਹੋਣ ਦੀ ਇਕ ਲਾਲਸਾ ਹੈ। ਇਹ ਇਕ ਨਵਾਂ ਵਿਸ਼ਾ ਵੀ ਹੈ। ਜਿਨ੍ਹਾਂ ਦੇ ਔਲਾਦ ਨਹੀਂ ਹੁੰਦੀ ਉਹ ਨਵੀਂ ਤਕਨੀਕ ਨਾਲ ਔਲਾਦ ਪੈਦਾ ਕਰਨੀ ਚਾਹੁੰਦੇ ਹਨ। ਉਸ ਔਲਾਦ ਦੀਆਂ ਫਿਰ ਮਨੋਵਿਗਿਆਨਕ ਕੀ ਗੁੰਝਲਾਂ ਹਨ। ਸੋ ਇਹ ਇਕ ਮਨੋਵਿਗਿਆਨਿਕ ਕਹਾਣੀ ਹੈ। ਜੇ ਇਹਨੂੰ ਅਸੀਂ ਨਰੇਸ਼ਨ ਦੇ ਪੱਧਰ ਤੇ ਦੇਖੀਏ ਇਕ ਐਸਾ ਸਹਿਜ ਰਹੱਸਵਾਦੀ ਬਿਰਤਾਂਤ ਹੈ ਜਿਹੜਾ ਸਹਿਜ ਰੂਪ 'ਚ ਸ਼ੁਰੂ ਹੁੰਦਾ ਅੱਗੇ ਤੁਰਦਾ ਸਥਿਤੀ ਮੁੱਖ ਪਾਤਰਾਂ ਦੇ ਰੂਪ ਵਿਚ ਹਰ ਪਾਤਰ 'ਚੋਂ ਆਪਣੀ ਸਿਚੁਏਸ਼ਨ ਤੋਂ ਬੋਲਦਾ ਹੈ। ਪਾਤਰ ਕਿਵੇਂ ਕਹਾਣੀ ਦੇ ਮੇਨ ਕਰੈਕਟਰ ਨਾਲ, ਆਪਦੇ ਹਿੱਤ ਨਾਲ ਜੁੜੇ ਹੋਏ ਕਿਸ ਤਰ੍ਹਾਂ ਦਾ ਵਤੀਰਾ ਕਰਦੇ ਹਨ। ਜਿਵੇਂ ਜਨਮੀਤ ਨੇ ਕਿਹਾ ਕਿ ਲੱਖ ਮੁਸ਼ਕਿਲਾਂ ਦੇ ਬਾਵਜੂਦ ਜੀਵਨ ਚਲਦੇ ਰਹਿਣ ਦਾ ਨਾਂ ਹੈ। ਜੀਵਨ

ਅੱਗੇ ਤੁਰਨ ਦਾ ਨਾਂ ਹੈ। ਆਪਾਂ ਘਰਾਂ/ਸਮਾਜਾਂ 'ਚ ਕਈ ਕੁਝ ਦੇਖਦੇ ਹਾਂ। ਜਿਹੜੀ ਆਮ ਕਰਕੇ ਅਸੀਂ ਦੁਖਾਂਤ ਨੂੰ ਹੀ ਉੱਤਮ ਸਾਹਿਤ ਮੰਨਦੇ ਸੀ ਪਰ ਇਸ ਕਹਾਣੀ ਵਿਚ ਲੱਖ ਦੁਖਾਂਤ ਦੇ ਬਾਵਜੂਦ ਘਰ ਪਰਿਵਾਰ ਨਵੀਆਂ ਪੀੜ੍ਹੀਆਂ ਅੱਗੇ ਉੱਠਦੀਆਂ ਨੇ ਤੇ ਚਲਦੀਆਂ ਜਾਂਦੀਆਂ ਹਨ।

**ਕੁਲਵੰਤ ਸਿੰਘ** : ਵਿਸ਼ੇ ਦੇ ਪੱਖੋਂ ਮੈਨੂੰ ਲੱਗਦਾ ਕਿ ਕਹਾਣੀ ਥੋੜੀ ਜਿਹੀ ਸੰਖੇਪ ਹੈ। ਜੇ ਇਹਦੇ ਵਿੱਚ ਇਹ ਵੀ ਹੁੰਦਾ ਕਿ ਔਲਾਦ ਦੇ ਨਾਲ ਜਿਹੜੇ ਜੁੜੇ ਸਾਡੇ ਮੁੱਲ ਜੋ ਬੰਦੇ ਨੂੰ ਮਜਬੂਰ ਕਰਦੇ ਹਨ ਕਿ ਕੋਈ ਔਲਾਦ ਹੋਣੀ ਚਾਹੀਦੀ ਤੇ ਉਹ ਮੁੰਡਾ ਹੀ ਹੋਣਾ ਚਾਹੀਦਾ। ਨਹੀਂ ਤਾਂ ਤੁਹਾਨੂੰ ਅਗਲੇ ਜਹਾਨ ਵਿੱਚ ਢੋਈ ਨਹੀਂ ਮਿਲਣੀ। ਉਹ ਪੱਖ ਥੋੜ੍ਹਾ ਜਿਹਾ ਆ ਜਾਂਦਾ ਤਾਂ ਇਸ ਕਹਾਣੀ ਨੂੰ ਥੋੜ੍ਹਾ ਜਿਹਾ ਹੋਰ ਵਿਸਥਾਰ ਦਿੱਤਾ ਜਾ ਸਕਦਾ ਸੀ। ਵੈਸੇ ਇਸ ਪੱਖ ਤੋਂ ਇਹ ਕਹਾਣੀ ਕੰਪਲੀਟ ਵੀ ਹੈ। ਦੂਸਰੀ ਗੱਲ ਇਸ ਕਹਾਣੀ ਦੀ ਖ਼ੂਬਸੂਰਤੀ ਭਾਸ਼ਾ ਵਿਚ ਹੈ। ਸੰਖੇਪ ਤੇ ਪੇਂਡੂ ਮੁਹਾਵਰਾ ਉਹ ਬਹੁਤ ਵਧੀਆ ਹੈ। ਔਰ ਭਾਸ਼ਾ ਦੀ ਵਰਤੋਂ ਦੋ ਪੱਧਰ 'ਤੇ ਹੋਈ ਹੈ। ਇੱਕ ਤਾਂ ਭਾਸ਼ਾ ਦੀ ਪੱਧਰ 'ਤੇ ਜੋ ਸੁਹਜ ਹੈ। ਦੂਜਾ ਉਹਦੇ ਰਾਹੀਂ ਜੋ ਮੈਸੇਜ ਕਨਵੇ ਹੁੰਦੇ। ਕਹਾਣੀ ਵਿਚ ਜਦੋਂ ਸਹੁਰਾ ਜਵਾਈ ਦੇ ਸਾਹਮਣੇ ਸੱਸ ਦੇ ਡਾਂਗ ਮਾਰਦਾ ਹੈ ਤਾਂ ਅਸਲ ਅਰਥਾਂ ਵਿੱਚ ਡਾਂਗ ਜਵਾਈ ਦੇ ਮਾਰੀ ਹੁੰਦੀ ਹੈ। ਇਹ ਅਰਥਾਂ ਦਾ ਵਿਸਥਾਰ ਹੈ ਜੋ ਭਾਸ਼ਾ ਦੀ ਸੰਖੇਪਤਾ ਰਾਹੀਂ ਹੈ। ਬਾਕੀ ਇੱਕ ਦੋ ਸ਼ਬਦ ਹਨ ਅਤੇ ਇਕ ਪੈਰ੍ਹਾ ਥੋੜਾ ਜਿਹਾ ਠੀਕ ਕਰਨ ਵਾਲਾ ਹੈ। "ਉਸਦੀ ਬੋਲ ਬਾਣੀ ਤੋਂ ਮਨਜੀਤ ਨੇ ਹਿਸਾਬ ਲਾ ਲਿਆ ਕਿ ਹੋਣ ਵਾਲੀ ਨਨਾਣ ਥੋੜੀ ਤੇਜ਼ ਆ" ਇਹ ਲਾਈਨ/ਪਹਿਰਾ ਉਪਰਲੇ ਪੈਰ੍ਹੇ ਨਾਲ ਕਰ ਲਓ। ਬਾਕੀ ਚੇਤਨ ਦਾ ਸਾਇਆ ਨੂੰ ਚੇਤਨ ਦਾ ਪਰਛਾਵਾਂ ਕਰ ਲਓ। ਕਿਹਾ ਜਾ ਸਕਦਾ ਹੈ ਕਿ ਨਵੇਂ ਕਹਾਣੀਕਾਰਾਂ ਦੀ ਰਚਨਾਦ੍ਰਿਸ਼ਟੀ ਵਿੱਚ ਫਰਕ ਨਜ਼ਰ ਆ ਰਿਹਾ ਹੈ। ਜਿਵੇਂ ਦੁਖਾਂਤ ਵਾਲਾ ਪੱਖ ਆਮ ਤੌਰ ਤੇ ਹੁਣ ਤੱਕ ਹੀ ਪੜ੍ਹਦੇ ਰਹੇ ਆ ਜਿਹੜਾ ਸਾਹਿਤ ਹੈ ਟਕਰਾਅ ਦੇ ਵਿੱਚੋਂ ਯਥਾਰਥ ਬਾਹਰ ਆਉਂਦਾ ਹੈ। ਟਕਰਾਅ ਤੋਂ ਬਿਨਾਂ ਰਗੜ ਤੋਂ ਬਿਨਾਂ ਬੰਦੇ ਦੇ ਹਾਲਾਤ ਵਿੱਚੋਂ ਬੰਦੇ ਦੀ ਮਾਨਸਿਕਤਾ ਬੰਦੇ ਦਾ ਯਥਾਰਥ ਸਾਹਮਣੇ ਆਉਂਦਾ ਹੈ ਪਰ ਇਹਨਾਂ ਪੰਜ ਕਹਾਣੀਆਂ 'ਚੋਂ ਬਹੁਤੀਆਂ ਕਹਾਣੀਆਂ ਅਹਿਜੀਆਂ ਨੇ ਕਿ ਜਿਹੜੀਆਂ ਹਾਲਾਤ ਨਾਲ ਖਾਹਮਖਾਹ ਭਾਵ ਇੱਕ ਪਾਸੇ ਜੋ ਸਮਾਜਿਕ ਮਾਨਤਾਵਾਂ/ਕਦਰਾਂ ਕੀਮਤਾਂ ਨੂੰ ਪਾਸੇ ਕਰਦੇ ਹਾਂ ਤਾਂ ਇਹ ਇੱਕ ਪੋਜੀਟਿਵ ਆਸਪੈਕਟ ਬਣਦਾ ਹੈ। ਇਹਨਾਂ ਕਹਾਣੀਆਂ ਵਿਚਲੇ ਪੋਜੀਟਿਵ ਪੱਖਾਂ ਰਾਹੀਂ ਲੇਖਕਾਂ ਦੀ ਰਚਨਾ ਦ੍ਰਿਸ਼ਟੀ ਵਿੱਚ ਜਿਹੜਾ ਫਰਕ ਆਇਆ ਹੈ ਮੈਂ ਇਹਨੂੰ ਉਸ ਦੇ ਤੌਰ ਤੇ ਵੇਖਣਾ ਚਾਹੁੰਦਾ ਹਾਂ ਜਾਂ ਉਸ ਦੇ ਤੌਰ ਤੇ ਮੈਂ ਇਸਨੂੰ ਫਾਰਮੂਲੇਟ ਕਰਨਾ ਚਾਹੁੰਦਾ ਹਾਂ। ਅਸਲ ਵਿੱਚ ਉਹਨਾਂ ਦੀ ਰਚਨਾ ਦ੍ਰਿਸ਼ਟੀ ਵਿੱਚ ਫਰਕ ਆ ਰਿਹਾ ਉਹ ਵਰਤਾਰਿਆਂ ਨੂੰ ਵੇਖਣ ਵਿੱਚ ਫਰਕ ਆ ਰਿਹਾ ਹੈ। ਨਵੇਂ ਏਸ ਦ੍ਰਿਸ਼ਟੀ ਤੋਂ ਦੇਖਦੇ ਨੇ ਤੇ ਪੁਰਾਣੇ ਹੋਰ ਦ੍ਰਿਸ਼ਟੀ ਤੋਂ ਦੇਖਦੇ ਨੇ। ਔਰ ਇਹਦੇ ਵਿੱਚੋਂ ਖਾਹਮਖਾਹ ਦਾ ਜਿਹੜਾ ਟਕਰਾ ਹੈ ਉਹ ਜਰੂਰੀ ਨਹੀਂ ਕਿ ਉਹ ਪੇਸ਼ ਹੋਏ। ਔਰ ਇਹਦੇ ਨਾਲ ਕਹਾਣੀ ਜਿਥੇ ਖਤਮ ਹੁੰਦੀ ਹੈ ਉਹ ਠੀਕ ਹੈ।

**ਬਲਜੀਤ ਕੌਰ ਰਿਆੜ**: ਮੈਨੂੰ ਕਹਾਣੀ ਚੰਗੀ ਇਸ ਕਰਕੇ ਲੱਗੀ ਹੈ ਕਿ ਜਦੋਂ ਅਸੀਂ ਅਜੋਕੇ ਦੌਰ ਦੀਆਂ ਕਹਾਣੀਆਂ ਪੜ੍ਹਦੇ ਹਾਂ ਜਿਹੜੀਆਂ ਵਰਤਮਾਨ ਵਿੱਚ ਲਿਖੀਆਂ ਜਾ ਰਹੀਆਂ ਤੇ ਬਹੁਤੀਆਂ ਕਹਾਣੀਆਂ ਇਹੋ ਜਿਹੀਆਂ ਹੁੰਦੀਆਂ ਕਿ ਪਹਿਲਾਂ ਹਿੱਸਾ ਪੜ੍ਹੀਦਾ ਹੈ ਤੇ ਦੂਸਰੇ

ਵਿਚ ਪਹੁੰਚ ਜਾਈਦਾ ਤੇ ਪਹਿਲਾ ਭੁੱਲ ਜਾਂਦਾ ਹੈ ਤੇ ਜੇ ਆਖਿਰ ਤੇ ਪਹੁੰਚੀ ਜਾਈਏ ਤੇ ਵਿਚਕਾਰ ਵਿੱਚ ਪਤਾ ਨਹੀਂ ਚੱਲਦਾ ਕਿ ਲੇਖਕ ਨੇ ਕੀ ਕਿਹਾ ਸੀ। ਪੂਰੀ ਕਹਾਣੀ ਵਿੱਚ ਰੌਚਿਕਤਾ ਬਣੀ ਰਹਿੰਦੀ ਹੈ। ਬਿਰਤਾਂਤ ਜਦੋਂ ਅੱਗੇ ਤੁਰਦਾ ਹੈ ਭਾਵੇਂ ਉਹ ਪਿਛਲਝਾਤ ਵਿਧੀ ਹੈ ਔਰ ਮਨਜੀਤ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੈ ਫਿਰ ਵੀ ਰੋਚਿਕਤਾ ਲਗਾਤਾਰ ਬਣੀ ਰਹਿੰਦੀ ਆ। ਹੁਣ ਲਿਖੀ ਜਾ ਰਹੀ ਕਹਾਣੀ ਪਾਠਕ ਨੂੰ ਪੜ੍ਹਨ ਤੋਂ ਤੁਰੰਤ ਬਾਅਦ ਯਾਦ ਰਹਿ ਜਾਂਦੀ ਹੈ। ਇਹ ਇੱਕ ਲੇਖਕ ਦੇ ਲਈ ਪ੍ਰਾਪਤੀ ਵਾਲੀ ਗੱਲ ਹੈ। ਦੂਸਰੀ ਗੱਲ ਕਿ ਪਰੰਪਰਾ ਤੇ ਆਧੁਨਿਕਤਾ ਦਾ ਸੁਮੇਲ ਕਰਕੇ ਇੱਕ ਵੱਖਰੇ ਵਿਸ਼ੇ ਨੂੰ ਪੇਸ਼ ਕਰਨਾ ਇਹ ਵੀ ਇੱਕ ਵੱਡੀ ਗੱਲ ਹੈ ਕਿ ਜਿਹੜੀਆਂ ਪਰੰਪਰਾ ਦੇ ਵਿੱਚ ਕੁਝ ਗੱਲਾਂ ਨੂੰ ਅਸੀਂ ਸਹਿਜ ਹੀ ਅਪਣਾਇਆ ਹੋਇਆ ਸੀ। ਅਜੋਕੇ ਸਮੇਂ ਦੇ ਵਿੱਚ ਅਸੀਂ ਐਕਸਟਰਾ ਮੈਰੀਟਲ ਰਿਲੇਸ਼ਨ ਨੂੰ ਪਰੰਪਰਾ ਵਿੱਚ ਕਿਤੇ ਨਾ ਕਿਤੇ ਸਹਿਜ ਰੂਪ ਦੇ ਵਿੱਚ ਹੀ ਪ੍ਰਵਾਨ ਕੀਤਾ ਸੀ। ਉਸ ਗੱਲ ਨੂੰ ਨਵੇਂ ਸੰਦਰਭ ਦੇ ਵਿੱਚ ਲੈ ਕੇ ਆਉਣਾ ਵੀ ਇੱਕ ਵੱਖਰੀ ਗੱਲ ਹੈ। ਜੋ ਮੈਨੂੰ ਇਸ ਕਹਾਣੀ ’ਚ ਗੱਲ ਚੁੱਭੀ ਹੈ ਕਿ ਜਿਹੜੀ ਗਲਪ ਦੀ ਭਾਸ਼ਾ ਹੈ ਉਸ ਸਿੰਬੌਲਿਕ ਹੁੰਦੀ ਹੈ। ਕੁਝ ਸ਼ਬਦ ਤੇ ਵੇਰਵੇ ਉਹ ਥੋੜੇ ਜਿਹੇ ਇਤਰਾਜ਼ ਯੋਗ ਲੱਗਦੇ ਹਨ ਤੇ ਕਿਤੇ ਵਿਸਥਾਰ ਵੀ ਹੈ ਉਸ ਗੱਲ ਨੂੰ ਸਿੰਬੌਲਿਕ ਕੀਤਾ ਜਾ ਸਕਦਾ ਹੈ ਭਾਵ ਸ਼ਬਦਾਵਲੀ ਬਦਲੀ ਜਾ ਸਕਦੀ ਹੈ। ਕਹਾਣੀ ਦਾ ਜਿਹੜਾ ਸਿਰਲੇਖ ਬਿਲਕੁਲ ਸਿੰਬੋਲਿਕ ਹੈ। ਕਹਾਣੀਕਾਰ ਦੀ ਪ੍ਰਾਪਤੀ ਇਹ ਹੈ ਕਿ ਵਾਰਤਾਲਾਪ ਦੀ ਸ਼ੈਲੀ ਰਾਹੀਂ ਜਿਹੜਾ ਬਿਰਤਾਂਤ ਅੱਗੇ ਤੁਰਦਾ ਹੈ। ਨਾਲ ਹੀ ਪਤਾ ਲੱਗਦਾ ਹੈ ਕਿ ਅਸਲੀ ਸਮੱਸਿਆ ਕਿੱਥੇ ਹੈ ਤੇ ਆਖਿਰ ਵਿੱਚ ਸਮੱਸਿਆ ਜਾਂ ਗੁੰਝਲ ਖੁੱਲਦੀ ਹੈ। ਇਸ ਪੱਖ ਤੋਂ ਕਹਾਣੀ ਕਲਾਤਮਕ ਹੈ।

**ਜਸ ਮੰਡ** : ਜਦੋਂ ਮੈਂ ਇਹ ਕਹਾਣੀ ਪੜ੍ਹੀ ਤੇ ਮੈਂ ਇਹ ਕਹਾਣੀ ਰਿਟਾ ਨੂੰ ਪੜ੍ਹਕੇ ਸੁਣਾਈ। ਉਹ ਕਹਾਣੀ ਉਣ ਕੇ ਕਹਿੰਦੀ ਜਿੱਦਾਂ ਗਿਆਨੋ ਆ ਕੇ ਸਾਨੂੰ ਕੁਝ ਸੁਣਾ ਰਹੀ ਹੋਵੇ। ਇਹਦੇ ਵਿਚੋਂ ਸਪਰਮ ਸ਼ਬਦ ਕੱਢ ਦਿਓ। ਇਹ ਕਹਾਣੀ ਵਿਸ਼ੇ ਦੇ ਪੱਖੋਂ 50 60 ਸਾਲ ਪੁਰਾਣੀ ਲੱਗਦੀ ਹੈ। ਇਹਦੇ ਨਾਲ ਕਹਾਣੀ ਕੋਈ ਨਵੀਂ ਕਹਾਣੀ ਨਹੀਂ ਹੋ ਜਾਂਦੀ। ਨਵੇਂ ਕਹਾਣੀਕਾਰਾਂ ਤੋਂ ਜਿਹੜਾ ਮੁੱਦੇ ਦਾ ਟਰੀਟਮੈਂਟ ਹੈ। ਜੋ ਵਿਸ਼ਾ ਵੀ ਨਵਾਂ ਤੇ ਟਰੀਟਮੈਂਟ ਵੀ ਨਵਾਂ ਹੈ। ਮੈਨੂੰ ਲੱਗਦਾ ਕਿ ਜਿਹਨੂੰ ਅਸੀਂ ਚੌਥੀ ਪੰਜਵੀਂ ਪੀੜ੍ਹੀ ਦੀ ਜਾਂ ਨਵੀਂ ਕਹਾਣੀ ਕਹਿੰਦੇ ਹਾਂ ਅਜੇਹਾ ਇਸ ਕਹਾਣੀ ਤੋਂ ਮੈਨੂੰ ਨੀ ਲੱਗਦਾ।

**ਸੁਕੀਰਤ** : ਦੋ ਗੱਲਾਂ ਨੇ। ਮੈਂ ਮੰਡ ਸਾਹਿਬ ਨਾਲ ਸਹਿਮਤ ਨਹੀਂ ਹਾਂ ਕਿ ਕਿ ਵਿਸ਼ਾ ਨਵਾਂ ਨਹੀਂ ਹੈ ਵਿਸ਼ਾ ਬਿਲਕੁਲ ਨਵਾਂ ਹੈ ਟਰੀਟਮੈਂਟ ਨਵਾਂ ਹੈ। ਕਹਾਣੀ ਦੇ ਦੋ ਪੱਖ ਹੁੰਦੇ ਨੇ। ਇੱਕ ਹੁੰਦਾ ਗਲਪਕਾਰ ਆਪ ਨਰੇਟ ਕਰ ਰਿਹਾ। ਪਾਤਰਾਂ ਰਾਹੀਂ ਕਹਾ ਰਿਹਾ। ਪਾਤਰਾਂ ਰਾਹੀਂ ਜੋ ਤੁਸੀਂ ਕੁਝ ਕਹਾਇਆ ਹੈ ਉਹ ਬਹੁਤ ਵਧੀਆ। ਜ਼ੁਬਾਨ ਔਰ ਸਭ ਕੁਝ ਨਾ ਹਰ ਪਾਸੇ ਇੰਝ ਲੱਗਦਾ ਜਿਵੇਂ ਕਿ ਇੰਝ ਹੀ ਉਹਨੇ ਬੋਲਣਾ ਸੀ। ਮੈਨੂੰ ਲੱਗਦਾ ਸਮੱਸਿਆ ਆਉਂਦੀ ਹੈ ਜਦੋਂ ਗਲਪਕਾਰ ਖੁਦ ਬੋਲ ਰਿਹਾ। ਤੁਹਾਡਾ ਬਿਰਤਾਂਤ ਕਈ ਥਾਂ ’ਤੇ ਬੇਲੋੜਾ ਹੈ। ਨਵੀਂ ਕਹਾਣੀ ਉਹਲੇ ਰਾਹੀਂ ਵੀ ਕਹੀ ਜਾਂਦੀ ਹੈ। ਹਰ ਗੱਲ ਬਕਾਇਦਾ ਇੱਕ ਇੱਕ ਲਾਈਨ ਪਾ ਕੇ ਦੱਸਣ ਦੀ ਲੋੜ ਨਹੀਂ ਹੁੰਦੀ। ਤੁਹਾਡੀ ਕਹਾਣੀ ਦਾ ਬਿਰਤਾਂਤਕਾਰ ਜਿਥੇ ਬੋਲ ਰਿਹਾ ਉਹ ਬੜਾ ਖੂਬਸੂਰਤ ਹੈ। ਜਦੋਂ ਮਸ਼ੀਨ ਹੱਥ ਮਾਰ ਮਾਰ ਕੇ ਚੱਲ ਰਹੀ ਹੈ। ਤੁਸੀਂ ਉਸ ’ਚੋਂ ਲਾਈਨ ਕੱਟ ਦੇਣ ਨਾਲ ਵੀ ਗੱਲ ਬਹੁਤ ਖੂਬਸੂਰਤ ਤਰੀਕੇ ਨਾਲ ਕਹਿ ਰਹੀ ਹੈ। ਸੋ ਮੈਨੂੰ ਲੱਗਦਾ ਕਿ ਉਸ ਤਰ੍ਹਾਂ ਦੀਆਂ ਜਿਹੜੀਆਂ

ਗੱਲਾਂ ਨੂੰ ਲੈ ਕੇ ਲਿਖੀ ਕਹਾਣੀ ਬੜੇ ਪੁਰਾਣੇ ਤਰੀਕੇ ਨਾਲ ਲਿਖੀ ਹੋਈ ਬਿਰਤਾਂਤਕਾਰੀ ਹੈ। ਪਾਤਰਾਂ ਦੀ ਗੱਲਬਾਤ ਕਰਨੀ ਬਹੁਤ ਖ਼ੂਬਸੂਰਤ ਹੈ। ਦੂਜੀ ਗੱਲ ਕਿ ਤੁਸੀਂ ਉਹਲਾ ਕਿਸੇ ਹੋਰ ਤਰੀਕੇ ਨਾਲ ਵੀ ਰੱਖ ਸਕਦੇ ਹੋ। ਔਰ ਕਿਤੇ ਕਿਤੇ ਮੈਨੂੰ ਲੱਗਦਾ ਕਿ ਜੋ ਤੁਹਾਡੇ ਡਾਇਲੋਗ ਨੇ ਨਾ ਉਹ ਬਾ ਕਮਾਲ ਹਨ ਪਰ ਜਦੋਂ ਖ਼ੁਦ ਲੇਖਕ ਨਰੇਟ ਕਰ ਰਿਹਾ ਹੈ ਜਿਵੇਂ 'ਸਮਾਂ ਆਪਣੀ ਰਫਤਾਰ ਨਾਲ ਤੁਰ ਰਿਹਾ ਸੀ' ਇਸਨੂੰ ਕਿਸੇ ਹੋਰ ਤਰੀਕੇ ਨਾਲ ਵੀ ਲਿਖ ਸਕਦੇ ਸੀ। 'ਉਹਦੇ ਹੰਝੂ ਗੰਗਾ ਜਮਨਾ ਵਾਂਗ ਵਹਿ ਰਹੇ ਸੀ' ਆਦਿ। ਮੈਨੂੰ ਲੱਗਦਾ ਕਿ ਇਹਨਾਂ ਲਾਈਨਾਂ ਤੋਂ ਬਚਣਾ ਚਾਹੀਦਾ। ਇਹ ਸਾਡੇ ਤੋਂ ਪਹਿਲਾਂ ਬਹੁਤ ਲੋਕ ਲਿਖ ਚੁੱਕੇ ਨੇ। ਚੰਗੇ ਕਹਾਣੀਕਾਰ ਨੂੰ ਆਪਣੀ ਰਚਨਾ ਪੜ੍ਹਦਿਆਂ ਵੇਖਣਾ ਚਾਹੀਦਾ ਕਿ ਜੋ ਮੈਂ ਲਿਖ ਰਿਹਾ ਉਹ ਘੱਟੋ ਘੱਟ ਇਹ ਨਾ ਲੱਗੇ ਕਿ ਇਹਨੂੰ ਬਹੁਤ ਵਾਰੀ ਕੋਈ ਹੋਰ ਵਰਤ ਚੁੱਕਾ। ਜ਼ੁਬਾਨ ਦੇ ਵਿੱਚ ਬੜੀ ਸਮਰੱਥਾ ਹੁੰਦੀ ਹੈ। ਇਹਦੀ ਬਿਰਤਾਂਤਕਾਰੀ ਜਿਵੇਂ ਕਿਸੇ ਪਿਛਲੀ ਪੀੜ੍ਹੀ ਦੇ ਬੰਦੇ ਨੇ ਲਿਖੀ ਹੋਵੇ। ਕਹਾਣੀ ਵਿਚ ਡਾਕਟਰ ਇਕ ਸ਼ਬਦ ਵਰਤਦਾ ਹੈ ਜੀਵਾਣੂ। ਡਾਕਟਰ ਸ਼ੁਕਰਾਣੂ ਸ਼ਬਦ ਵਰਤਦੇ ਹਨ। ਤੁਸੀਂ ਇਸਨੂੰ ਨੋਟ ਕਰ ਲਓ ਅਤੇ ਵੀਰਾਨਗੀ ਦੀ ਥਾਂ ਵੀਰਾਨੀ ਕਰ ਲਓ। ਬਾਕੀ ਮੇਰੀ ਕਹਾਣੀ ਸਲ੍ਹਾਬੀ ਹੋਈ ਸ਼ਾਮ ਵੀ ਕੁਝ ਅਜਿਹੇ ਮਸਲਿਆਂ ਨੂੰ ਪੇਸ਼ ਕਰਦੀ ਹੈ। ਫਿਲਮ ਵਿੱਕੀ ਡੋਨਰ ਤੇ ਫਿਲਹਾਲ ਵੀ ਇਸ ਤਰ੍ਹਾਂ ਦੇ ਮਸਲਿਆਂ ਨਾਲ ਸੰਬੰਧਿਤ ਹੈ।

**ਹਰਭਜਨ ਢਿੱਲੋਂ** : ਕਹਾਣੀ ਬਾਰੇ ਬਹੁਤ ਖ਼ੂਬਸੂਰਤ ਗੱਲਾਂ ਕਹਿ ਦਿੱਤੀਆਂ ਗਈਆਂ। ਕਹਾਣੀ ਬੜੀ ਸੁਚੇਤ ਪੱਧਰ ਤੇ ਲਿਖੀ ਗਈ ਹੈ। ਜਿਹੜੀ ਗੁੰਝਲ ਬਣਾਈ ਗਈ ਹੈ। ਇੰਝ ਲੱਗਦਾ ਕਿ ਕਹਾਣੀ ਵਿਚ ਇਹ ਸਮੱਸਿਆ ਹੈ। ਲੇਕਿਨ ਸਮੱਸਿਆ ਜਿਹੜੀ ਆ ਉਹ ਜਿਵੇਂ ਭਾਸ਼ਾ ਦੇ ਵਿੱਚ ਜਿਹੜਾ ਅਰਥ ਪਲੇ ਕਰਦਾ। ਸਮੱਸਿਆ ਜਿਹੜੀ ਅੰਤ ਤੱਕ ਪਲੇ ਕਰਦੀ ਜਾਂਦੀ ਹੈ। ਔਰ ਜਿੰਨੀ ਸੁਚੇਤ ਪੱਧਰ ਤੇ ਲਿਖੀ ਗਈ ਹੈ ਇਹ ਵਿਗਿਆਨਿਕ ਟੈਕਨੋਲੋਜੀ ਤੇ ਸਭਿਆਚਾਰ ਦੇ ਉਸਰੀ ਮਾਨਸਿਕਤਾ ਹੈ ਉਹ ਕਦੀ ਪੈਰਲਲ ਨਹੀਂ ਚੱਲਦੀ। ਜਦੋਂ ਉਹ ਪਛੜੀ ਹੈ ਤਾਂ ਵਿਗਿਆਨ ਦੇ ਨਾਲ ਸੰਵਾਦ ਰਚਾਉਣ ਦੀ ਬਜਾਏ ਉਹ ਉਹਦੇ ਨਾਲ ਟਕਰਾਉਣ ਦੀ ਕੋਸ਼ਿਸ਼ ਕਰਦੀ ਹੈ ਤੇ ਆਪਣੀਆਂ ਪੁਰਾਣੀਆਂ ਕਦਰਾਂ ਕੀਮਤਾਂ ਨਾਲ ਟਕਰਾਉਣ ਦੀ ਕੋਸ਼ਿਸ਼ ਕਰਦੀ ਹੈ। ਚੇਤਨ ਦਾ ਮਤਲਬ ਇਹ ਹੈ ਜਿਹੜਾ ਵਰਤਮਾਨ ਦੇ ਹਾਲਾਤ ਸਮਝਦਾ। ਚਾਹੇ ਉਹ ਫੌਜੀ ਰਾਹੀਂ ਸਮਝਦਾ। ਦੂਸਰੀ ਗੱਲ ਜਿਹੜੀ ਸਾਹਮਣੇ ਆ ਰਹੀ ਹੈ ਉਸ ਕਹਾਣੀ ਦੇ ਵਿੱਚ ਤੁਸੀਂ ਦੇਖੋਗੇ ਕਿ ਬਿਰਤਾਂਤ ਬੜਾ ਸੋਚ ਸਮਝ ਕੇ ਘੜਿਆ ਗਿਆ ਹੈ। ਜਿਵੇਂ ਉਹ ਫਾਨਾ ਇਥੇ ਫਿਟ ਕਰਨਾ ਆਹ ਇਥੇ ਫਿਟ ਕਰਨਾ। ਮੁੰਡੇ ਦਾ ਰੰਗ ਕਾਲੇ ਵਾਲ ਘੁੰਗਰਾਲੇ ਤੇ ਪਿਓ ਦਾ ਨਾਮ ਗੋਰਾ। ਇਹ ਉਸ ਕੋਣ ਨੂੰ ਤੀਖਣ ਕਰਦਾ ਜਿਹੜਾ ਪਿੰਡ ਵਾਲੇ ਪੁੱਛਦੇ ਆ। ਔਰ ਇਹ ਜਿਹੜੀ ਸਮੱਸਿਆ ਹੈ ਨਾ ਜਿਹੜੀ ਗੱਲ ਸਾਏ-ਪਰਛਾਵੇਂ ਦੀ 1950 ਦੇ ਲਾਗੇ ਚਾਗੇ ਸੀਤਲ ਨੇ ਇਕ ਨਾਵਲ ਲਿਖਿਆ ਸੀ ਕਾਲੇ ਪਰਛਾਵੇ ਤੇ ਜਿਹੜਾ ਮਤਲਬ ਸਿਰਫ ਇੰਨਾ ਹੀ ਕਿ ਇਹ ਮੁੰਡਾ ਆਪਣੀ ਮਾਂ ਦੇ ਨਾਲ ਪਿਛਲੱਗ ਬਣ ਕੇ ਆਉਂਦਾ ਪਿੰਡ ਵਾਲੇ ਉਹਨੂੰ ਜੀਣ ਨਹੀਂ ਦਿੰਦੇ। ਯਤੀਮ ਨੂੰ ਵੀ ਪੁਛਦੇ ਕਿ ਤੇਰੇ ਨਾਨਕੇ ਕਿੱਥੇ ਆ ਤੇ ਬੰਦੇ ਦੀ ਪਹਿਚਾਣ ਦਾ ਆਧਾਰ ਜਿਹੜਾ ਵਾ ਉਹਦੇ ਪਿਤਰੀ ਕੁਲ ਨਾਲ ਜੋੜ ਕੇ ਦੇਖਿਆ ਜਾਣਾ ਪਰ ਇਹ ਬਹੁਤ ਹੀ ਲੰਮੀ ਦੇਰ ਹੁਣ ਚੱਲ ਨਹੀਂ ਸਕਦਾ। ਵਿਗਿਆਨ ਤਰੱਕੀ ਕਰ ਗਿਆ। ਜਿਹੜੀ ਗੱਲ ਸੀਂਦੀ ਕੱਪੜੇ ਆ ਜਿਹੜੀ ਜਨਮੀਤ ਨੇ ਕਹੀ ਕਿ ਜ਼ਿੰਦਗੀ ਉਧੜੀ ਪਈ ਹੈ। ਜਿੰਦਗੀ ਉਧੜੀ ਪਈ ਹੈ। ਇਹਦਾ ਮਤਲਬ

ਆ ਕਿ ਜ਼ਿੰਦਗੀ ਵੱਸੋਂ ਬਾਹਰ ਹੋ ਰਹੀ ਹੈ। ਆਪਣੀ ਹਿੱਸੇ 'ਚ ਨਹੀਂ ਆਈ ਹੋਈ। ਅਖੀਰ ਤੇ ਜਦੋਂ ਅਸੀਂ ਮਾਸੀ ਤੇ ਉਹ ਮਾਂ ਸੀ ਜਿਹੜੀ ਹੈ ਨਾ ਉਸ ਮਾਂ ਵਰਗਾ ਬਿਰਤਾਂਤ ਹੈ ਤੇ ਜਿਹੜਾ ਉਹਦਾ ਨਾਂ ਰੱਖਿਆ ਨਾ ਨਸੀਬ ਤੇ ਸੰਸਕ੍ਰਿਤੀ ਵਿਚ ਨਸੀਬ ਬਦਲਿਆ ਨਹੀਂ ਜਾ ਸਕਦਾ। ਜੇ ਬਦਲਿਆ ਨਹੀਂ ਜਾ ਸਕਦਾ ਤੇ ਫਿਰ ਚੜ੍ਹਦੀ ਕਲਾ ਵਿਚ ਜੀਣਾ ਪਵੇਗਾ। ਇਹਨੂੰ ਛੇਤੀ ਕਰਨਾ ਪਵੇਗਾ ਇਥੋਂ ਭੱਜਿਆ ਨਹੀਂ ਜਾ ਸਕਦਾ ਇੱਕ ਮਰਨ ਦੀ ਲੋੜ ਨਹੀਂ ਹੈ ਇਹਨਾਂ ਨੂੰ ਜਿਉਣ ਦੀ ਲੋੜ ਹੈ ਔਰ ਇੱਕ ਚੰਗੀ ਕਹਾਣੀ ਹੈ। ਮੈਂ ਇਹਨੂੰ ਇਹ ਸਮਝਦਾ ਵੀ ਬੜੀ ਸੁਚੇਤ ਹੋ ਕੇ ਲਿਖੀ ਗਈ ਕਹਾਣੀ ਆ।

**ਹੀਰਾ ਸਿੰਘ** : ਜਿਹੜਾ ਕਹਾਣੀ ਦਾ ਨਾਮ ਹੈ ਨਾ ਉਹ ਵਾਕਿਆ ਹੀ ਉਹ ਜਿਹੜੀ ਸਾਡੀ ਪੁਰਾਣੀ ਪਰੰਪਰਾ ਵਾਲੀ ਗੱਲ ਹੈ ਨਾ ਜੀਵਨ ਜਾਚ ਆ ਸਾਂਝ ਹੈ ਉਹ ਉਹਦੇ ਵੱਲ ਇਸ਼ਾਰਾ ਕਰਦਾ ਹੈ। ਪਛਾਣ ਜਿਹੜੀ ਹੈ ਉਹ ਪਰੰਪਰਾਗਤ ਬੰਦੇ ਦੀ ਹੈ। ਪਰ ਦੋ ਗੱਲਾਂ ਨੇ ਬਈ ਜਿਵੇਂ ਇੱਕ ਆਪਾਂ ਕਹਿੰਦੇ ਆ ਕਿ ਬਿਮਾਰੀ ਸਾਡੇ ਕੋਲ ਹੈਗੀ ਸੀ ਪਹਿਲਾਂ ਕੈਂਸਰ ਦੀ ਪਰ ਜਿਹੜੇ ਪਿਛਲੇ 30 ਸਾਲਾਂ 'ਚ ਗਰੋਥ ਕੀਤੀ ਕੈਂਸਰ ਨੇ ਪੰਜਾਬ ਚ ਉਹ ਇੱਕ ਵੱਖਰਾ ਵਿਸ਼ਾ ਹੈ। ਇਸੇ ਤਰ੍ਹਾਂ ਇਹ ਜਿਹੜਾ ਬੱਚਾ ਪੈਦਾ ਨਾ ਕਰਨ ਦੀ ਜਿਹੜੀ ਆ ਸਮਰੱਥਾ ਇਹ ਵੀ ਪਿਛਲੇ ਕੁਝ ਸਮੇਂ 'ਚ ਆਈ ਹੈ। ਚਾਹੇ ਇਹ ਪੈਸਟੀਸਾਈਡ ਦਾ ਅਸਰ ਹੈ। ਚਾਹੇ ਕਿਸੇ ਚੀਜ਼ ਦਾ। ਇਹ ਵੀ ਪੰਜਾਬ ਦੀ ਇੱਕ ਵੱਡੀ ਸਮੱਸਿਆ ਹੈ। ਉਹਨਾਂ ਦੇ ਵਿੱਚੋਂ ਇਹ ਦੇਖੋ ਜੋ ਸਮਾਜ ਦੇ ਹਾਲਾਤ ਨੇ ਉਹਦੇ ਵਿੱਚੋਂ ਸਾਹਿਤ ਨਿਕਲਿਆ ਹੈ। ਹੁਣ ਗੱਲ ਇਹ ਹੈ ਕਿ ਇਹਨਾਂ ਨੇ ਬਹੁਤ ਜਿਹੜੀ ਆ ਗੱਲ ਮਾਸੀ ਰਾਹੀਂ ਜਿਹੜੀ ਕਰ ਦਿੱਤੀ ਨਾ ਬਈ ਸਿਰਫ ਤੁਹਾਡਾ ਇੱਕ ਦ੍ਰਿਸ਼ਟੀਕੋਣ ਜੇ ਬਦਲ ਜੇ ਤਾਂ ਬਹੁਤ ਵੱਡੀ ਸਮੱਸਿਆ ਚੁਟਕੀ ਨਾਲ ਹੱਲ ਹੋ ਜਾਂਦੀ ਹੈ। ਹੁਣ ਆਪਾਂ ਇੱਕ ਪਾਸੇ ਆਪਾਂ ਅਡੌਸਟੇਸ਼ਨ ਦਾ ਕਿੰਨਾ ਦੌਰ ਆ ਕਿ ਲੋਕ ਬੱਚਾ ਅਡੌਪਟ ਕਰ ਲੈਂਦੇ ਆ। ਅਡੌਪਟ ਕਰਕੇ ਉਹ ਆਪਣੇ ਬੱਚੇ ਨੂੰ ਪਾਲਦੇ ਆ। ਸੋ ਇੱਥੇ ਵੀ ਇੱਕ ਵੱਡਾ ਜਿਹੜਾ ਕਲੇਸ਼ ਪਰੰਪਰਾਗਤ ਚੀਜ਼ ਨੂੰ ਲੈ ਕੇ ਪਾਇਆ ਸੀ ਕਿ ਸਾਡੀ ਪ੍ਰੋਪਰਟੀ ਸਾਡੀ ਜਾਇਦਾਦ ਸਾਡਾ ਅੰਸ਼ ਚਾਹੀਦਾ ਉਹਨੂੰ ਮਾਸੀ ਨੇ ਛੋਟੀ ਜਿਹੀ ਗੱਲ ਨਾਲ ਪੁੱਤਰ ਦੇਖ ਤੇਰੀ ਮਾਂ ਤੇ ਪਿਓ ਦੋਵੇਂ ਹੀ ਇਹੋ ਹੈ। ਸੋ ਇਹ ਬਿਲਕੁਲ ਠੀਕ ਗੱਲ ਕਿ ਜਿਹੜੀ ਕਹਾਣੀ ਇੱਕ ਸੁਖਾਂਤ ਵਲ ਨੂੰ ਜਾ ਰਹੀ ਹੈ। ਸੁਝਾ ਵੱਲ ਨੂੰ ਜਾ ਰਹੀ।

**ਬਲਬੀਰ ਪਰਵਾਨਾ** : ਕਹਾਣੀ ਵਿਚ ਮੁੰਡੇ ਦੇ ਮਨ ਦੀਆਂ ਗੁੰਝਲਾਂ ਬਚਪਨ ਤੋਂ ਬਣਦੀਆਂ ਹਨ। ਕਾਲਜ ਵਿਚ ਵੀ ਰਹਿੰਦੀਆਂ ਹਨ। ਕਹਾਣੀ ਵਿਚ ਮਾਸੀ ਦੇ ਇਕ ਡਾਇਲਾਗ ਨਾਲ ਗੁੰਝਲ ਖੁੱਲ੍ਹ ਜਾਂਦੀ ਹੈ ਮੈਨੂੰ ਇਥੇ ਕਹਾਣੀ ਦੀ ਸਹਿਜਤਾ ਭੰਗ ਹੁੰਦੀ ਦਿਸਦੀ ਹੈ। ਕੀ 15-20 ਸਲ ਤੋਂ ਮਨ 'ਚ ਇਕ ਗੁੰਝਲ ਪਲ ਰਹੀ ਹੈ ਉਹ ਇਕ ਡਾਇਲਾਗ ਨਾਲ ਦੂਰ ਹੋ ਸਕਦੀ ਹੈ। ਇਥੇ ਕਹਾਣੀ ਦੇ ਪਾਤਰ ਉਸਾਰੀ ਵਿਚ ਗੜਬੜ ਹੈ। ਇਥੇ ਕਹਾਣੀ ਦੀ ਸਹਿਜਤਾ ਭੰਗ ਹੁੰਦੀ ਨਜ਼ਰ ਆ ਰਹੀ ਹੈ।

**ਸ਼ਰਨਜੀਤ ਕੌਰ** : ਜਿਹੜੀ ਨੁਕਤੇ ਮੈਂ ਸਾਂਝੇ ਕਰਨੇ ਸੀ ਵੈਸੇ ਥੋੜੇ ਬਹੁਤ ਫਰਕ ਦੇ ਨਾਲ ਉਹ ਡਿਸਕਸ ਹੋ ਹੀ ਗਏ ਨੇ ਪਰ ਨਿਰਸੰਦੇਹ ਕਹਾਣੀ ਜਿਹੜੀ ਆ ਜ਼ਿੰਦਗੀ ਵੱਲ ਮੁੜਨ ਦਾ ਸੁਨੇਹਾ ਦਿੰਦੀ ਹੈ। ਕਹਾਣੀਕਾਰ ਸਾਨੂੰ ਦੱਸਦਾ ਹੈ ਕਿ ਜ਼ਿੰਦਗੀ ਚੁਣੌਤੀਆਂ ਨਾਲ ਭਰੀ ਪਰ ਉਹਨਾਂ ਚੁਣੌਤੀਆਂ ਦਾ ਮੁਕਾਬਲਾ ਕਰਕੇ ਜਿੰਦਗੀ ਵੱਲ ਕਰਦਾ ਹੀ ਸਾਡਾ ਧਰਮ ਹੈ। ਅਗਲੀ

ਗੱਲ ਜਿਹੜੀ ਮੈਨੂੰ ਲੱਗੀ ਕਿ ਜਦੋਂ ਅਸੀਂ ਕਹਾਣੀ ਦੀ ਵਿਧਾ ਨੂੰ ਸਮਝਦੇ ਆਂ ਤੇ ਉਹਦੇ ਵਿੱਚ ਇੱਕ ਲੱਛਣ ਆਉਂਦਾ ਕਿ ਕਹਾਣੀ ਸਹੀ ਜਾਂ ਗਲਤ ਦਾ ਨਿਰਨਾ ਨਹੀਂ ਕਰਦੀ ਸਿਰਫ ਇੱਕ ਇਸ਼ਾਰਾ ਦਿੰਦੀ ਹੈ ਜਦੋਂ ਮੈਂ ਇਸ ਕਹਾਣੀ ਵਿੱਚ ਦੇਖਿਆ ਕਿ ਕਹਾਣੀਕਾਰ ਨੇ ਰਿਸ਼ਤਿਆਂ ਦੀ ਪੁੱਠ ਸਿੱਧ ਜਿਵੇਂ ਪੇਸ਼ ਕੀਤਾ ਮੈਨੂੰ ਲੱਗਾ ਕਿ ਕਹਾਣੀ ਉਸ ਨੁਕਤੇ ਤੇ ਬੜਾ ਪੱਕੇ ਪੈਰੀਂ ਪਹਿਰਾ ਦੇ ਰਹੀ ਹੈ। ਅਗਲੀ ਗੱਲ ਕਿ ਇਹ ਕਹਾਣੀ ਮਨੋਵਿਗਿਆਨਿਕ ਹੈ। ਕਹਾਣੀਕਾਰ ਨੇ ਸਾਨੂੰ ਬੜੀ ਖੂਬਸੂਰਤੀ ਦੇ ਨਾਲ ਇਹ ਦੱਸ ਦਿੱਤਾ ਕਿ ਜਿਹੜੀਆਂ ਬਾਲਮਨ ਦੇ ਉੱਤੇ ਜਿਹੜੀਆਂ ਝਰੀਟਾਂ ਪੈ ਜਾਂਦੀਆਂ ਨੇ ਉਹ ਉਮਰ ਭਰ ਤੁਹਾਡੀ ਜੀਵਨਸ਼ੈਲੀ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ। ਫਿਰ ਇਥੋਂ ਜਿਹੜੀ ਅਗਲੀ ਗੱਲ ਨਿਕਲਦੀ ਹੈ ਕਿ ਸਾਨੂੰ ਇਹ ਵੀ ਇਥੋਂ ਸੁਨੇਹਾ ਮਿਲਿਆ ਕਿ ਅੱਜ ਵੀ ਜ਼ਿੰਦਗੀ ਦੀ ਜਦੋਂ ਅਸੀਂ ਗੱਲ ਕਰਦੇ ਆਂ ਮਨੁੱਖ ਦੀ ਜ਼ਿੰਦਗੀ ਦੀ ਕੀ ਰਫਤਾਰ ਹੋ ਗਈ ਹੈ ਕਿ ਸਾਡੇ ਕੋਲ ਕਿਸੇ ਹੋਰ ਦੇ ਨਾਲ ਗੱਲ ਕਰਨ ਦੀ ਵਿਹਲ ਘੱਟ ਗਈ ਹੈ। ਮਨੁੱਖ ਜਿਹੜਾ ਉਹ ਆਪਣੇ ਆਪ ਜੋਗਾ ਰਹਿ ਗਿਆ ਪਰ ਇਹ ਕਹਾਣੀ ਸਾਨੂੰ ਦੱਸ ਰਹੀ ਹੈ ਕਿ ਕਥਾਰਸਸ ਕਿੰਨਾ ਜਰੂਰੀ ਹੈ। ਹੁਣ ਕਹਾਣੀ ਜਿਵੇਂ ਇੱਥੇ ਚੇਤਨ ਦਾ ਰੋਗ ਜਿਹੜਾ ਕਿਸੇ ਡਾਕਟਰ ਕੋਲੋਂ ਠੀਕ ਨਹੀਂ ਹੋਇਆ ਉਹ ਉਦੋਂ ਠੀਕ ਹੋਇਆ ਜਦੋਂ ਉਹਨੇ ਆਪਣੇ ਅੰਦਰ ਦੀ ਗੱਲ ਖੁੱਲ੍ਹ ਕੇ ਕੀਤੀ ਹੈ। ਸੋ ਕਥਾਰਸਸ ਦਾ ਮਨੁੱਖੀ ਜੀਵਨ ਦੇ ਵਿੱਚ ਕੀ ਰੋਲ ਹੈ ਇਹ ਕਹਾਣੀ ਜਿਹੜੀ ਮੈਨੂੰ ਲੱਗਦਾ ਉਸ ਚੀਜ਼ ਨੂੰ ਬੜੀ ਬਖੂਬੀ ਜਿਹੜਾ ਉਘਾੜ ਰਹੀ ਹੈ। ਇਹਨਾਂ ਸਾਰੀਆਂ ਗੱਲਾਂ ਦੇ ਬਾਵਜੂਦ ਕਹਾਣੀ ਨੂੰ ਪੜ੍ਹਦਿਆਂ ਮੈਨੂੰ ਇਸ ਤਰਾਂ ਲੱਗਾ ਕਿ ਮੈਂ ਕੋਈ ਬੜੀ ਪੁਰਾਣੀ ਕਹਾਣੀ ਪੜ੍ਹ ਰਹੀ ਹਾਂ। ਜਿਹੜੀ ਸ਼ੁਰੂ ਹੁੰਦੇ ਸਾਰ ਇਕ ਮੌਕਾ ਮਿਲ ਜਾ ਬਣਦਾ ਹੈ ਉਹ ਚੁਣੌਤੀ/ ਸਮੱਸਿਆ ਇਕਦਮ ਹੱਲ ਹੋ ਜਾਂਦੀ ਹੈ। ਪਾਤਰਾਂ ਦੇ ਪੱਖ ਤੋਂ ਮੈਨੂੰ ਲੱਗਾ ਕਿ ਪਾਤਰਾਂ ਦੀ ਜਿਵੇਂ ਖਾਨੇ ਵੰਡ ਹੋਈ ਜਾਪਦੀ ਹੈ। ਬੁਰੇ ਪਾਤਰ ਤੇ ਚੰਗੇ ਪਾਤਰ। ਸੋ ਇੰਨੀਆਂ ਗੱਲਾਂ ਹੀ।

**ਵਿਪਨ ਗਿੱਲ** : ਮੈਂ ਪਾਤਰਾਂ ਬਾਰੇ ਗੱਲ ਕਰਨੀ ਹੈ। ਮੈਨੂੰ ਪਾਤਰ ਜਿਹੜੇ ਨਾ ਉਹ ਪੈਟਰੀਆਰਕੀ ਦੇ ਹੱਥ ਤੇ ਕਠਪੁਤਲੀਆਂ ਵਾਂਗੂੰ ਲੱਗਿਆ। ਜਿਵੇਂ ਪੈਟਰੀਆਰਕੀ ਦੇ ਅੱਗੇ ਆਪਣੇ ਆਪ ਨੂੰ ਜਸਟੀਫਾਈ ਕਰ ਰਹੇ ਹੋਣ। ਔਰ ਲਾਸਟ ਵਿੱਚ ਦੇਖੋ ਹਰਾਮ ਤੇ ਤੁਖਮ। ਤੁਸੀਂ ਉਸ ਪਾਤਰ ਨੂੰ ਮਾਨਸਿਕ ਗੁੰਝਲ ਚੋਂ ਕੱਢ ਨੀਂ ਸਕੇ। ਉਹ ਵੀ ਇਕ ਪੈਟਰੀਆਰਕੀ ਨੂੰ ਜਸਟੀਫਾਈ ਕਰ ਰਿਹਾ। ਅਖੀਰ ਵਿਚ ਮਾਂ ਵੀ ਦਮਿਤ ਹੈ ਉਹ ਵੀ ਉਥੇ ਹੀ ਕਾਰਜਸ਼ੀਲ ਹੈ।

**ਮਨੀਸ਼** : ਮੇਰੀ ਗੱਲ ਬਿਰਤਾਂਤ ਦੇ ਫੈਲਾਅ ਬਾਰੇ ਹੈ। ਇਹ ਮਸਲਾ ਸਿਰਫ ਪੰਜਾਬ ਦਾ ਮਸਲਾ ਨਹੀਂ ਇਹ ਪੂਰੀ ਦੁਨੀਆ ਦਾ ਮਸਲਾ ਹੈ। ਇਸ ਮਾਮਲੇ 'ਚ ਅਮਰੀਕਾ ਵਿੱਚ ਅਫਰੀਕਨ ਲੋਕਾਂ ਦੀ ਇਨੀ ਵੈਲਿਊ ਬਣ ਚੁੱਕੀ ਆ ਤੁਸੀਂ ਹੈਰਾਨ ਹੋਵੋਗੇ। ਇੱਕ ਪੋਸਟ ਜੋ ਅਮਰੀਕਾ ਦੇ ਅਲਾਸਕਾ ਸ਼ਹਿਰ ਬਾਰੇ ਸੀ ਕਿ ਉਥੇ ਅਫਰੀਕਨ ਲੋਕਾਂ ਦੇ ਸ਼ੁਕਰਾਣੂਨੁਮਾ ਪਦਾਰਥ ਦੀ ਬਹੁਤ ਜਿਆਦਾ ਮੰਗ ਹੋ ਰਹੀ ਹੈ। ਉਥੇ ਇਸ ਉੱਤੇ ਭਾਰੀ ਚਰਚਾ ਚੱਲ ਰਹੀ ਹੈ। ਇਸ ਤੋਂ ਬਿਨਾਂ ਪਛਾਣ ਦੀ ਰਾਜਨੀਤੀ ਦੀ ਇੱਕ ਨਵੀਂ ਪੱਧਰ ਨੂੰ ਇਹ ਕਹਾਣੀ ਪੇਸ਼ ਕਰਦੀ ਹੈ। ਕਹਾਣੀ ਜਿਥੇ ਖਤਮ ਹੋ ਜਾਂਦੀ ਹੈ ਉਥੇ ਦੁਖਾਂਤ ਦੇ ਵਿੱਚੋਂ ਇੱਕ ਦੁਖਾਂਤ ਹੋਰ ਪੈਦਾ ਹੋ ਰਿਹਾ ਹੈ। ਆਖਰੀ ਗੱਲ ਇਸ ਵਿਚ ਅਸੈਪਟੇਸ਼ਨ ਦਾ ਦਵੰਦ ਵੀ ਸਿਰਜਿਤ ਹੈ। ਕਹਾਣੀ ਵਿਚ ਪੇਸ਼ ਮਸਲੇ ਦੇ ਪਿਛੋਕੜ ਵਿਚ ਖਾਦ ਖੁਰਾਕ, ਨਸ਼ਾ ਅਤੇ ਮੈਡੀਕਲ ਘਪਲਿਆਂ ਦਾ ਸੰਕੇਤ ਵੀ ਕੀਤਾ ਜਾ ਸਕਦਾ ਹੈ।

ਕਹਾਣੀ

# ਮੁਕਤੀ

**-ਅਮਰਜੀਤ ਸਿੰਘ ਮਾਨ**

ਗੇਬੇ ਦੇ ਘਰ ਦਾ ਬੂਹਾ ਖੜਕਿਆ। ਉਸ ਨੇ ਉੱਠ ਕੇ ਦੇਖਿਆ।ਜਾਗਰ ਸੀ..ਸਰਦਾਰ ਚੇਤ ਸਿੰਘ ਦਾ ਕਾਮਾ।

"ਕਿਮੇਂ ਆਂ ਜਾਗਰਾ?

"ਸਰਦਾਰ ਨੇ ਸੱਦਿਐ..ਕੰਮ ਐ।

"ਕਿਮੇਂ..ਕੀ ਬਣਾਉਨੇ ਓਂ?

"ਰੂੜੀ ਚੁੱਕਣੀ ਐ..ਤਿੰਨ-ਚਾਰ ਦਿਹਾੜੀਆਂ ਲੱਗਣਗੀਆਂ।

"ਐਨੀ ਕਿੰਨੀ ਕੁ ਆ..ਪਸ਼ੂ ਤਾਂ ਕਿੰਨੇ ਘਟਾ 'ਤੇ ਤੁਸੀਂ।

"ਵੇਹੜੇ ਆਲਿਆਂ ਦੀਆਂ ਰੂੜੀਆਂ ਖਰੀਦੀਐਂ..ਕਹਿੰਦਾ ਨਾਲੇ ਫਿਰਨੀ ਖੁੱਲਜੂ।

"ਟਰਾਲੀਆਂ ਦਾ ਸਾਹਬ ਐ ਕਿ..?

"ਨਾ ਮੂਬੀ ਗੱਲ ਕੀਤੀ ਐ।

"ਚੱਲ..ਦੇਖਦਾਂ ਮੈਂ।

"ਦੇਖਣਾ ਤਾਂ ਕੀ ਆ...ਜੀਂ।

"ਕੋਈ ਨਾ..

ਜਾਗਰ ਚਲਾ ਗਿਆ।

"ਹੂੰ..ਸੱਦਿਐ ਸਰਦਾਰ ਨੇ।" ਗੇਬੇ ਨੇ ਆਵਦੇ ਮਨ ਵਿੱਚ ਹੀ ਨਿਹੋਰਾ ਜਿਹਾ ਮਾਰਿਆ।

"ਕੀ ਕਹਿੰਦਾ ਸੀ ਜਾਗਰ?" ਵੇਹੜਾ ਸੁੰਭਰਦੀ ਕੈਲੋ ਨੇ ਪੁੱਛਿਆ।

"ਕਹਿੰਦਾ ਸਰਦਾਰ ਨੇ ਸੱਦਿਐ।

"ਅਜੇ ਕੀ ਰਹਿ ਗਿਆ? ਸਾਰਾ ਸਾਹਬ ਤਾਂ ਨਬੇੜ'ਤਾ ਪਰਸੋਂ..ਰਹਿਣਦੇ ਜਾਈਂ ਨਾ।

"ਕੋਈ ਨਾ..ਮੇਰਾ ਸਾਹਬ ਬਾਕੀ ਐ ਹਲੇ..ਅੱਜ ਕਰਦਾਂ।" ਗੇਬੇ ਨੇ ਗਲ 'ਚ ਆਈ ਖੰਘਾਰ ਥੁੱਕਦਿਆਂ ਕਿਹਾ।

***

ਗੇਬਾ ਸ਼ੁਰੂ ਤੋਂ ਹੀ ਦਿਹੜੀ ਕਰਨ ਵਲਾ ਬੰਦਾ ਨਹੀਂ ਸੀ। ਭਲੇ ਵੇਲਿਆਂ 'ਚ ਇੱਕ ਊਠ ਦੇ ਹਲ ਜਿੰਨੀ ਬਾਹੀ ਕਰਦਾ ਸੀ।

"ਛੋਟਾ ਤਾਂ ਲਿਸੜੂ ਜੇਹਾ..ਏਹਨੂੰ ਤਾਂ ਜੁੱਤੀਆਂ ਬਣਾਉਂਣੀਆਂ ਸਿਖਾ ਦਿੰਨੇ ਆਂ..ਗੇਬਾ ਨਰੋਐ..ਏਹ ਮੇਰਾ ਵਾਹੀ 'ਚ ਹੱਥ ਵਟਾ ਦਿਆ ਕਰੂ..ਜਿੰਨੇ ਜੋਗਰਾ ਹੈ'ਗੈ।

ਗੇਬੇ ਦੇ ਬਾਪੂ ਨੇ ਉਹਦੀ ਮਾਂ ਨੂੰ ਅਪਣਾ ਫੈਸਲਾ ਸੁਣਾਉਂਦਿਆਂ ਦੋਹੇਂ ਮੁੰਡਿਆਂ ਦੇ ਕੰਮ ਵੰਡ ਦਿੱਤੇ ਸਨ। ਗੇਬਾ ਆਵਦੇ ਬਾਪੂ ਨਾਲ ਜਾਨ ਹੂਲ ਕੇ ਕੰਮ ਕਰਦਾ ਅਤੇ ਘਰ ਦੇ ਦੁੱਧ ਘਿਓ ਦੀਆਂ ਖੁਰਾਕਾਂ ਨਾਲ ਉਹ ਸਾਲਾਂ ਵਿੱਚ ਨਹੀਂ..ਮਹੀਨਿਆਂ ਵਿੱਚ ਹੀ ਗੱਭਰੂ ਨਿੱਕਲ ਆਇਆ। ਦੋਵੇਂ ਪਿਓ-ਪੁੱਤ ਆਵਦੇ ਘਰ ਦੇ ਤਿੰਨ ਕਿੱਲਿਆਂ ਦੇ ਨਾਲ-ਨਾਲ ਹੋਰ ਜਿੰਮੀਂਦਾਰ ਦੀ ਜ਼ਮੀਨ ਹਿੱਸੇ-ਠੇਕੇ 'ਤੇ ਲੈ ਕੇ ਵਾਹੀ ਕਰਦੇ। ਉਨ੍ਹਾਂ ਦੀ ਮਿਹਨਤ ਨੂੰ ਰੰਗ-ਭਾਗ ਲਗਦੇ ਤੇ ਉਨ੍ਹਾਂ ਦੀ

ਫਸਲ ਵੀ ਕਿਸੇ ਚੰਗੇ ਜ਼ਿਮੀਂਦਾਰ ਜਿੰਨੀ ਹੋ ਜਾਂਦੀ।

"ਕੋਈ ਗੱਲ ਨੀ..ਜੇ ਬਾਪੂ ਚਲਾ ਗਿਆ..ਤੂੰ ਫਿਕਰ ਨਾ ਕਰੀਂ..ਅਸੀਂ ਹਾਂ'ਗੀਆਂ..ਤੇਰੇ ਬਰਾਬਰ ਦੀ ਧਿਰ ਬਣਾਂ'ਗੀਆਂ।" ਬਾਪੂ ਦੀ ਮੌਤ ਮਗਰੋਂ ਕੈਲੋ ਆਵਦੀਆਂ ਦੋਵੇਂ ਕੁੜੀਆਂ ਦੇ ਸਿਰ 'ਤੇ ਹੱਥ ਰੱਖੀ ਉਸਦਾ ਹੌਂਸਲਾ ਬੰਨ ਰਹੀ ਸੀ ਅਤੇ ਉਸ ਨੇ ਅਪਣੀ ਗੱਲ ਪੁਗਾਉਣ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਸੀ।ਦੋਵੇਂ ਧੀਆਂ ਵੀ ਕਾਲੇ ਬਲਦ ਵਾਂਗ ਕਮਾਉਂਦੀਆਂ ਆਵਦੇ ਬਾਪੂ ਨਾਲ ਮੋਢੇ ਨਾਲ ਮੋਢਾ ਮਿਲਾਉਂਦੀਆਂ।

ਉਸ ਦਾ ਮੁੰਡਾ ਕਿੰਦਾ ਹਾਲੇ ਛੋਟਾ ਹੀ ਸੀ। ਗੇਬੇ ਤੇ ਕੈਲੋ ਨੇ ਉਸ ਨੂੰ ਸਕੂਲ ਪੜ੍ਹਨ ਲਾ ਦਿੱਤਾ.. "ਅਖੇ ਸਾਡੀ ਤਾਂ ਜਿਮੇਂ ਲੰਘ'ਗੀ..ਲੰਘ'ਗੀ..ਹੁਣ ਜਵਾਕ ਤਾਂ 'ਗੂਠਾ ਛਾਪ ਨਾ ਰਹੂ।

ਹਿੰਮਤੀ ਗੇਬਾ ਦਿਨੇਂ ਹਲ ਵਾਹੁੰਦਾ..ਰਾਤਾਂ ਨੂੰ ਫਸਲਾਂ ਨੂੰ ਪਾਣੀ ਲਾਉਂਦਾ। ਉਸ ਦੀ ਕਬੀਲਦਾਰੀ ਵਧੀਆ ਚੱਲੀ ਜਾਂਦੀ।

"ਕੁੜੀ ਦੀ ਉਮਰ ਵੀ ਵਿਆਉਣ ਵਾਲੀ ਹੋਈ ਜਾਂਦੀ ਐ..ਓਹਦੇ ਰਿਸ਼ਤੇ ਦਾ ਵੀ ਕੋਈ ਬੰਨ-ਸੁੱਭ ਕਰਨਾ ਪਊ।" ਇੱਕ ਦਿਨ ਕੈਲੋ ਨੇ ਗੇਬੇ ਨੂੰ ਕਿਹਾ।

"ਹਾਂ..ਇਹ ਫ਼ਰਜ਼ ਵੀ ਪੂਰਾ ਕਰਨਾ ਪੈਣੈ...ਧੀਆਂ-ਧਿਆਣੀਆਂ ਆਵਦੇ ਘਰ ਈ ਸੋਂਹਦੀਐਂ..ਕਹਿੰਨੇ ਆਂ ਕਿਸੇ ਨੂੰ..ਕੋਈ ਦੱਸ ਪਾਵੇ..।" ਸੋਚਾਂ 'ਚ ਪਏ ਗੇਬੇ ਨੇ ਹੁੰਗਾਰਾ ਭਰਿਆ।

ਜਦੋਂ ਹੀ ਉਨ੍ਹਾਂ ਨੂੰ ਚੰਗੇ ਘਰ ਦੇ ਮੁੰਡੇ ਦੀ ਦੱਸ ਪਈ ਤਾਂ ਬਿਨ੍ਹਾਂ ਦੇਰੀ ਕੀਤੇ ਉਨ੍ਹਾਂ ਨੇ ਵੱਡੀ ਕੁੜੀ ਦੇ ਹੱਥ ਪੀਲੇ ਕਰਨ ਦੀ ਕੀਤੀ। ਗੇਬੇ ਨੇ ਹੋਰ ਲੋਕਾਂ ਦੀ ਦੇਖਾ-ਦੇਖੀ ਪੂਰਾ ਖਰਚਾ ਕੀਤਾ। ਵਿਆਹ ਮਗਰੋਂ ਦੇਣਦਾਰੀਆਂ ਵਿੱਚ ਉਸ ਨੂੰ ਅਪਣੀ ਬੋਤੀ ਅਤੇ ਰੇਹੜੀ ਵੇਚਣ ਲਈ ਮਜਬੂਰ ਹੋਣਾ ਪਿਆ। ਉਸ ਕੋਲ ਕੋਈ ਸਾਧਨ ਨਾ ਰਿਹਾ। ਵੰਡਾਈ 'ਤੇ ਜ਼ਮੀਨ ਦੇਣ ਵਾਲੇ ਜ਼ਿੰਮੀਦਾਰ ਵੀ ਸਾਧਨ ਵਿਹੂਣੇ ਗੇਬੇ ਨੂੰ ਅਪਣੀ ਜ਼ਮੀਨ ਦੇਣ ਤੋਂ ਜਵਾਬ ਦੇਣ ਲੱਗ ਪਏ। ਛੋਟੇ ਭਰਾ ਨਾਲੋਂ ਪਿਓ ਵਾਲੀ ਢੇਰੀ ਵਿੱਚੋਂ ਆਇਆ ਡੇਢ ਕਿੱਲਾ ਉਸ ਦੀ ਕਮਾਈ ਦਾ ਇੱਕੋ-ਇੱਕ ਸਾਧਨ ਰਹਿ ਗਿਆ ਸੀ। ਗੁਜ਼ਾਰੇ ਲਈ ਉਹ ਲੋੜਵੰਦ ਜ਼ਿੰਮੀਦਾਰਾਂ ਦੇ ਦਿਹੜੀ 'ਤੇ ਕੰਮ ਕਰਾਉਣ ਚਲਾ ਜਾਂਦਾ। ਉਸ ਦੀ ਕਬੀਲਦਾਰੀ ਕਸੀ-ਕਸੀ ਰਹਿਣ ਲੱਗ ਪਈ।

"ਕਹਿੰਦੇ ਐ ਪਹਿਲਾ ਵਿਆਹ ਕਰਕੇ ਤਾਂ ਬੰਦੇ ਨੂੰ ਅਕਲ ਈ ਆਉਂਦੀ ਐ..ਹੁਣ ਆਏਂ ਲਗਦੈ ਬਈ..ਐਨਾ ਖਰਚਾ ਕਾਹਨੂੰ ਕਰਨਾ ਸੀ..ਥੋੜ੍ਹਾ ਘੱਟ ਕਰਕੇ ਵੀ ਸਰ ਜਾਂਦਾ।" ਇੱਕ ਰਾਤ ਉਹ ਕੈਲੋ ਨਾਲ ਗੱਲੀਂ ਲੱਗਾ ਹੋਇਆ ਸੀ।

"ਮੈਨੂੰ ਤਾਂ ਕਦੇ-ਕਦੇ ਬੋਤੀ ਦੇ ਸੁਪਨੇ ਆਉਂਦੇ ਐ..ਬੋਤੀ ਬਿਨਾਂ ਖਾਲੀ ਕਿੱਲਾ ਡਰਨੇ ਵਾਂਗੂੰ ਲਗਦੈ।" ਉਸ ਨੂੰ ਵੀ ਬੋਤੀ ਅਤੇ ਰੇਹੜੀ ਵਿਕਣ ਦਾ ਝੋਰਾ ਸੀ।

ਨਾਲ ਵਾਲੇ ਮੰਜੇ ਉੱਤੇ ਪਈ ਕੁੜੀ ਨੇ ਪਾਸਾ ਲਿਆ। ਕੈਲੋ ਦਾ ਧਿਆਨ ਉਸ ਵੱਲ ਚਲਾ ਗਿਆ।ਉਹ ਬੋਲੀ, "ਧੀਆਂ ਤਾਂ ਬਿਗਾਨਾ ਧੰਨ ਹੁੰਦੀਐਂ..ਏਹ ਵੀ ਕੋਠੇ ਜਿੱਡੀ ਹੋ'ਗੀ..ਪੈਸੇ ਦੀ ਤੋਟ ਕਾਰਨ ਕਿੰਨ੍ਹਾਂ ਕੁ ਚਿਰ ਬਿਠਾਲਾਂ'ਗੇ ਘਰੇ..ਭੂੰਨਣਾ ਜ਼ਮਾਨੇ ਤੋਂ ਵੀ ਡਰ ਲਗਦੈ।

"ਤੂੰ ਬਾਹਲਾ ਫਿਕਰ ਨਾ ਕਰਿਆ ਕਰ..ਕਿੰਦਾ ਜੁਆਨ ਹੋ ਰਿਐ..ਅੱਠਵੀਂ ਮਗਰੋਂ ਛੋਟੇ ਨਾਲ ਦੁਕਾਨ 'ਤੇ ਬਿਠਾ ਦਿਆਂਗੇ..ਵਾਹਵਾ ਚੱਲਦੀ ਐ ਦੁਕਾਨ ਓਹਦੀ।

"ਲੈ ਓਹਦੀ ਸੁਣ ਲੈ..ਪਰਸੋਂ ਜਦੋਂ ਚੌਂਕਾ ਲਿੱਪਿਆ..ਕੁੜੀਆਂ ਚੌੜ-ਚੌੜ 'ਚ ਕੰਧੋਲੀ ਉੱਤੇ ਵੇਲ-ਬੂਟੀਆਂ ਪਾਉਣ ਲੱਗ'ਪੀਆਂ..ਏਹ ਵੀ ਨਾਲ ਲੱਗ ਪਿਆ..ਡੁੱਬੜਾ ਉਨ੍ਹਾਂ ਨਾਲੋਂ

ਵਧੀਆ ਨਮੂਨੇ ਪਾਵੇ..ਅਸੀਂ ਨਾਲੇ ਪੋਚਾ ਲਾਈ ਜਾਈਏ ਨਾਲੇ ਹੱਸੀ ਜਾਈਏ।

"ਜੇ ਹੱਥ ਸਾਫ਼ ਐ ਤਾਂ ਜੁੱਤੀਆਂ 'ਤੇ ਵੀ ਆਵਦੇ-ਆਪ ਸਫਾਈ ਆਉਣ ਲੱਗ'ਪੂ..ਚੰਗਾ ਕਾਰੀਗਰ ਬਣੂੰ।" ਗੇਬੇ ਨੇ ਕੈਲੋ ਦੇ ਨਾਲ-ਨਾਲ ਅਪਣੇ-ਆਪ ਨੂੰ ਵੀ ਹੌਂਸਲਾ ਦੇ ਲਿਆ।

ਕਸਵੀਂ ਕਬੀਲਦਾਰੀ ਤੇ ਕੁੜੀ ਦੇ ਵਿਆਹ ਦਾ ਫਿਕਰ ਕਰਦੀ ਕੈਲੋ ਬਿਮਾਰ ਰਹਿਣ ਲਾਗ ਪਈ।ਗੇਬੇ ਦੀ ਕੁਸ਼ ਨਾ ਕੁਸ਼ ਕਮਾਈ ਉਹਦੀ ਦਵਾਈ-ਬੂਟੀ 'ਤੇ ਵੀ ਖਰਚ ਹੋ ਜਾਂਦੀ।ਕਿੰਦਾ ਆਵਦੇ ਚਾਚੇ ਨਾਲ ਜੁੱਤੀਆਂ ਵਾਲੀ ਦੁਕਾਨ 'ਤੇ ਜਾਣ ਲੱਗ ਪਿਆ ਸੀ।ਉਹਦਾ ਕੰਮ ਵੇਖ ਕੇ ਚਾਚੇ ਨੇ ਉਸਦਾ ਮਹੀਨਾਵਾਰ ਖਰਚਾ ਬੰਨ੍ਹ ਦਿੱਤਾ।

ਗੇਬਾ ਲੋੜ ਪੈਣ 'ਤੇ ਸਰਦਾਰ ਚੇਤ ਸਿੰਘ ਤੋਂ ਪੈਸੇ ਉਧਾਰ ਫੜ੍ਹ ਲੈਂਦਾ। ਉਹ ਪੈਸੇ ਦਿਹਾੜੀਆਂ ਲਾ ਕੇ ਕਟਾ ਦਿੰਦਾ।ਚੇਤ ਸਿੰਘ ਨੇ ਹਿਸਾਬ ਲਾ ਕੇ ਦੇਖਿਆ ਤਾਂ ਉਸ ਨੂੰ ਅਪਣੇ ਕੰਮ 'ਤੇ ਪੱਕਾ ਬੰਦਾ ਰੱਖਣ ਨਾਲੋਂ ਗੇਬੇ ਦੀ ਦਿਹਾੜੀ ਸਸਤੀ ਪੈਂਦੀ ਸੀ।ਸੋ ਉਸ ਨੇ ਅਪਣਾ ਇੱਕ ਪੱਕਾ ਨੌਕਰ ਘੱਟ ਕਰ ਦਿੱਤਾ।

***

"ਸਾਡੇ ਆਲੇ ਛੋਟੇ ਲਈ ਨਿੱਕੀ ਦਾ ਹੱਥ ਮੰਗਣ ਆਈ ਆਂ।" ਇੱਕ ਵਾਰ ਅਪਣੇ ਪਤੀ ਨਾਲ ਪੇਕੇ ਮਿਲਣ ਆਈ ਕੁੜੀ ਨੇ ਮੰਗ ਰੱਖ ਦਿੱਤੀ।

"ਕੋਈ ਨਾ..ਸੋਚਲਾਂ'ਗੇ..ਰੈ ਕਰਲਾਂ'ਗੇ।" ਕੈਲੋ ਤੋਂ ਇਸ ਤੋਂ ਵੱਧ ਕੁੱਝ ਬੋਲਿਆ ਨਾ ਗਿਆ।

"ਲੈ..ਰੈ ਕੀਹਦੇ ਨਾਲ ਕਰਨੀ ਐ..ਜਿੰਨੇ ਜੀ ਆਂ..ਸਾਰੇ ਬੈਠੇ ਆਂ..ਮੈਂ ਆਵਦੇ ਘਰ ਲੈ ਜਾਣੀ ਐਂ..ਨਾਲੇ ਥਾਂ ਬਾਰੇ ਹੁਣ ਸੋਨੂੰ ਕੋਈ ਓਹਲਾ ਤਾਂ ਹੈ ਨੀ।" ਪ੍ਰਾਹੁਣੇ ਨੇ ਜ਼ੋਰ ਪਾਇਆ।

ਉਹ ਪ੍ਰਾਹੁਣੇ ਸਾਹਮਣੇ ਅਪਣੀ ਥੁੜਾਂ ਮਾਰੀ ਕਬੀਲਦਾਰੀ ਬਾਰੇ ਕੀ ਬੋਲਦੇ।ਗੇਬੇ ਨੇ ਹਾਮੀ ਭਰ ਦਿੱਤੀ ਪੱਕ-ਠੱਕ ਹੋ ਗਈ।

"ਜਿੰਨੀ ਕੁ ਕਮਾਈ ਆਉਂਦੀ ਐ..ਓਸ ਨਾਲ ਤਾਂ ਰੋਟੀ ਮਸਾਂ ਪੱਕਦੀ ਐ..ਬੰਨ੍ਹੇ ਦਿਨਾਂ ਨੂੰ ਕੀ ਲੱਗਦੈ..ਛੀ ਮੀਨ੍ਹੇ ਤਾਂ ਆਏ ਸਮਝ..ਕਿੱਥੋਂ ਕਰਾਂਗੇ ਸਾਰਾ ਕੁਸ਼।" ਕੈਲੋ ਨੇ ਗੇਬੇ ਕੋਲ ਫਿਕਰ ਕੀਤਾ।

"ਕੋਈ ਨਾ ਹੋ'ਜੂ ਸਾਰਾ ਕੁਸ਼..ਕੁਸ ਨਾ ਕੁਸ ਛੋਟੇ ਤੋਂ ਹੱਥ'ਧਾਰ ਫੜ੍ਹਾਂ'ਗੇ।" ਗੇਬੇ ਨੇ ਅਪਣੀ ਵਿਉਂਤ ਦੱਸੀ।

"ਲੈ..ਓਹ ਨਾ ਕਿਤੇ..ਸ਼ਰੀਕ 'ਤੇ ਸ਼ਰੀਕ ਰਾਜ਼ੀ ਹੁੰਦੈ ਕੋਈ?

"ਮੇਰਾ ਭਰਾ ਐ ਓਹ..

" ..ਅੱਵਲੀ ਤਾਂ ਓਹਨੇ ਦੇਣੇ ਨੀ..ਜੇ ਦੇ ਵੀ ਦਿੱਤੇ ਤਾਂ ਓਹਦੀ ਆਵਦੀ ਕੁੜੀ ਵਰ੍ਹੇ ਛਿਮਾਹੀ ਨੂੰ ਵਿਹਾਉਣ ਆਲੀ ਐ..ਕਿਮੇਂ ਮੋੜਾਂ'ਗੇ ਐਨੀ ਛੇਤੀ?

"ਫੇਰ ਸਕੀਰੀਆਂ 'ਚ ਮਾਰ'ਗਾਂ ਨਿਗ?ਹਾ..ਕਿਤੇ ਨਾ ਕਿਤੇ ਤਾਂ ਹੱਥ ਪਊਗਾ ਈ।

"ਅਪਣੀਆਂ ਸਕੀਰੀਆਂ ਵੀ ਅਪਣੇ ਵਰਗੀਆਂ ਨੇ ਵਿਚਾਰੀਆਂ..ਘਰੋ-ਘਰੀਂ ਰੋਟੀ ਵੇਲੈ।

ਦੋਵੇਂ ਜੀਆਂ ਦੇ ਦਿਨ-ਰਾਤ ਸੰਸਿਆਂ-ਝੋਰਿਆਂ ਵਿੱਚ ਲੰਘ ਜਾਂਦੇ।

"ਜੇ ਮੇਰੀ ਮੰਨੇ..ਚੇਤ ਸਿਓਂ ਤੋਂ ਵਿਆਜੂ ਪੁੱਛ ਲੈ।" ਇੱਕ ਰਾਤ ਕੈਲੋ ਨੇ ਗੇਬੇ ਨੂੰ ਸਲਾਹ

ਦਿੱਤੀ।

"ਤੂੰ ਤਾਂ ਨਾ ਜਿਮੇਂ ਦੁਖਦੀ ਜਾੜ੍ਹ ਕਨੀਂ ਜੀਭ ਮੱਲੋ-ਮੱਲੀ ਜਾਂਦੀ ਐ ਓਮੇਂ ਜੀਭ ਵਾਂਗੂੰ ਕੁਸ਼ ਹੋਰ ਸੋਚਦੀਓ ਈ ਨੀ।"

"ਕੁੜੀ ਵੀ ਤਾਂ ਘਰੋਂ ਤੋਰਨੀ ਐਂ ਮੈਨੂੰ ਤਾਂ ਭੁੰਨਣਾ ਹੋਰ ਕੁਸ਼ ਔੜਦਾ ਈ ਨ੍ਹੀ ਸਾਰਾ ਦਿਨ ਇੱਕੋ ਫਿਕਰ ਰਹਿੰਦੈ ਬੀ ਕਿਮੇਂ ਹੋਊ।

"ਚੱਲ ਬਾਹਲਾ ਨਾ ਸੋਚ ਮੈਂ ਪੁੱਛ'ਲੂੰ ਸਰਦਾਰ ਨੂੰ ਜਵਾਬ ਨ੍ਹੀਂ ਦਿੰਦਾ ਆਪਾਂ ਨੂੰ ।

"ਹੇ ਸੱਚਿਆ ਪਾਅਸ਼ਾ ਨੀਂਦ ਆ'ਜੇ ਅੱਜ।" ਹੱਥ ਜੋੜ ਅਰਦਾਸ ਕਰਦੀ ਕੈਲੋ ਸੌਣ ਦਾ ਯਤਨ ਕਰਨ ਲੱਗ ਪਈ।

ਤੇ ਫਿਰ ਇੱਕ ਦਿਨ ਗੇਬੇ ਨੇ ਝਕਦੇ-ਝਕਦੇ ਨੇ ਚੇਤ ਸਿਓਂ ਨੂੰ ਪੁੱਛ ਈ ਲਿਆ।ਸਰਦਾਰ ਪਹਿਲਾਂ ਈ ਇਸ ਕੰਮ ਲਈ ਤਿਆਰ ਸੀ।ਦੋ ਗਵਾਹਾਂ ਦੀ ਹਾਜਰੀ ਵਿੱਚ ਪੈਸੇ ਦੇ ਕੇ ਉਸ ਨੇ ਗੇਬੇ ਤੋਂ ਪ੍ਰੋਨੋਟ ਉੱਤੇ ਅੰਗੂਠਾ ਲਵਾ ਲਿਆ।ਅਹਿਸਾਨ ਥੱਲੇ ਦੱਬੇ ਗੇਬੇ ਨੂੰ ਅਪਣਾ ਵਜੂਦ ਸਰਦਾਰ ਕੋਲ ਗਹਿਣੇ ਹੋ ਗਿਆ ਮਹਿਸੂਸ ਹੋਇਆ।

ਵਿਅਹ ਸੁੱਖ-ਸਾਂਦ ਨਾਲ ਨੇਪਰੇ ਚੜ੍ਹ ਗਿਆ।

ਸਮਾਂ ਬੀਤਦਾ ਗਿਆ।ਪ੍ਰੋਨੋਟ ਦਰ ਪ੍ਰੋਨੋਟ ਵਿਆਜ ਦੀ ਰਕਮ ਵਧਦੀ ਗਈ।ਚੇਤ ਸਿਓਂ ਕੋਲ ਕੰਮ ਦੇ ਹਿਸਾਬ ਨਾਲ ਪੱਕੇ ਨੌਕਰ ਲਗਦੇ।ਉਸ ਦੇ ਰੁੱਖੇ ਰਵਈਏ ਤੋਂ ਤੰਗ ਕੋਈ ਹੀ ਸਾਲ ਪੂਰਾ ਕਰਦਾ।ਬਹੁਤੇ ਅੱਧ-ਵਿਚਕਾਰ ਹੀ ਅਪਣਾ ਹਿਸਾਬ ਪੂਰਾ ਕਰ ਜਾਂਦੇ।ਗੇਬਾ ਲੋੜ ਪੈਣ 'ਤੇ ਸਾਲ ਦਰ ਸਾਲ ਦਿਹਾੜੀ ਮੁਤਾਬਕ ਸਰਦਾਰ ਨਾਲ ਨਿਭਦਾ ਰਿਹਾ।

"ਚੇਤ ਸਿਓਂ ਧੱਕਾ ਕਰਨ ਲੱਗ ਪਿਆ " ਇੱਕ ਦਿਨ ਗੇਬਾ ਤੇ ਕੈਲੋ ਫਿਰ ਰੂਬਰੂ ਸਨ।

"ਕਿਓਂ ਕੀ ਹੋ ਗਿਆ?

"ਦਿਹਾੜੀਆਂ ਦਾ ਸਾਹਬ ਸਹੀ ਨਹੀਂ ਕਰਦਾ ਚਲਾਕੀਆਂ ਕਰਦੈ ।

"ਕਿਮੇਂ ?

"ਦਸ ਦਿਨਾਂ ਦੇ ਕੰਮ ਨੂੰ ਸੱਤ ਈ ਲਿਖਦੈ ਤੇ ਜੇਹੜਾ ਕਦੇ ਲੋੜ ਪੈਣ 'ਤੇ ਘੰਟਾ ਦੋ ਘੰਟੇ ਊਈਂ ਬੋਲ ਮਾਰ ਲੈਂਦੈ ਓਹ ਤਾਂ ਬੱਸ ਰੂੰਗਾ ਈ ਸਮਝ।

"ਚੱਲ ਕੋਈ ਨਾ ਨਿੱਕੀ ਦੇ ਵਿਆਹ ਵੇਲੇ ਜਦੋਂ ਕਿਤੇ ਹੱਥ ਨੀ ਸੀ ਪੈਂਦਾ ਓਦੋਂ ਔਖੇ ਵੇਲੇ ਓਹੀ ਖੜ੍ਹਿਆ ਸੀ ।

"ਤਾਂ ਈ ਤਾਂ ਚੁੱਪ ਕਰ ਜਾਂਨਾ ਨਹੀਂ ਓਹਨੂੰ ਤਾਂ ਐਂ ਲਗਦੈ ਬਈ ਏਹਨੂੰ ਕੀ ਪਤੈ ਪਰ ਸਾਰਾ ਕੁਸ਼ ਨੌਹਾਂ 'ਚ ਪਿਐ ਮੇਰੇ ।

"ਕੋਈ ਨਾ ਤੂੰ ਬਾਹਲਾ ਫਿਕਰ ਨਾ ਕਰਿਆ ਕਰ ਰੱਬ ਆਪੇ ਭਲੀ ਕਰੂ ਓਸੇ ਨੂੰ ਫਿਕਰ ਐ ਸਭ ਦਾ...।

"ਇੱਕ ਹੋਰ ਵੀ ਮਨ 'ਤੇ ਬੋਝ ਐ

"ਕੀ ?

"ਸਰਦਾਰ ਦੀ ਨਵੀਂ ਵਿਆਹੀ ਨੂੰਹ ਜਾਤ ਪਰਖਦੀ ਐ ਪਹਿਲਾਂ ਮੈਂ ਰੋਟੀ-ਚਾਹ ਆਲੇ ਭਾਂਡੇ ਐਂ ਈ ਰੱਖ ਦਿੰਦਾ ਸੀ ਬਿਨ੍ਹਾਂ ਮਾਂਜੇ ਸਰਦਾਰਨੀ ਕੋਈ ਨਿੰਦ-ਵਿਚਾਰ ਨੀ ਕਰਦੀ ਸੀ ਓਹਨਾਂ ਦੀ ਕੰਮ ਆਲੀ ਆਪੇ ਲੈ ਜਾਂਦੀ

"ਕੀ ਕਹਿੰਦੀ ਐ ਬਹੂ ?

"ਛੱਡ ਪਰਾਂ ਨਾਲੇ ਤੈਨੂੰ ਕੀ ਭੁੱਲਿਐ ਗੁੱਸਾ ਤਾਂ ਬਹੁਤ ਆਉਂਦੈ ਪਰ ਚੁੱਪ ਰਹੀਦੈ ।

"ਚੱਲੋ ਕੋਈ ਨਾ ਸਾਡੇ ਪਿੰਡ ਤਾਂ ਵਿੱਚ-ਵਿੱਚ ਜੱਟੀਆਂ ਅਪਣੇ ਹੱਥ ਲੱਗੇ ਭਾਂਡੇ ਮਚਦੀ ਅੱਗ ਵਿੱਚ ਸੁੱਟ ਦਿੰਦੀਆਂ ਸੀ।

"ਹੁਣ ਜਦੋਂ ਭਾਂਡੇ ਮਾਂਜਦਾਂ ਧਰਮ ਨਾਲ ਮਰਨ ਹੋ ਜਾਂਦੈ।

***

ਗੇਬੇ ਉੱਤੇ ਸਰਦਾਰ ਦਾ ਦਬਦਬਾ ਦਿਨੋਂ-ਦਿਨ ਵਧਦਾ ਜਾ ਰਿਹਾ ਸੀ। ਜੇਕਰ ਉਹ ਕਿਸੇ ਹੋਰ ਜ਼ਿੰਮੀਦਾਰ ਦੇ ਕੰਮ ਕਰਾਉਣ ਲਈ ਜਾਣ ਦਾ ਹੁੰਗਾਰਾ ਅਗਲੇ ਨੂੰ ਭਰ ਚੁੱਕਾ ਹੁੰਦਾ ਤੇ ਉਦੋਂ ਚੇਤ ਸਿਓਂ ਦਾ ਸੱਦਾ ਆ ਜਾਂਦਾ ਤਾਂ ਗੇਬੇ ਨੂੰ ਹਰ ਹਾਲਤ ਵਿੱਚ ਉਸ ਦੇ ਕੰਮ ਤੇ ਜਾਣਾ ਪੈਂਦਾ। ਸੱਥ ਵਿੱਚੋਂ ਲੰਘ ਕੇ ਚੇਤ ਸਿਓਂ ਦੀ ਕੋਠੀ ਵੱਲ ਜਾਂਦੇ ਗੇਬੇ ਨੂੰ ਲੋਕ ਛੇੜਦੇ "ਆਹ ਜਾਂਦੈ ਬਈ ਚੇਤ ਸਿਓਂ ਦਾ ਪੱਕਾ ਬੰਦਾ ਤਾਂ

ਕੋਈ ਹੋਰ ਬੋਲਦਾ "ਸਰਦਾਰ ਨੇ ਆਪਣੇ ਜੋਗਰਾ ਛੱਡਿਆ ਈ ਨ੍ਹੀ ਏਹਨੂੰ।

ਇਹ ਬੋਲ ਗੇਬੇ ਦੇ ਆਰੀ ਵਾਂਗ ਫਿਰ ਜਾਂਦੇ।ਬਹੁਤੀ ਵਾਰ ਉਹ ਇਸ ਸੱਥ ਵਿੱਚੋਂ ਲੰਘਣ ਦੀ ਬਜਾਏ ਪਿੰਡ ਦੀ ਫਿਰਨੀ ਉੱਤੋਂ ਦੀ ਗੇੜਾ ਖਾ ਕੇ ਚੇਤ ਸਿਓਂ ਦੀ ਕੋਠੀ ਆਉਣ ਨੂੰ ਪਹਿਲ ਦਿੰਦਾ। ਉਹ ਅਪਣੇ-ਆਪ ਨੂੰ ਸਰਦਾਰ ਦਾ ਬੰਧੂਆਂ ਬਣ ਗਿਆ ਸਮਝਦਾ। ਉਹ ਇਸ ਬੰਧੇਜ ਤੋਂ ਮੁਕਤੀ ਚਾਹੁੰਦਾ ਸੀ। ਉਸ ਨੂੰ ਨੀਂਦ ਆਉਣੋ ਹਟ ਗਈ। ਉਹ ਕੈਲੋ ਨਾਲ ਗੱਲਾਂ ਕਰਦਾ.."ਇੱਕ ਬਾਤ ਪਾਉਂਦੇ ਹੁੰਦੇ ਨੇ ਬਈ ਓਹ ਕੇਹੜੀ ਚੀਜ਼ ਐ ਜੋ ਦਿਨ-ਰਾਤ ਇੱਕੋ ਜਿਹੀ ਵਧਦੀ ਐ?...ਅਖੇ ਵਿਆਜ਼ ।

"ਹੂੰਅ ।

"ਵਥੇਰਾ ਮਨ ਸਮਝਾਉਨਾ ਬਈ ਧਿਆਨ ਕਿਸੇ ਪਾਸੇ ਹੋਰ ਵਗ'ਜੇ ਪਰ ਸਾਲਾ ਚੇਤ ਸਿਓਂ ਦਾ ਵਿਆਜ ਹੋਰ ਕਿਤੇ ਜਾਣ ਈ ਨ੍ਹੀਂ ਦਿੰਦਾ ।

"ਮੈਂ ਤਾਂ ਬਿਮਾਰ ਰਹਿਨੀਂ ਆਂ ਜੇ ਤੇਰਾ ਇਹ ਹਾਲ ਰਿਹਾ ਫੇਰ ਕਿਮੇਂ ਸਰੂ ? ਤੂੰ ਬਾਹਲਾ ਨਾ ਸੋਚਿਆ ਕਰ ।

ਨਾਲ ਦੇ ਮੰਜੇ ਉੱਤੇ ਪਏ ਕਿੰਦੇ ਨੇ ਪਾਸਾ ਲਿਆ ਤੇ ਉਹ ਦੋਵੇਂ ਚੁੱਪ ਕਰ ਗਏ।

"ਮੈਂ ਕਹਿਨੀਂ ਆਂ ਪਿੰਡ ਦੇ ਵੱਡੇ-ਵੱਡੇ ਘਰ ਜ਼ਮੀਨਾਂ ਵੇਚ-ਵੇਚ ਸਾਰਨ ਲੱਗੇ ਨੇ ਰੇਟ ਵਥੇਰੇ ਨੇ ਜੇ ਮੇਰੀ ਮੰਨੇ ਤਾਂ ਆਪਾਂ ਡੇਢ ਕਿੱਲੇ 'ਚੋਂ ਕਨਾਲ..ਦੋ ਕਨਾਲਾਂ ਦਾ ਸੌਦਾ ਨਾ ਕਰ'ਲੀਏ ਨਾਲੇ ਤਾਂ ਚੇਤ ਸਿਓਂ ਤੋਂ ਖਹਿੜਾ ਛੁੱਟ'ਜੂ ਨਾਲੇ ਆਪਣਾ ਬੁਢਾਪਾ ਨਾ ਰੁਲੂ ਸੁੱਖ ਨਾਲ ਕੱਲ੍ਹ-ਕਲੋਤਰ ਨੂੰ ਮੁੰਡਾ ਵੀ ਵਿਆਹੁਣੈ।

"ਜੇ ਜ਼ਮੀਨ ਵੇਚਤੀ ਤਾਂ ਕੁੜੀਆਂ ਕੋਲ ਕਿਮੇਂ ਜਾਊਂ ? ਲੋਕ ਕੀ ਕਹਿਣਗੇ ਬਈ ਘਰ ਦੇ ਤਿੰਨ ਜੀਅ ਨੇ ਦੋ ਕਮਾਉਣ ਆਲੇ ਐ ਫੇਰ ਵੀ ਵਾਢਾ ਧਰ ਲਿਆ।

"ਨਿਗਾਹ ਮਾਰ ਸਾਰਾ ਪਿੰਡ ਤਾਂ ਬੈਖਤੀਆਂ ਦਾ ਐ ਛੋਟੇ ਆਲੀ ਦੱਸਦੀ ਸੀ ਕਹਿੰਦੀ ਅੱਧਿਓਂ ਵੱਧ ਜ਼ਿੰਮੀਦਾਰਾਂ ਦੀਆਂ ਜ਼ਮੀਨਾਂ ਬੈਂਕਾਂ ਕੋਲ ਗਹਿਣੇ ਪਈਆਂ ਨੇ ਆਪਾਂ ਤਾਂ ਫੇਰ ਵੀ। ਨਾਲੇ ਜੇ ਸੁੱਖ ਨਾਲ ਸਾਡੇ ਕੋਲ ਦੋ ਖੁੱਡ ਹੈਗੇ ਨੇ ਲੋੜ ਵੇਲੇ ਓਹਨੂੰ ਵਰਤ 'ਲੀਏ ਹਰਜ ਵੀ ਕੀ ਐ ?

"ਨਾ ਬੀ ਮੈਨੂੰ ਤਾਂ ਨੀ ਏਹ ਸੌਦਾ ਪੁੱਗਦਾ ਜਿਉਂਦੇ ਜੀਅ ।

"ਨਾਂਅ ਹਾਂ ਸੱਚ ਆਪਣੇ ਕੋਲ ਜ਼ਮੀਨ ਕਿੱਥੋਂ ਆ'ਗੀ? ਆਪਣੀਆਂ ਸਕੀਰੀਆਂ ਕੋਲ ਹੋਰ ਤਾਂ ਹੈ ਨੀ ਕਿਸੇ ਕੋਲੇ।" ਗੇਬੇ ਦਾ ਬਦਲਦਾ ਮੂਡ ਦੇਖ ਕੇ ਕੈਲੋ ਨੇ ਗੱਲ ਬਦਲਦਿਆਂ ਇੱਕ ਸਕਿੰਟ ਵੀ ਨਾ ਲਾਇਆ।

"ਬਾਬਾ ਦਸਦਾ ਹੁੰਦਾ ਸੀ ਅਖੇ ਨਾਥੇ ਸਰਦਾਰ ਨੇ ਜਦੋਂ ਇਸ ਪਿੰਡ ਦੀ ਮੋਹੜੀ ਗੱਡੀ ਸੀ ਓਹਦੇ ਨਾਲ ਆਏ ਪਰਿਵਾਰ ਕਹਿੰਦੇ 'ਕੱਲੇ ਜ਼ਿਮੀਦਾਰਾਂ ਨਾਲ ਕਿਮੇਂ ਸਰੂ ਹਲ-ਫਾਲੇ ਕੁੱਟਣ ਲਈ ਤਰਖਾਣ-ਲੁਹਾਰ ਚਾਹੀਂਦੇ ਐ ਕਪੜੇ-ਲੱਤੇ ਬੁਣਨ-ਸਿਉਣ ਵਾਸਤੇ ਜੁਲਾਹੇ-ਦਰਜ਼ੀ ਵੀ ਹੋਣ।ਐਮੇਂ ਜਿਮੇਂ ਜੋੜੇ-ਜੁੱਤੀਆਂ ਵਾਸਤੇ ਆਪਣੀ ਲੋੜ ਸੀ ਫੇਰ ਬਾਬਾ ਨਾਥਾ ਆਵਦੀ ਜ਼ਮੀਨ ਵਿੱਚੋਂ ਕੁਸ਼ ਨਾ ਕੁਸ਼ ਜ਼ਮੀਨ ਦਾ ਲਾਲਚ ਦੇ ਕੇ ਹਰੇਕ ਜਾਤ ਦੇ ਇੱਕ-ਇੱਕ ਦੋ-ਦੋ ਘਰ ਏਥੇ ਲੈ ਅਇਆ ਅਪਣੇ ਵੱਡੇ ਵਡੇਰਿਆਂ ਨੂੰ ਓਸੇ ਬਾਬੇ ਤੋਂ ਜ਼ਮੀਨ ਮਿਲੀ ਸੀ।

ਕਿੰਦੇ ਨੇ ਫੇਰ ਪਾਸਾ ਲਿਆ ਤੇ ਉਹ ਫੇਰ ਚੁੱਪ ਕਰ ਗਏ।

***

"ਨਾਅ ਮੈਨੂੰ ਬੇਗਾਨਾ ਸਮਝ ਰੱਖਿਐ ਕਬੀਲਦਾਰੀ ਦੀ ਕੋਈ ਗੱਲ ਮੈਨੂੰ ਦੱਸਣੀ ਨੀਂ ਹੁੰਦੀ?" ਪਹਿਲੀ ਚਾਹ ਪੀਦਿਆਂ ਕਿੰਦਾ ਅਪਣੇ ਮਾਂ-ਪਿਓ ਨਾਲ ਨਰਾਜ਼ਗੀ ਜ਼ਾਹਰ ਕਰ ਰਿਹਾ ਸੀ।

"ਨਾ ਨਾ ਗੇਬੇ ਨੂੰ ਕੁਝ ਸੁੱਝ ਨਹੀਂ ਰਿਹਾ ਸੀ।

"ਜੇ ਰਾਤ ਮੈਨੂੰ ਥੋਡੀਆਂ ਗੱਲਾਂ ਨਾ ਸੁਣਦੀਆਂ..

"ਨਾ ਵੇ ਪੁੱਤ ਅਸੀਂ ਸੋਚਦੇ ਸੀ ਕਾਹਨੂੰ ਜਵਾਕ ਨੂੰ ਲੈਣਾ-ਦੇਣਾ ਦੱਸਣੈ ਨਿਆਣਾ ਝੋਰਾ ਕਰੂ ਵਿਚਾਰਾ।" ਕੈਲੋ ਬੋਲੀ

"ਵਿਉਤਾਂ ਵਿਆਉਣ ਦੀਆਂ ਕਰਦੇ ਓਂ ਊਂ ਅਖੇ ਨਿਆਣੈਂ।

ਗੇਬੇ ਨੇ ਸਾਰਾ ਕੁੱਝ ਦੱਸ ਦਿੱਤਾ।ਤਿੰਨੇ ਜਣੇ ਸਰਦਾਰ ਚੇਤ ਸਿਓਂ ਤੋਂ ਮੁਕਤੀ ਦਾ ਰਾਹ ਲੱਭਣ ਲੱਗ ਪਏ।

"ਐਂ ਕਰੋ ਆਪਾਂ ਨੂੰ ਜ਼ਮੀਨ ਵੇਚਣ ਦੀ ਲੋੜ ਨੀ ਡੈਅਰੀ ਆਲੇ ਮੱਖਣ ਨਾਲ ਗੱਲ ਹੋਈ ਐ ਆਪਾਂ ਡੇਢ ਕਿੱਲੇ 'ਚੋਂ ਪੌਣਾ ਕਿੱਲਾ ਓਹਦੇ ਕੋਲ ਗਹਿਣੇ ਕਰ ਦਿੰਨੇ ਆਂ ਸਮਾਂ ਪਾ ਕੇ ਮੈਂ ਆਪੀ ਛਡਾ 'ਲੂੰ 'ਕੁੱਝ ਦਿਨਾਂ ਬਾਅਦ ਕਿੰਦਾ ਅਪਣੇ ਮਾਪਿਆਂ ਨੂੰ ਸਲਾਹ ਦੇ ਰਿਹਾ ਸੀ।

"ਪੌਣੇ ਨਾਲ ਤਾਂ ਨੀ ਸਰਨਾ

"ਭਾਪਾ ਪਹਿਲਾਂ ਪੂਰੀ ਗੱਲ ਤਾਂ ਸੁਣ ਲੈ ਨਾ।"

"ਚੱਲ ਸੁਣਾ" ਹੁਣ ਕੈਲੋ ਬੋਲੀ।

"ਜਿਹੜੀ ਚਾਚੇ ਕੋਲ ਮੈਂ ਆਵਦੀ ਅੱਧੀ ਤਨਖਾਹ ਜਮ੍ਹਾਂ ਕਰਾਉਂਦਾ ਰਿਹਾਂ ਕੁਸ਼ ਤਾਂ ਉਹ ਮਿਲ ਜਾਣਗੇ ਜਿਹੜੇ ਹੋਰ ਘਟਦੇ ਐ ਉਹ ਚਾਚਾ ਪੂਰੇ ਕਰਦੂ ਉਹ ਮੈਂ ਆਵਦੀ ਤਨਖਾਹ 'ਚੋਂ ਕਟਾਉਂਦਾ ਰਹੂੰ ਚਾਚੇ ਨਾਲ ਮੇਰੀ ਸਾਰੀ ਗੱਲ ਹੋ'ਗੀ ਬੱਸ ਪਰਸੋਂ ਤੱਕ ਸਾਰਾ ਕਰਜਾ ਲਾਹ ਦੇਣੈਂ ।

"ਕਿਓਂ ਤੂੰ ਓਹਨੂੰ ਊਈਂ ਸਮਝਦੀ ਸੀ...ਮੇਰਾ ਛੋਟਾ ਭਰੈ ਓਹ ।

ਗੇਬੇ ਦੀ ਗੱਲ ਸੁਣ ਕੇ ਕੈਲੋ ਝੇਂਪ ਜਿਹੀ ਮੰਨ ਗਈ।

***

"ਗੇਬਿਆ ਰਿਆਤ ਕਿੰਨੀ ਕੁ ਕਰਾ'ਲੀਏ ਸਰਾਦਰ ਤੋਂ ?" ਜਦੋਂ ਉਹ ਚੇਤ ਸਿੰਘ ਨਾਲ ਹਿਸਾਬ ਕਰਨ ਜਾ ਰਹੇ ਸੀ ਤਾਂ ਮੱਖਣ ਨੇ ਪੁੱਛਿਆ।

"ਰਿਆਤ ਨੇ ਤਾਂ ਯਰ ਖਾਧੀ ਕੜ੍ਹੀ ਮੇਰਾ ਖਹਿੜਾ ਛੁੱਟੂ ਓਹਤੋਂ ਐਨਾ ਵਥੇਰੈ ਬੜਾ ਚੰਮ ਲੁਹਾ ਲਿਆ ਹੁਣ ਤੱਕ।" ਗੇਬਾ ਅੱਕਿਆ ਪਿਆ ਸੀ।

"ਦੋਵੇਂ ਗਵਾਹਾਂ ਦੇ ਸਾਹਮਣੇ ਚੇਤ ਸਿਓਂ ਨੂੰ ਉਸਦੀ ਬਣਦੀ ਰਕਮ ਗਿਣਵਾ ਦਿੱਤੀ ਗਈ। ਮੱਖਣ ਨੇ ਪ੍ਰਨੋਟ ਫੜ੍ਹਕੇ ਗੇਬੇ ਨੂੰ ਦਿੰਦਿਆਂ ਕਿਹਾ, "ਲੈ ਪਾੜ ਦੇ ਏਨ੍ਹਾਂ ਨੂੰ।

ਗੇਬੇ ਨੇ ਪ੍ਰਨੋਟ ਫੜ੍ਹ ਤਾਂ ਲਏ ਪਰ ਪਾੜੇ ਨਾ ਸਗੋਂ ਗੋਲ ਜਿਹੇ ਕਰਕੇ ਅਪਣੇ ਕੋਲ ਹੀ ਰੱਖ ਲਏ।

"ਚਾਹ ਬਣਵਾ ਲੈਨੇਂ ਆਂ ਪੀ ਜਾਂਦੇ ਬਾਟੀ-ਬਾਟੀ।" ਉੱਠ ਕੇ ਤੁਰਦਿਆਂ ਨੂੰ ਸਰਦਾਰ ਨੇ ਸੁਲ੍ਹਾ ਮਾਰੀ।

"ਤਾਇਆ ਜੀ ਹੁਣ ਤੱਕ ਸੋਡੀਓ ਪੀਂਦੇ ਆਏਂ ਆਂ ਬੱਸ..ਬਹੁਤ ਮੇਹਰਬਾਨੀ।" ਕਿੰਦੇ ਨੇ ਪਿੱਛੇ ਘੁੰਮਦਿਆਂ ਦੋਵੇਂ ਹੱਥ ਜੋੜੇ।

ਜਦੋਂ ਉਹ ਘਰ ਆਏ ਤਾਂ ਕੈਲੋ ਰੋਟੀ ਲਈ ਤਵਾ ਧਰੀ ਬੈਠੀ ਸੀ।ਚੁਲ੍ਹੇ ਵਿੱਚ ਮੱਚਦੀ ਅੱਗ ਦੇਖ ਕੇ ਗੇਬਾ ਪ੍ਰਨੋਟ ਫੜਾਉਂਦਾ ਬੋਲਿਆ "ਲੈ ਕਿੰਦਿਆ ਚੁੱਲੇ 'ਚ ਡਾਹ ਦੇ ਏਨ੍ਹਾਂ ਨੂੰ ।

ਪੀੜ੍ਹੀ ਤੇ ਬੈਠੀ ਕੈਲੋ ਗੇਬੇ ਵੱਲ ਵੱਲ ਝਾਕੀ ਤਾਂ ਗੇਬੇ ਦੇ ਹੱਥ ਉੱਪਰ ਵੱਲ ਨੂੰ ਜੁੜ ਗਏ। ਲੰਬਾ ਸਾਹ ਲੈ ਕੇ ਬੋਲਿਆ, "ਬਾਹਲਾ ਬੋਝ ਸੀ ਸਿਰ ਹੌਲਾ-ਹੌਲਾ ਹੋਲਾ ਲੱਗਦੈ।

***

ਅੱਜ ਜਾਗਰ ਦਾ ਸਨੇਹਾ ਮਿਲਣ ਕੈਲੋ ਦੇ ਟੋਕਣ ਦੇ ਬਾਵਜੂਦ ਵੀ ਗੇਬੇ ਨੇ ਅਪਣਾ ਪਰਨਾ ਮੋਢੇ 'ਤੇ ਧਰ ਲਿਆ।ਪਿੰਡ ਦੀ ਫਿਰਨੀ ਉੱਤੋਂ ਆਉਣ ਦੀ ਬਜਾਏ ਸੱਥ ਵਿੱਚਦੀ ਲੰਘਿਆ।

"ਕਿਮੇ ਐਂ ਗੇਬਿਆ ਕਰਤਾ ਸ?ਹਾਬ ਸਰਦਾਰ ਨਾਲ?" ਸੱਥ 'ਚੋਂ ਇੱਕ ਬੋਲਿਆ।

"ਬੱਸ ਹੋਇਆਂ ਵਰਗਾ ਈ ਐ।" ਪੈਰ ਮਲਦਿਆਂ ਉਸ ਨੇ ਜਵਾਬ ਦਿੱਤਾ।

"ਮੁੰਡਾ ਸਲੱਗ ਨਿੱਕਲਿਐ ਨਹੀਂ ਤਾਂ ਅੱਜ-ਕੱਲ੍ਹ ਸੋਨੂੰ ਪਤਾ ਈ ਐ ਮੰਡੀਰ ਦਾ ਮਾਂ-ਪਿਓ ਨੂੰ ਦੇਣਾ ਤਾਂ ਕੀ ਖੋਹਣ ਤੱਕ ਜਾਂਦੇ ਨੇ ।

"ਮੈਨੂੰ ਲੱਗਦੈ ਪਿੰਡ 'ਚੋਂ ਪਹਿਲਾ ਬੰਦੈ ਏਹੇ ਜਿਹੜਾ ਚੇਤ ਸਿਓਂ ਤੋਂ ਛੁੱਟ ਗਿਆ ਨਹੀਂ ਤਾਂ ਓਹਦੇ ਚੱਟੇ ਦਰਖ਼ਤ ਹਰੇ ਨੀਂ ਹੁੰਦੇ।

"ਤੁਰਦਾ ਤਾਂ ਦੇਖੋ ਅੱਜ ਕਿਮੇਂ ਐਂ?

ਪਿੱਛੋਂ ਸੱਥ ਵਿੱਚੋਂ ਆਈਆਂ ਅਵਾਜਾਂ ਸੁਣ ਉਸਦਾ ਸਿਰ ਅਸਮਾਨ ਤੱਕ ਉੱਚਾ ਹੋ ਗਿਆ।

"ਲੈ ਬਈ ਚੱਕ ਬਾਟੀ ਪਾਵਾਂ ਤੈਨੂੰ ਵੀ।" ਦੂਜੇ ਮਜ਼ਦੂਰਾਂ ਨੂੰ ਚਾਹ ਵਰਤਾਉਂਦੇ ਜਾਗਰ ਨੇ ਬਾਗਲ ਅੰਦਰ ਆਏ ਗੇਬੇ ਨੂੰ ਕਿਹਾ।

"ਨਾ ਬੱਸ ਚਾਹ ਨੀ ਪੀਣੀ ਮੈਂ ਤਾਂ ਸਰਦਾਰ ਨੂੰ ਸਨੇਹਾ ਈ ਲਾਉਣ ਆਇਆਂ।"

'ਹੈਂਅ ਓਹੀ ਗੇਬੈ ਏਹੇ?' ਗੇਬੇ ਦੇ ਬੋਲ ਸੁਣ ਕੇ ਹੈਰਾਨ ਹੁੰਦੇ ਜਾਗਰ ਨੇ ਅਪਣੇ-ਆਪ ਨੂੰ ਕਿਹਾ।

"ਕਿਹੜਾ ਸੁਨੇਹਾ?" ਚੇਤ ਸਿਓਂ ਅਪਣੇ ਓਸੇ ਅੰਦਾਜ਼ ਵਿੱਚ ਬੋਲਿਆ।

"ਮੈਂ ਤਾਂ ਮੰਡੀ ਜਾਨਾਂ ਕਿੰਦੇ ਕੋਲ ਦੁਕਾਨ ਤੇ ਤੁਸੀਂ ਬੰਦਾ ਕੋਈ ਹੋਰ ਪੁੱਛ ਲਿਓ।" ਦੋ ਟੁਕ ਗੱਲ ਕਰਕੇ ਗੇਬਾ ਤੁਰ ਪਿਆ।

ਚਾਹ ਵਾਲਾ ਜੱਗ ਫੜੀਂ ਜਾਗਰ ਜਾ ਰਹੇ ਗੇਬੇ ਨੂੰ ਮਾਣ ਨਾਲ ਦੇਖ ਰਿਹਾ "ਕਿਤੇ ਮੈਂ ਵੀ''।

## ਕਹਾਣੀ: ਮੁਕਤੀ: ਵਿਚਾਰ-ਚਰਚਾ

**ਡਾ. ਬਲਜੀਤ ਕੌਰ ਰਿਆੜ**: ਇਸ ਵਾਰ ਦੀ ਗੋਸ਼ਟੀ ਨਵੀਂ ਪੰਜਾਬੀ ਕਹਾਣੀ ਬਾਰੇ ਹੋ ਰਹੀ ਹੈ, ਇਸ ਲਈ ਜਿਹੜੀਆਂ ਕਹਾਣੀਆਂ ਦੀ ਚੋਣ ਕੀਤੀ ਗਈ ਹੈ, ਉਨ੍ਹਾਂ ਬਾਰੇ ਨਿਸ਼ਚੇ ਹੀ ਕਿਹਾ ਜਾ ਸਕਦਾ ਹੈ ਕਿ ਇਹ ਕਹਾਣੀਆਂ ਹਰ ਪੱਖੋਂ ਮੁਕੰਮਲ ਕਹਾਣੀਆਂ ਹਨ; ਵਸਤੂ ਪੱਖੋਂ ਵੀ ਤੇ ਕਲਾਤਮਿਕ ਪੱਖ ਤੋਂ ਵੀ, ਕਿਉਂਕਿ ਕਈ ਵਾਰ ਕੁਝ ਕਹਾਣੀਆਂ ਕਲਾਤਮਿਕ ਪੱਖੋਂ ਕਮਜ਼ੋਰ ਵੀ ਆ ਜਾਂਦੀਆਂ ਹਨ, ਪਰ ਇਸ ਵਾਰ ਅਜੇਹਾ ਨਹੀਂ। ਜਦੋਂ ਇਹ ਕਹਾਣੀ ਪੜ੍ਹੀ ਜਾ ਰਹੀ ਸੀ ਤਾਂ ਮੈਂ ਸੋਚ ਰਹੀ ਸੀ ਕਿ ਇਸ ਵਿਚ ਕਿਹੜੀ 'ਮੁਕਤੀ' ਦੀ ਗੱਲ ਕੀਤੀ ਗਈ ਹੈ, ਕਿਉਂਕਿ ਆਮ ਤੌਰ 'ਤੇ ਅਸੀਂ 'ਮੁਕਤੀ' ਦੇ ਅਰਥਾਂ ਨੂੰ ਅਧਿਆਤਮਕ ਅਰਥਾਂ ਵਿਚ ਹੀ ਗ੍ਰਹਿਣ ਕਰਦੇ ਹਾਂ, ਕਿਉਂਕਿ ਇਹ ਕਹਾਣੀ ਆਰਥਿਕ ਪਾਸਾਰਾਂ ਵਾਲੀ ਹੈ, ਗੁਰਬਤ ਇਸ ਦਾ ਕੇਂਦਰੀ ਸੂਤਰ ਹੈ। ਜਦੋਂ ਕਹਾਣੀ ਆਪਣੇ ਸਿਖਰ ਵੱਲ ਵਧਦੀ ਹੈ ਤਾਂ ਫਿਰ ਪਤਾ ਲੱਗਦਾ ਹੈ ਕਿ ਕਹਾਣੀ ਕਿਹੜੀ ਮੁਕਤੀ ਦੀ ਗੱਲ ਕਰਦੀ ਹੈ। ਜਦੋਂ ਅਸੀਂ ਪਹਿਲਾਂ ਆਰਥਕਤਾ ਆਧਾਰਿਤ ਕਹਾਣੀਆਂ ਪੜ੍ਹਦੇ ਸਾਂ ਤਾਂ ਪਾਤਰ ਉਨ੍ਹਾਂ ਵਿਚੋਂ ਨਿਕਲਦੇ ਨਹੀਂ ਸੀ। ਸਮੱਸਿਆ ਵਿਚ ਗ੍ਰਸਤ ਹੋ ਕੇ ਰਹਿ ਜਾਂਦੇ ਸੀ, ਉਨ੍ਹਾਂ ਨੂੰ ਆਪਣੀ ਪੀੜਾਂ ਤੋਂ ਮੁਕਤੀ ਨਹੀਂ ਮਿਲਦੀ ਸੀ। ਪਰ ਇਸ ਕਹਾਣੀ ਵਿਚ ਇਕ ਨਵੀਂ ਸੁਰ ਹੈ। ਕਹਾਣੀ ਵਿਚਾਲੇ ਕੇਂਦਰੀ ਪਾਤਰ ਦਾ ਪੁੱਤਰ ਸਮੱਸਿਆ ਨੂੰ ਸਮਝ ਕੇ ਉਸ ਦਾ ਹੱਲ ਹੀ ਪੇਸ਼ ਨਹੀਂ ਕਰਦਾ, ਸਗੋਂ ਪਰਿਵਾਰ ਨੂੰ ਸਮੱਸਿਆ ਵਿਚੋਂ ਕੱਢਦਾ ਵੀ ਹੈ। ਔਲਾਦ ਕਿਵੇਂ ਬਦਲਦੀ ਹੈ ਆਪਣੇ ਪਰਿਵਾਰਕ ਮਾਹੌਲ ਨੂੰ, ਆਰਥਿਕ ਸਥਿਤੀ ਨੂੰ, ਉਸ ਤੋਂ ਕਿਵੇਂ ਉਹ ਨਿਜਾਤ ਪਾਉਂਦੇ ਹਨ। ਇਸ ਕਹਾਣੀ ਵਿਚ ਸਿਰਫ਼ ਮੁਕਤੀ ਹੀ ਹਾਸਲ ਨਹੀਂ ਹੁੰਦੀ, ਸਗੋਂ ਉਨ੍ਹਾਂ ਦੀ ਖ਼ੁਦਦਾਰੀ ਤੇ ਸ੍ਵੈ-ਮਾਨ ਵੀ ਕਾਇਮ ਰਹਿੰਦਾ ਹੈ। ਸਥਿਤੀਆਂ ਦੇ ਬਦਲਣ ਨਾਲ ਜਿਹੜੀਆਂ ਤਬਦੀਲੀਆਂ ਵਾਪਰਦੀਆਂ। ਇਹ ਸਾਰਥਿਕ ਤਬਦੀਲੀ ਨੇ, ਮਾਹੌਲ ਵਿਚ ਜਿਹੜੀ ਵੱਖਰਤਾ ਹੈ ਇਹ ਇਕ ਖੁਲ੍ਹੇ ਅੰਤ ਵਾਲੀ ਕਹਾਣੀ ਹੈ। ਇਸ ਕਹਾਣੀ ਨੂੰ ਕਈ ਹੋਰ ਤਰੀਕਿਆਂ ਨਾਲ ਵੀ ਡੀ.ਕੋਡ ਕੀਤਾ ਜਾ ਸਕਦਾ ਹੈ। ਇਸ ਵਿਚ ਕਥਾ-ਰਸ ਤੇ ਪੜ੍ਹਨਯੋਗਤਾ ਵੀ ਹੈ। ਕੁਝ ਮਿਲਾ ਕੇ ਇਹ ਇਕ ਚੰਗੀ ਕਹਾਣੀ ਹੈ।

**ਡਾ. ਸ਼ਰਨਜੀਤ ਕੌਰ**: ਜਦੋਂ ਇਹ ਕਹਾਣੀ ਪੜ੍ਹੀ ਜਾਣੀ ਸ਼ੁਰੂ ਹੋਈ ਤਾਂ ਸ਼ੁਰੂ ਵਿਚ ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਇਸ ਕਹਾਣੀ ਵਿਚ ਵੀ ਪੁਰਾਣੀਆਂ ਗੱਲਾਂ ਹੀ ਦੁਹਰਾਈਆਂ ਜਾ ਰਹੀਆਂ ਹੈ, ਜਿਵੇਂ ਦੋ ਧਿਰਾਂ, ਆਰਥਿਕ-ਸਮਾਜਕ ਅਸਾਵੀਂ ਵੰਡ ਆਦਿ, ਪਰ ਜਿਵੇਂ-ਜਿਵੇਂ ਕਹਾਣੀ ਅੱਗੇ ਤੁਰਦੀ ਹੋਈ ਆਪਣੇ ਸਿਖਰ ਵੱਲ ਵਧਦੀ ਹੈ ਤਾਂ ਫਿਰ ਅਹਿਸਾਸ ਹੁੰਦਾ ਹੈ ਕਿ ਕਥਾਕਾਰ ਪਰੰਪਰਾਗਤ ਵਲਗਣਾਂ ਤੋਂ ਆਪਣੇ-ਆਪ ਨੂੰ ਬਾਹਰ ਰੱਖਣ ਵਿਚ ਕਾਮਯਾਬ ਹੋਇਆ ਹੈ। ਕੁਲ ਮਿਲਾ ਕੇ ਇਹ ਇਕ ਚੰਗੀ ਕਹਾਣੀ ਹੈ। ਜਿਵੇਂ-ਜਿਵੇਂ ਮੈਂ ਇਹ ਕਹਾਣੀ ਸੁਣ ਰਹੀ ਸੀ

ਤਾਂ ਨਾਲ ਨਾਲ ਮੇਰੇ ਦਿਮਾਗ ਵਿਚ ਸੁਜਾਨ ਸਿੰਘ ਦੀ ਕਹਾਣੀ 'ਕੁਲਫੀ' ਵੀ ਚੱਲ ਰਹੀ ਸੀ। ਜਿਵੇਂ-ਜਿਵੇਂ ਕਹਾਣੀ ਵਿਚ ਇਸ ਦੇ ਪਾਤਰ ਕਿੰਦੇ ਦਾ ਪਾਤਰ ਉਭਰ ਕੇ ਸਾਹਮਣੇ ਆਉਂਦਾ ਗਿਆ। ਤਿਵੇਂ-ਤਿਵੇਂ 'ਕੁਲਫੀ' ਗਈ ਹੁੰਦੀ ਹਾਵੀ ਤੇ ਨਾਲ ਹੀ ਸਮੁੱਚੀ ਪੰਜਾਬੀ ਕਹਾਣੀ ਦੀ ਬਣਤਰ ਤੇ ਵਸਤੂ ਦੇ ਕਈ ਪੱਖ ਵੀ ਮਨ ਅੰਦਰ ਸਾਕਾਰ ਹੁੰਦੇ ਰਹੇ। ਮੈਨੂੰ ਇਹ ਵੀ ਲੱਗ ਰਿਹਾ ਸੀ ਕਿ ਜਦੋਂ ਅਸੀਂ 90ਵਿਆਂ ਤੋਂ ਬਾਅਦ ਦੀ ਕਹਾਣੀ ਦੀ ਗੱਲ ਕਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਬੇ-ਲੋੜੀ ਗੁੰਝਲਤਾ ਜਟਿਲਤਾ ਇਸ ਦੀ ਬੁਨਿਆਦ ਬਣਨ ਲੱਗਦੀ ਹੈ। ਸਿੱਟੇ ਵਜੋਂ ਕਹਾਣੀ ਵਿਚ ਅ-ਸਪੱਸ਼ਟਤਾ ਵਧਦੀ ਹੈ ਤੇ ਕਈ ਵਾਰ ਤਾਂ ਬਿਰਤਾਂਤਕਾਰ ਕਹਿਣਾ ਕੀ ਚਾਹੁੰਦਾ ਹੈ, ਇਹ ਵੀ ਸਮਝ ਨਹੀਂ ਸੀ ਆਉਂਦਾ। ਪਰ ਅੱਜ ਤੇ ਕਲ੍ਹ ਇੱਥੇ ਪੜ੍ਹੀਆਂ ਗਈਆਂ ਕਹਾਣੀਆਂ ਦੇ ਆਧਾਰ 'ਤੇ ਲੱਗਦਾ ਹੈ ਕਿ ਬੇਸ਼ੱਕ ਥੀਮਕ ਪੱਧਰ 'ਤੇ ਤਾਂ ਕਹਾਣੀ ਦੀ ਬੁਨਿਆਦ ਅਜੇ ਵੀ ਉਸੇ ਤਰ੍ਹਾਂ ਦੇ ਵਿਸ਼ਿਆਂ 'ਤੇ ਹੀ ਆਧਾਰਿਤ ਹੈ, ਪਰ ਬਿਰਤਾਂਤਕਾਰੀ ਦੇ ਪੱਧਰ ਤੇ ਕਹਾਣੀ ਸਰਲਤਾ ਤੇ ਸਹਿਜਤਾ ਵੱਲ ਵੱਧ ਰਹੀ ਹੈ, ਜੋ ਨਵੀਂ ਕਹਾਣੀ ਲਈ ਸ਼ੁਭ ਸ਼ਗਨ ਹੈ।

**ਬਲਬੀਰ ਪਰਵਾਨਾ**: ਮੈਨੂੰ ਇਹ ਕਹਾਣੀ ਠੀਕ ਲੱਗੀ। ਇਹ ਕਹਾਣੀ ਕਿਸਾਨੀ ਖਾਸੇ ਖਾਸ ਕਰ ਮਾਲਵੇ ਦੀ ਛੋਟੀ ਕਿਸਾਨੀ ਦੇ ਜਿਹੜੇ ਸੰਕਟ ਨੇ, ਕਿਸਾਨੀ ਦੀ ਜਿਹੜੀ ਮਾਨਸਿਕਤਾ ਹੈ, ਉਸ ਨੂੰ ਪੇਸ਼ ਕਰਦੀ ਹੈ, ਪਰ ਇਸ ਕਹਾਣੀ ਦਾ ਅੰਤ ਮੈਨੂੰ ਵਧੇਰੇ ਆਸ਼ਾਵਾਦੀ ਲੱਗਾ। ਕਿਉਂਕਿ ਜੇ ਆਪਾਂ ਵਿਹਾਰਕ ਰੂਪ 'ਚ ਵੇਖੀਏ ਤਾਂ ਪੰਜਾਬ ਦੀ ਛੋਟੀ ਕਿਸਾਨੀ ਹੋਵੇ ਜਾਂ ਖੇਤ-ਮਜ਼ਦੂਰ ਉਨ੍ਹਾਂ ਦੇ ਸੰਕਟਾਂ ਦਾ ਸਮਾਧਾਨ ਇਸ ਤਰ੍ਹਾਂ ਨਹੀਂ ਹੁੰਦਾ। ਜਿੰਨੇ ਵੀ ਅੰਕੜੇ ਸਾਡੇ ਸਾਹਮਣੇ ਨੇ, ਕਿ ਹਰ ਸਾਲ ਹਜ਼ਾਰਾ ਦੀ ਗਿਣਤੀ ਵਿਚ ਛੋਟੇ ਕਿਸਾਨ ਤੇ ਖੇਤ-ਮਜ਼ਦੂਰ ਇਸ ਧੰਦੇ 'ਚੋਂ ਬਾਹਰ ਹੋ ਰਹੇ ਹਨ। ਬੇਸ਼ੱਕ ਇਹ ਠੀਕ ਹੈ ਕਿ ਕਈ ਵਾਰ ਕਿਸੇ ਦੇ ਵਿਅਕਤੀਗਤ ਯਤਨਾਂ ਨਾਲ ਪਰਿਵਾਰਕ ਸੰਕਟ ਦਾ ਹੱਲ ਹੋ ਜਾਂਦਾ ਹੈ, ਪਰ ਇਸ ਨੂੰ ਸਾਰੀਆਂ ਧਿਰਾਂ ਤੇ ਇਸ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਸਕਦਾ, ਜਿਨ੍ਹਾਂ ਆਸ਼ਾਵਾਦ ਕਹਾਣੀ 'ਚ ਵਿਖਾਇਆ ਗਿਆ ਹੈ, ਏਨਾ ਪੰਜਾਬ 'ਚ ਨਜ਼ਰ ਨਹੀਂ ਆਉਂਦਾ। ਜਿਥੋਂ ਤੱਕ ਬਿਰਤਾਂਤਕਾਰੀ ਦਾ ਮਸਲਾ ਹੈ, ਉਹ ਬਹੁਤ ਵਧੀਆ ਹੈ।

**ਭੁਪਿੰਦਰ ਸਿੰਘ ਮਾਨ**: ਅਸੀਂ ਗਰਾਈ ਹਾਂ। ਮੈਂ ਇਹ ਕਹਾਣੀ ਪਹਿਲਾਂ ਹੀ ਪੜ੍ਹੀ ਹੋਈ ਹੈ, ਮੇਰੀ ਪਸੰਦੀਦਾ ਕਹਾਣੀ ਹੈ। ਇਸ ਬਾਰੇ ਸਾਡੀ ਪਹਿਲਾਂ ਵੀ ਗੱਲਬਾਤ ਹੋਈ ਹੈ ਤੇ ਇਸ ਇਹ ਕੁਝ ਸੋਧਾਂ ਵੀ ਕੀਤੀਆਂ ਗਈਆਂ ਿ ਮਨੂੰ ਇਸ ਦੀ ਸਭ ਤੋਂ ਵਧੀਆ ਗੱਲ ਇਸ ਦੀ ਭਾਸ਼ਾ ਲਗਦੀ ਹੈ। ਅਮਰਜੀਤ ਕੋਲ ਪੇਂਡੂ ਭਾਸ਼ਾ ਤੇ ਸਭਿਆਚਾਰ ਦੀ ਸੂਝ ਹੈ ਤੇ ਉਹ ਉਸ ਭਾਸ਼ਾ ਨੂੰ ਬਹੁਤ ਖੂਬਸੂਰਤੀ ਨਾਲ ਪੁਨਰ-ਸਿਰਜਿਤ ਕਰਦਾ ਹੈ। ਮੈਨੂੰ ਇਹ ਕਹਾਣੀ ਵਧੀਆ ਲੱਗੀ ਹੈ।

**ਡਾ. ਆਤਮ ਰੰਧਾਵਾ**: ਕਹਾਣੀ ਆਦਰਸ਼ਵਾਦੀ ਹੈ। ਪਰਵਾਨਾ ਹੋਰਾਂ ਬਿਲਕੁਲ ਠੀਕ ਕਿਹਾ ਹੈ। ਸਾਡਾ ਸਮਾਜ, ਸਾਡੇ ਮਸਲੇ ਜਿੰਨੇ ਗੁੰਝਲਦਾਰ ਹੋ ਗਏ ਹਨ, ਉਨ੍ਹਾਂ ਨੂੰ ਉਸ ਸ਼ਿੱਦਤ ਨਾਲ ਕਹਾਣੀ ਵਿਚ ਪੇਸ਼ ਨਹੀਂ ਕੀਤਾ ਜਾ ਸਕਿਆ, ਉਨ੍ਹਾਂ ਦਾ ਸਰਲੀਕਰਣ ਕੀਤਾ ਗਿਆ ਹੈ। ਨਵੀਂ ਕਹਾਣੀ ਬੰਦੇ ਦੀਆਂ ਮਾਨਸਿਕ ਗੁੰਝਲਾਂ ਦਾ ਗਲਪੀਕਰਣ ਕਰਦੀ ਹੈ। ਚੇਤ ਸਿੰਘ ਵੀ ਏਨਾ ਸਿੱਧਾ-ਪੱਧਰਾ ਨਹੀਂ। ਜਿਵੇਂ ਕਹਾਣੀ ਦੇ ਅੰਤ 'ਚ ਹੱਲ ਸੁਝਾਇਆ ਗਿਆ ਹੈ, ਉਹ ਸਮਾਜਕ ਸਰੋਕਾਰਾਂ ਨਾਲ ਮੇਲ ਨਹੀਂ ਖਾਂਦਾ।

**ਡਾ. ਹੀਰਾ ਸਿੰਘ**: ਜਿਸ ਤਰ੍ਹਾਂ ਇਹ ਦੋ ਕਹਾਣੀਆਂ ਪੜ੍ਹੀਆਂ ਗਈਆਂ। ਇਹ ਵੀ ਤੇ ਇਸ ਤੋਂ ਪਹਿਲੀ ਵੀ। ਮੇਰੇ ਮੁਤਾਬਿਕ ਇਹ ਸਦੀਆਂ ਦੀਆਂ ਕਹਾਣੀਆਂ ਹਨ। ਇਹ ਕਿਸੇ ਖਾਸ

ਸਮੇਂ ਜਾਂ ਖਾਸ ਦਹਾਕੇ ਨਾਲ ਸੰਬੰਧਿਤ ਨਹੀਂ: ਜਿਵੇਂ ਸਾਡੇ ਕੋਲ ਸਾਖੀ ਸਾਹਿਤ ਹੈ, ਬਹੁਤ ਬੁਰੇ ਜਾਂ ਬਹੁਤ ਚੰਗੇ ਬੰਦੇ ਉਹ ਇਹ ਵੀ ਇਸੇ ਤਰ੍ਹਾਂ ਦੀ ਹੈ। ਮੈਨੂੰ ਇਹ ਕਹਾਣੀ ਬਹੁਤ ਵਧੀਆ ਲੱਗੀ। ਮੈਨੂੰ ਇਹ ਕਹਾਣੀ ਸੁਣ ਕੇ ਗੁਰਦਿਆਲ ਸਿੰਘ ਦਾ ਨਾਵਲ 'ਮੜ੍ਹੀ ਦਾ ਦੀਵਾ' ਯਾਦ ਆ ਗਿਆ। ਉਸ ਦੀਆਂ ਕੁਝ ਗੱਲਾਂ ਕਹਾਣੀ ਨਾਲ ਮੇਲ ਖਾਂਦੀਆਂ ਹਨ। ਜਗਸੀਰ ਦੇ ਪਿਓ ਨੂੰ ਵੀ ਜ਼ਮੀਨ ਇਸੇ ਤਰ੍ਹਾਂ ਮਿਲੀ ਸੀ। ਜਿਸ ਤਰ੍ਹਾਂ ਪਿਛਲੀ ਸਦੀ ਦੇ ਪੰਜਵੇਂ-ਛੇਵੇਂ ਦਹਾਕੇ 'ਚ ਪਿੰਡਾਂ ਦੀ ਨੁਹਾਰ ਬਦਲੀ ਇਹ ਅਸਲ 'ਚ ਉਸ ਤਬਦੀਲੀ ਨੂੰ ਪੇਸ਼ ਕਰਦੀ ਹੈ, ਜਦੋਂ ਸੀਰੀਪੁਣਾ ਸੀ; 'ਸੀਰੀ ਸਾਰਾ ਸਾਲ ਦਾਣਿਆਂ 'ਤੇ ਕੰਮ ਕਰਦੇ ਸੀ। ਹੁਣ ਵੀ ਗ਼ੁਲਾਮੀ ਉਸੇ ਤਰ੍ਹਾਂ ਹੈ, ਬਹੁਤੇ ਆਜ਼ਾਦ ਨਹੀਂ ਹੋਏ। ਦੂਸਰੇ, ਜਿਵੇਂ ਡਾ. ਬਲਜੀਤ ਨੇ ਗੱਲ ਕੀਤੀ ਸੀ ਕਿ ਪੁੱਤਰ ਨੇ, ਪੁੱਤਰ ਨੇ ਨਹੀਂ ਅਸਲ 'ਚ ਸਥਿਤੀਆਂ ਨੇ ਆਜ਼ਾਦ ਕਰਵਾਇਆ। ਨਵੇਂ ਧੰਦੇ ਆਏ ਸਮਾਜ 'ਚ, ਜੇ ਮੰਡੀ ਨਾ ਆਉਂਦੀ ਤਾਂ ਉਨ੍ਹਾਂ ਨੇ ਆਜ਼ਾਦ ਨਹੀਂ ਸੀ ਹੋ ਸਕਣਾ, ਮੁੰਡੇ ਨੇ ਵੀ ਉਹੀ ਕੰਮ ਕਰਨਾ ਸੀ। ਅਸਲ 'ਚ ਜਿਹੜਾ ਜਾਗੀਰੂ ਕਲਚਰ ਤੋਂ ਸਰਮਾਏਦਾਰੀ ਪ੍ਰਬੰਧ ਆਇਆ ਤੇ ਜਿਹੜੀ ਤਬਦੀਲੀ ਆਈ ਇਸ ਨੇ ਸਮੁੱਚੀਆਂ ਸਥਿਤੀਆਂ ਨੂੰ ਬਦਲਿਆ ਤੇ ਇਕ ਨਵਾਂ ਰੂਪ ਦਿੱਤਾ। ਅੱਜ ਉਸ ਤਰ੍ਹਾਂ ਦੇ ਰਿਸ਼ਤੇ ਨਹੀਂ। ਸੀਰੀ ਸਵੇਰੇ ਈ ਆ ਜਾਂਦੇ ਸੀ, ਸਾਰਾ ਦਿਨ ਕੰਮ ਕਰਦੇ ਸੀ। ਰਾਤ ਨੂੰ ਰੋਟੀ ਖਾ ਕੇ ਭਾਂਡੇ ਰੱਖ ਕੇ ਤੁਰ ਜਾਂਦੇ ਸੀ। ਅੱਜ ਸਥਿਤੀ ਐਸੀ ਨਹੀਂ। ਸੋ ਇਹ ਇਕ ਵਧੀਆ ਕਹਾਣੀ ਹੈ ਜੋ ਸਮਾਜ ਦੀਆਂ ਇਨ੍ਹਾਂ ਤਬਦੀਲੀਆਂ ਨੂੰ ਪੇਸ਼ ਕਰਦੀ ਹੈ।

**ਡਾ. ਮੁਨੀਸ਼:** ਕਹਾਣੀ ਵਿਚਾਲੇ ਮੁੱਖ ਪਾਤਰ ਦਾ ਮੁੰਡਾ ਆਪਣੇ ਪਰਿਵਾਰ ਦੀ ਆਰਥਿਕ ਮੁਕਤੀ ਲਈ ਆਪਣੇ ਜੱਦੀ ਕਿੱਤੇ ਨੂੰ ਬਦਲਦਾ ਪਿਆ ਤੇ ਆਪਣੇ ਮੌਲਿਕ ਕਿੱਤੇ ਵੱਲ ਪਰਤਦਾ ਪਿਆ। ਦੂਸਰੀ ਗੱਲ ਜਿਹੜਾ ਜੱਦੀ ਕਿੱਤਾ ਖੇਤੀ ਹੈ ਉਸ ਨੂੰ ਵੀ ਬਦਲ ਰਿਹਾ। ਜਿਹੜੀ ਗੱਲ ਡਾ. ਹੀਰਾ ਸਿੰਘ ਨੇ ਕੀਤੀ ਕਿ ਬਦਲਦੇ ਸਰੋਕਾਰਾਂ ਦੀ, ਮੈਂ ਆਪਣੇ ਪਿੰਡ 'ਚ ਹੀ ਵੇਖਦਾ ਹਾਂ ਕਿ ਅਜੇ ਵੀ ਪਰਿਵਾਰ ਉਸੇ ਤਰ੍ਹਾਂ ਸੀਰੀਪੁਣੇ 'ਚ ਲੱਗੇ ਹੋਏ। ਕਹਾਣੀ 'ਚ ਜਿਹੜੀ ਮੁਕਤੀ ਦੀ ਗੱਲ ਕੀਤੀ ਗਈ ਹੈ। ਇਕ ਪਾਸੇ ਤਾਂ ਮੁਕਤੀ ਮਿਲ ਗਈ ਕਹਾਣੀ ਦਾ ਇਹ ਖੁਲ੍ਹਾ ਅੰਤ ਸਵਾਲ ਵੀ ਪੈਦਾ ਕਰਦਾ ਹੈ ਕਿ ਇਸ ਵਿਸ਼ਵੀਕਰਣ ਦੇ ਦੌਰ ਵਿਚ ਛੋਟੇ-ਛੋਟੇ ਕਿੱਤੇ ਜਾਂ ਛੋਟੀ ਕਿਸਾਨੀ ਕਿੱਥੋਂ ਤੱਕ ਆਪਣੇ ਆਪ ਨੂੰ ਕਾਇਮ ਰੱਖ ਸਕੇਗੀ।

**ਸੁਕੀਰਤ:** ਇਸ ਵਾਰ ਜਿੰਨੀਆਂ ਵੀ ਕਹਾਣੀਆਂ ਪੜ੍ਹੀਆਂ ਗਈਆਂ, ਭਾਵੇਂ ਇਕਸਾਰ ਨਹੀਂ ਹਨ। ਪਰ ਉਨ੍ਹਾਂ ਵਿਚ ਇਕ ਗੱਲ ਸਾਂਝੀ ਹੈ ਤੇ ਖ਼ੂਬਸੂਰਤ ਵੀ ਕਿ ਜਿੰਨੇ ਵੀ ਥਾਵਾਂ ਤੇ ਕਹਾਣੀਆਂ 'ਚ ਡਾਇਲਾਗ ਆਏ ਹਨ, ਉਹ, ਓਪਰੇ ਨਹੀਂ ਲੱਗਦੇ, ਬਿਲਕੁਲ ਸਹਿਜ ਲੱਗਦੇ ਹਨ, ਇਹ ਇਸ ਕਹਾਣੀ ਦੀ ਵੀ ਵੱਡੀ ਖ਼ਾਸੀਅਤ ਹੈ। ਕਹਾਣੀ ਬਾਰੇ ਬਾਕੀ ਗੱਲਾਂ ਹੋ ਗਈਆਂ, ਮੈਂ ਸਿਰਫ਼ ਇਕ ਗੱਲ ਕਰਨੀ ਹੈ। ਮੈਂ ਆਮ ਤੌਰ 'ਤੇ ਪਿੰਡਾਂ ਬਾਰੇ ਲਿਖੀ ਗਈ ਕਹਾਣੀ ਬਾਰੇ ਬਹੁਤੀ ਆਲੋਚਨਾਤਮਕ ਗੱਲ ਨਹੀਂ ਕਰ ਸਕਦਾ, ਕਿਉਂਕਿ ਮੇਰਾ ਪਿਛੋਕੜ ਸ਼ਹਿਰੀ ਹੈ, ਪੇਂਡੂ ਨਹੀਂ। ਕਈ ਵਾਰ ਮੈਨੂੰ ਪਿੰਡਾਂ ਦੇ ਜੀਵਨ ਤੇ ਰਿਸ਼ਤਿਆਂ ਬਾਰੇ ਸਮਝ ਵੀ ਨਹੀਂ ਆਉਂਦੀ। ਹੋ ਸਕਦਾ ਮੇਰੀ ਗੱਲ ਗ਼ਲਤ ਹੋਵੇ, ਪਰ ਮੈਨੂੰ ਇਹ ਗੱਲ ਕਹਾਣੀ ਵਿਚ ਠੀਕ ਜਾਂ ਸੁਭਾਵਿਕ ਨਹੀਂ ਲੱਗੀ। ਜਦੋਂ ਆਰਥਿਕ ਦਬਾਅ ਵਧ ਰਹੇ ਹਨ ਤਾਂ ਕਹਾਣੀ ਦੇ ਪਾਤਰ ਗੇਬਾ ਤੇ ਕੈਲੋ ਜਦੋਂ ਆਪਸ 'ਚ ਗੱਲਬਾਤ ਕਰ ਰਹੇ ਹਨ ਤਾਂ ਇਕ ਥਾਂ 'ਤੇ ਗੇਬਾ ਕਹਿੰਦਾ ਕਿ ਹੁਣ ਤਾਂ ਸਰਦਾਰਨੀ ਵੀ ਜਾਤ ਪਰਖਣ ਲੱਗ ਪਈ ਹੈ। ਮੇਰੇ ਹਿਸਾਬ ਨਾਲ ਜਿਹੜੇ ਲੋਕ ਜਾਤ ਪਰਖਣ ਵਾਲੀ

ਮਾਨਸਿਕਤਾ ਵਾਲੇ ਹੁੰਦੇ ਹਨ, ਉਹ ਕਿਸੇ ਪੜਾਅ 'ਤੇ ਆ ਕੇ ਅਜਿਹਾ ਨਹੀਂ ਕਰਦੇ, ਉਹ ਸ਼ੁਰੂ ਤੋਂ ਹੀ ਅਜੇਹੀ ਸੋਚ ਵਾਲੇ ਹੁੰਦੇ। ਮੈਂ ਨਹੀਂ ਮੰਨ ਸਕਦਾ ਕਿ ਜਿਹੜੀ ਸਰਦਾਰਨੀ ਪਹਿਲਾਂ ਜਾਤ ਬਾਰੇ ਵਿਤਕਰਾ ਨਹੀਂ ਸੀ ਕਰਦੀ, ਕੁਝ ਕਰਨ ਲੱਗ ਪਈ ਹੈ। ਇਹ ਸੁਭਾਵਿਕ ਨਹੀਂ।

**ਡਾ. ਹਰਭਜਨ ਢਿੱਲੋਂ:** ਕਹਾਣੀ ਚੰਗੀ ਹੈ। ਅਸੀਂ ਵੇਖਦੇ ਹਾਂ ਕਿ ਚੇਤ 'ਚ ਪ੍ਰਕਿਰਤੀ ਮੌਲਦੀ ਹੈ, ਫਸਲਾਂ ਫਲਦੀਆਂ ਨੇ, ਪਰ ਇਥੇ ਕਹਾਣੀ 'ਚ ਚੇਤ ਸਿੰਘ ਦੇ ਹੱਥਾਂ 'ਚ ਜ਼ਿੰਦਗੀ ਨੂੰ ਕੁਚਲਿਆ ਜਾ ਰਿਹਾ ਹੈ। ਇਹ ਗੱਲ ਉਭਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕਿ ਨਿੱਕੇ-ਨਿੱਕੇ ਸਹਾਇਕ ਕਿੱਤਿਆਂ ਤੋਂ ਬਿਨਾਂ ਛੋਟੀ ਕਿਸਾਨੀ ਦੀ ਮੁਕਤੀ ਸੰਭਵ ਨਹੀਂ। ਇਸ ਤੋਂ ਅਗਲੀ ਗੱਲ ਕਿਤੇ ਤਾਂ ਅਸੀਂ ਸਮਝਦੇ ਸੀ ਕਿ ਮੁਕਤੀ ਦਾ ਮਾਰਗ ਜਮਾਤੀ ਸੰਘਰਸ਼ ਹੈ, ਖੱਬੀਆਂ ਧਿਰਾਂ ਦਾ ਨਾਹਰਾ ਸੀ ਦੁਨੀਆਂ ਭਰ ਦੇ ਕਿਰਤੀਓ ਇਕ ਹੋ ਜਾਓ ਤੇ ਕਿਥੇ ਹੁਣ ਮੁਕਤੀ ਦਾ ਮਾਰਗ ਨਿਜ ਦੀ ਮੁਕਤੀ ਤੱਕ ਸਿਮਟ ਗਿਆ ਹੈ ਕਿ ਆਪਣੀ ਮਿਹਨਤ ਕਰੋ ਤੇ ਆਪਣੀ ਗੁਰਬਤ 'ਚ ਨਿਕਲ ਸਕਦੇ ਹੋ ਤਾਂ ਨਿਕਲ ਜਾਓ। ਕੀ ਇਹ ਕਹਿਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਖੱਬੀਆਂ ਧਿਰਾਂ ਦੇ ਸੰਘਰਸ਼ ਤੋਂ ਬੰਦੇ ਦੀ ਆਸ ਟੁੱਟ ਚੁੱਕੀ ਹੈ। ਜੇ ਇਹ ਟੁੱਟ ਚੁੱਕੀ ਹੈ ਤਾਂ ਕੀ ਇਹ ਫਲਸਫ਼ੇ ਦੀ ਨਾਕਾਮੀ ਹੈ ਜਾਂ ਪਾਰਟੀਆਂ ਦੀ ਵਿਹਾਰਕ ਰਾਜਨੀਤੀ ਦੀ ਅਸਫਲਤਾ ਹੈ। ਕਹਾਣੀ ਚੰਗੀ ਹੈ। ਜਿਹੜੀ ਗੱਲ ਸੁਕੀਰਤ ਹੋਰਾਂ ਕੀਤੀ, ਪਿਛਲੇ ਕੁਝ ਸਮਿਆਂ 'ਚ ਇਕ ਬਹੁਤ ਪੇਚੀਦਾ ਮਸਲਾ ਉਭਰ ਕੇ ਸਾਹਮਣੇ ਆਇਆ ਹੈ; ਇਕ ਹੈ ਦਾਜ-ਦਹੇਜ ਦਾ ਤੇ ਦੂਸਰਾ ਜਾਤੀ-ਸੂਚਕ ਸ਼ਬਦ ਕਹਿਣ ਦਾ। ਲੇਕਿਨ ਹੁਣ ਕੀ ਹੋਇਆ ਕਿ ਪਹਿਲਾਂ ਤਾਂ ਵਿਹਾਰ ਵੱਖਰਾ ਸੀ, ਪਰ ਹੁਣ ਜਦੋਂ ਲੱਗਿਆ ਕੇ ਗੇਬੇ ਨੂੰ ਤੇ ਉਸਦੇ ਪਰਿਵਾਰ ਨੂੰ ਆਰਥਿਕ ਤੌਰ 'ਤੇ ਘੇਰਾ ਪੈ ਚੁੱਕਾ ਹੈ ਤੇ ਉਸ ਦੇ ਭੱਜ ਸਕਣ ਦੀਆਂ ਸੰਭਾਵਨਾਵਾਂ ਨਹੀਂ ਰਹੀਆਂ ਤਾਂ ਜਿਸ ਆਪਣੇ ਖ਼ਾਸੇ ਨੂੰ ਲੁਕਾ ਕੇ ਰੱਖਿਆ ਸੀ, ਹਾਲਾਤ ਬਦਲਣ ਨਾਲ ਉਹ ਖ਼ਾਸਾ ਨੰਗਾ-ਚਿੱਟਾ ਹੋ ਕੇ ਸਾਹਮਣੇ ਪਾ ਰਿਹਾ ਹੈ। ਬੰਦਾ ਭਾਸ਼ਾ ਰਾਹੀਂ ਆਪਣੇ-ਆਪ ਨੂੰ ਪ੍ਰਗਟ ਕਰਦਾ ਹੈ ਤੇ ਲੁਕਦਾ ਵੀ ਭਾਸ਼ਾ ਓਹਲੇ ਹੀ ਹੈ। ਬਹੁਤ ਵਾਰ ਅਸੀਂ ਆਪਣੇ ਕਿਰਦਾਰ ਨੂੰ ਜ਼ਾਹਰ ਕਰਨ ਦੀ ਬਜਾਏ ਲੁਕਾ ਕੇ ਰੱਖਦੇ ਹਾਂ। ਹਾਲਾਂਕਿ ਇਸ ਬਾਰੇ ਸ਼ੁਰੂ ਤੋਂ ਹੀ ਲਿਖਿਆ ਜਾਂਦਾ ਰਿਹਾ ਹੈ ਕਿ ਗੱਲੀਂ ਅਸੀਂ ਚੰਗਿਆਈ ਆਚਾਰੀ ਬੁਰੀਆਹ'। ਹੁਣ ਤਕ ਮਨੁੱਖ ਦੇ ਇਸ ਦੋਗਲੇਪਣ ਵਾਰੇ ਬਹੁਤ ਕੁਝ ਕਿਹਾ ਗਿਆ ਹੈ, ਪਰ ਇਹ ਮਨੁੱਖੀ ਸੋਚ ਦਾ ਹਿੱਸਾ ਹੈ ਤੇ ਰਹੇਗਾ। ਕਹਾਣੀ ਵਧੀਆ ਹੈ, ਪਰ ਸਵਾਲ ਵੱਡੇ ਹਨ ਕਿ ਕੀ ਮੁਕਤੀ ਦਾ ਮਾਰਗ ਇਹੋ ਹੀ ਰਹਿ ਗਿਆ ਹੈ।

**ਡਾ. ਮਹਿਲ ਸਿੰਘ:** ਕਹਾਣੀ ਬਾਰੇ ਬਹੁਤ ਸਾਰੀਆਂ ਗੱਲਾਂ ਹੋ ਗਈਆਂ। ਮੈਨੂੰ ਲੱਗਦਾ ਇਹ ਇਕ ਕਹਾਣੀ ਇਕ ਧਿਰ ਦਾ ਸੰਵਾਦ ਹੈ, ਧਿਰਾਂ ਦਾ ਨਹੀਂ। ਸਰਦਾਰ ਤੇ ਸਰਦਾਰਨੀ ਸਾਰੀ ਕਹਾਣੀ 'ਚ ਚੁੱਪ ਹਨ। ਉਨ੍ਹਾਂ ਬਾਰੇ ਸਿਰਫ਼ ਗੇਬਾ, ਕੈਲੋ ਤੇ ਜਾਗਰ ਈ ਬੋਲਦੇ ਹਨ। ਅਸੀਂ ਇਨ੍ਹਾਂ ਦੋ ਧਿਰਾਂ ਦੇ ਰਿਸ਼ਤੇ ਵਿਚਲੀ ਜਟਿਲਤਾ ਨੂੰ ਆਪਣੀ ਟੈਕਸਟ ਦਾ ਹਿੱਸਾ ਕਿਉਂ ਨਾ ਬਣਾਈ ਏ? ਉਹ ਵੀ ਕਿਤੇ-ਕਿਤੇ ਬੋਲਣ। ਕਹਾਣੀ ਨੂੰ ਜਟਿਲ ਤੇ ਸੁਭਾਵਿਕ ਬਣਾਉਣ ਲਈ ਦੋਹਾਂ ਧਿਰਾਂ ਦਾ ਭੇੜ ਜਾਂ ਟਕਰਾਅ ਦਿਖਾਉਣਾ ਜ਼ਰੂਰੀ ਹੈ, ਅੰਤ ਬੇਸ਼ੱਕ ਇਸੇ ਤਰ੍ਹਾਂ ਈ ਰੱਖੋ, ਮੁਕਤੀ ਦੇ ਕਈ ਪੱਖ ਹੋ ਸਕਦੇ ਹਨ, ਜਿਵੇਂ ਸੁਕੀਰਤ ਨੇ ਗੱਲ ਕੀਤੀ ਸੀ, ਇਹ ਵਿਤਕਰਾ ਤੇ ਭੇਦ-ਭਾਵ ਹਮੇਸ਼ਾ ਹੀ ਸਾਡੇ ਰਿਸ਼ਤਿਆਂ 'ਚ ਰਿਹਾ ਹੈ, ਹੋ ਸਕਦਾ ਹੈ ਹੁਣ ਥੋੜ੍ਹਾ ਘੱਟ ਗਿਆ ਹੋਣਾ, ਪਰ ਅਜੇ ਵੀ ਖ਼ਤਮ ਨਹੀਂ ਹੋਇਆ। ਦੂਸਰੇ ਆਰਥਿਕ ਨਾਲੋਂ ਸਮਾਜਕ ਤੇ ਮਾਨਸਿਕ ਪੱਖਾਂ ਨੂੰ ਵੀ ਚਿਤਰਿਆ

ਜਾਣਾ ਚਾਹੀਦਾ ਹੈ, ਉਹ ਪੱਖ ਕਈ ਵਾਰ ਆਰਥਿਕ ਪੱਖੋਂ ਨਾਲੋਂ ਵਧੇਰੇ ਫ਼ੈਸਲਾਕੁੰਨ ਹੁੰਦੇ। ਤੁਸੀਂ ਆਰਥਿਕ ਮਸਲੇ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਸਾਡੇ 'ਚ ਕਿਤੇ ਨਾ ਕਿਤੇ ਪ੍ਰਗਤੀਵਾਦ ਵਾਲੀ ਵਿਚਾਰਧਾਰਾ ਪਈ ਹੈ ਕਿ ਅਸੀਂ ਮਾਲਕ ਧਿਰ ਨੂੰ ਪਿੱਛੇ ਰੱਖਦੇ ਹਾਂ, ਉਸ ਨੂੰ ਬੁਲਾਉਂਦੇ ਨਹੀਂ, ਉਸ ਨੂੰ ਵੀ ਅਜੋਕੇ ਪ੍ਰਸੰਗ 'ਚ ਚਿਤਰਣਾ ਜ਼ਰੂਰੀ ਹੈ।

**ਜਸ ਮੰਡ**: ਕਹਾਣੀ ਬਾਰੇ ਸਾਰੀਆਂ ਗੱਲਾਂ ਹੋ ਗਈਆਂ ਨੇ। ਤੁਸੀਂ ਕਹਾਣੀ 'ਚ ਕੁਝ ਐਸੇ ਸ਼ਬਦ ਵਰਤੇ ਨੇ ਜੋ ਇਤਰਾਜ਼ਯੋਗ ਹੋ ਸਕਦੇ ਹਨ, ਅਜੇਹੇ ਜਾਤੀ, ਸੂਚਕ ਸ਼ਬਦ ਟੈਕਸਟ 'ਚ ਨਾ ਈ ਹੋਣ ਤਾਂ ਵਧੀਆਂ ਹੈ, ਦੂਸਰੇ ਕੀ ਇਹ ਵਰਤਾਰਾ ਅਜੇ ਵੀ ਪਿੰਡਾਂ 'ਚ ਹੈ, ਇਸ ਬਾਰੇ ਮੈਨੂੰ ਬਹੁਤਾ ਪਤਾ ਨਹੀਂ। ਅਗਲੀ ਗੱਲ ਕੀ ਕੋਈ ਸ਼ਹਿਰੀ ਜੀਵਨ ਬਾਰੇ ਵੀ ਪੰਜਾਬੀ 'ਚ ਕਹਾਣੀ ਲਿਖੀ ਜਾ ਰਹੀ ਹੈ। ਕਿਉਂਕਿ ਮੈਂ ਪੰਜਾਬੀ ਕਹਾਣੀ ਘੱਟ ਪੜ੍ਹਦਾ ਹਾਂ। ਸਾਰੀਆਂ ਕਹਾਣੀਆਂ ਤਕਰੀਬਨ ਪਿੰਡਾਂ ਬਾਰੇ ਹੀ ਹਨ।

**ਕੁਲਵੰਤ ਸਿੰਘ**: ਕਹਾਣੀ ਬਾਰੇ ਤਕਰੀਬਨ ਸਾਰੀਆਂ ਗੱਲਾਂ ਹੋ ਗਈਆਂ ਹਨ। ਇਨ੍ਹਾਂ ਸਾਰੀਆਂ ਕਹਾਣੀਆਂ ਨੂੰ ਪੜ੍ਹਣ ਸੁਣਨ ਤੋਂ ਬਾਅਦ ਇਕ ਵਿਸ਼ੇਸ਼ਤਾ ਜੋ ਇਨ੍ਹਾਂ 'ਚੋਂ ਸਾਹਮਣੇ ਆਉਂਦੀ ਹੈ ਉਹ ਹੈ ਇਨ੍ਹਾਂ 'ਚ ਭਾਸ਼ਾ ਦੀ ਵਰਤੋਂ ਬਹੁਤ ਵਧੀਆ ਢੰਗ ਨਾਲ ਤੇ ਸੁਚੇਤ ਹੋ ਕੇ ਕੀਤੀ ਗਈ ਹੈ, ਕਿਤੇ ਵੀ ਕੋਈ ਊਣ ਨਜ਼ਰ ਨਹੀਂ ਆਉਂਦੀ। ਦੂਸਰੇ, ਜਦੋਂ ਅਸੀਂ ਇਸ ਕਹਾਣੀ ਬਾਰੇ ਜਾਂ ਇਸ ਦੇ ਅੰਤ ਬਾਰੇ ਗੱਲ ਕਰਦੇ ਹਾਂ ਤਾਂ ਹਰ ਇਕ ਦਾ ਨਜ਼ਰੀਆ ਵੱਖ-ਵੱਖ ਹੋ ਸਕਦਾ। ਤਕਰੀਬਨ ਪਿਛਲੇ ਛੇ-ਸੱਤ ਦਹਾਕੇ ਪ੍ਰਗਤੀਵਾਦੀ ਨਜ਼ਰੀਆ ਪੰਜਾਬੀ ਸਾਹਿਤ 'ਚ ਭਾਰੂ ਰਿਹਾ ਹੈ, ਇਸ ਵਿਚਲੀਆਂ ਅੰਤਰ-ਦ੍ਰਿਸ਼ਟੀਆਂ ਅਜੇ ਵੀ ਸਾਡੀ ਸੋਚ ਦਾ ਹਿੱਸਾ ਹਨ, ਉਸ ਤੋਂ ਅਸੀਂ ਮੁਕਤ ਨਹੀਂ ਹੋ ਸਕਦੇ, ਉਹ ਕਿਸੇ ਨਾ ਕਿਸੇ ਰੂਪ ਵਿਚ ਅਜੇ ਵੀ ਸਾਡੀ ਸੋਚ ਸਾਡੇ ਸਾਹਿਤ ਦਾ ਹਿੱਸਾ ਬਣਿਆ ਹੋਇਆ ਹੈ। ਬਾਕੀ ਇਸ ਕਹਾਣੀ ਦੇ ਪਾਠ ਤੋਂ ਬਾਅਦ ਜੋ ਗੱਲ ਪ੍ਰਭਾਵਿਤ ਕਰਦੀ ਹੈ ਉਹ ਹੈ ਇਸ ਵਿਚਲੀ ਕਲਚਰਲ ਟੈਕਸਟ, ਉਹ ਬਹੁਤ ਵਧੀਆ ਹੈ, ਮਾਲਵੇ ਦੇ ਖਿੱਤੇ ਦੇ ਸਭਿਆਚਾਰ ਨੂੰ ਉਸੇ ਖਿੱਤੇ ਦੀ ਭਾਸ਼ਾ 'ਚ ਬਹੁਤ ਵਧੀਆਂ ਢੰਗ ਨਾਲ ਪੁਨਰ-ਸਿਰਜਿਤ ਕੀਤਾ ਗਿਆ ਹੈ। ਨਿੱਕੇ-ਨਿੱਕੇ ਵੇਰਵੇ, ਜਿਸ ਤਰ੍ਹਾਂ ਗੁਰਦਿਆਲ ਸਿੰਘ ਆਪਣੇ ਨਾਵਲਾਂ ਵਿਚ ਪੇਸ਼ ਕਰਦਾ ਹੈ, ਬਿਲਕੁਲ ਉਸੇ ਤਰ੍ਹਾਂ ਦੇ ਪੈਟਰਨ ਇਸ ਕਹਾਣੀ ਵਿਚ ਨਜ਼ਰ ਆਉਂਦੇ ਹਨ। ਇਹ ਨਿੱਕੇ ਨਿੱਕੇ ਵੇਰਵੇ ਸਿਰਫ਼ ਕਹਾਣੀ ਦੀ ਕਲਾਤਮਿਕਤਾ 'ਚ ਹੀ ਵਾਧਾ ਨਹੀਂ ਕਰਦੇ, ਸਗੋਂ ਇਸ ਦੇ ਅਰਥਾਂ ਨੂੰ ਵਿਸਥਾਰ ਵੀ ਦੇਂਦੇ ਹਨ, ਜਿਵੇਂ ਇਸ ਕਹਾਣੀ 'ਚ ਕੇਂਦਰੀ ਪਾਤਰ ਗੇਬੇ ਦਾ ਮੁੰਡੇ ਕਿੰਦੇ ਬਾਰੇ ਹੈ ਕਿ ਉਸ ਨੇ ਸੁੱਤੇ ਪਏ ਨੇ ਪਾਸਾ ਪਰਤਿਆਂ, ਫਿਰ ਪਾਸਾ ਪਰਤਿਆਂ। ਇਹ ਸਿਰਫ਼ ਸਥਿਤੀ ਦਾ ਵਰਨਣ ਨਹੀਂ ਸਗੋਂ ਇਕ ਕਲਾਤਮਕ ਮੈਟਾਫਰ ਵੀ ਹੈ ਕਿਉਂਕਿ ਕਿੰਦਾ ਨਵੀਂ ਪੀੜ੍ਹੀ ਦਾ ਪ੍ਰਤੀਨਿਧ ਹੈ, ਜੋ ਹੁਣ ਪਾਸਾ ਪਰਤ ਰਹੀ ਹੈ, ਸੁਚੇਤ ਹੋ ਰਹੀ ਹੈ, ਉਸ ਨੇ ਸੋਚਣਾ ਸ਼ੁਰੂ ਕਰ ਦਿੱਤਾ ਹੈ। ਇਹ ਸੋਚਣਾ ਤੇ ਸੁਚੇਤ ਹੋਣਾ ਹੀ ਅਸਲ ਵਿਚ ਮੁਕਤੀ ਦੇ ਰਾਹ ਪੈਣਾ ਹੈ। ਇਹ ਸੋਝੀ ਵੀ ਬਹੁ-ਪਰਤੀ ਹੈ। ਗੇਬੇ ਲਈ ਜ਼ਮੀਨ ਮਾਂ ਵਰਗੀ ਹੈ। ਜਿਸ ਨੂੰ ਵੇਚਣਾ ਮਿਹਣਾ ਹੈ। ਦੂਸਰੀ ਧਿਰ ਜਿਸ ਵਿਚ ਨਵੀਂ ਪੀੜ੍ਹੀ ਸ਼ਾਮਲ ਹੈ, ਉਸ ਦੇ ਮਨ ਵਿਚ ਜ਼ਮੀਨ ਪ੍ਰਤੀ ਕੋਈ ਅਜੇਹਾ ਬੰਧਨ ਨਹੀਂ, ਉਸ ਲਈ ਜ਼ਮੀਨ ਵੀ ਇਕ ਜਿਨਸ ਹੈ, ਜਿਨਸ ਜੋ ਮੰਡੀ ਦੀ ਵਸਤੂ ਹੈ, ਉਸ ਨੂੰ ਵੇਚਿਆ ਜਾ ਸਕਦਾ ਹੈ, ਜੇਕਰ ਇਸ ਨੂੰ ਵੇਚ ਕੇ ਕਰਜ਼ ਤੋਂ ਸੁਰਖਰੂ ਹੋ ਕੇ ਜ਼ਿੰਦਗੀ ਵਧੇਰੇ ਚੰਗੇ ਢੰਗ ਨਾਲ ਬਿਤਾਈ ਜਾ ਸਕਦੀ ਹੈ ਤਾਂ ਇਹ ਕੋਈ ਮਿਹਣਾ ਨਹੀਂ। ਛੋਟੀ ਮਾਲਕੀ ਵਾਲੀ ਖੇਤੀ ਬਹੁਤੀ ਵਾਰ

ਕਿਸਾਨੀ ਲਈ ਗ਼ੁਰਬਤ ਦਾ ਕਾਰਣ ਬਣਦੀ ਨਜ਼ਰ ਆਉਂਦੀ ਹੈ, ਕਿਉਂਕਿ ਕਿਸਾਨ ਖੇਤੀ ਤੋਂ ਬਿਨਾਂ ਕਿਸੇ ਹੋਰ ਧੰਦੇ/ਕਿਤੇ ਬਾਰੇ ਸੋਚਣ ਲਈ ਹੀ ਤਿਆਰ ਨਹੀਂ। ਇਹ ਪਰੰਪਰਾਗਤ ਮਾਨਸਿਕਤਾ ਕਿਸਾਨੀ ਜਾਂ ਇਸ ਧੰਦੇ ਨਾਲ ਨਾਲ ਜੁੜੇ ਲੋਕਾਂ ਦੇ ਪੈਰਾਂ ਦੀ ਬੇੜੀ ਬਣੀ ਹੋਈ ਹੈ। ਨਵੀਂ ਸੋਚ ਤੇ ਨਵੇਂ ਧੰਦੇ ਅਪਣਾ ਕੇ ਹੀ ਗੁਰਬਤ ਤੋਂ ਮੁਕਤੀ ਹਾਸਲ ਹੋ ਸਕਦੀ ਹੈ। ਇਹ ਅਰਥ ਵੀ ਇਸ ਟੈਕਸਟ ਵਿਚੋਂ ਉਭਰਦੇ ਹਨ। ਕੁਲ ਮਿਲਾ ਕੇ ਇਹ ਚੰਗੀ ਪੜ੍ਹਨਯੋਗ ਕਹਾਣੀ ਹੈ।

**ਡਾ. ਰਮਿੰਦਰ**: ਇਸ ਕਹਾਣੀ ਤੋਂ ਪਹਿਲਾਂ ਪ੍ਰੇਮ ਪ੍ਰਕਾਸ਼ ਦੀ ਵੀ ਇਕ ਕਹਾਣੀ ਇਸੇ ਨਾਂ ਵਾਲੀ ਹੈ, ਇਹ ਵੀ ਮੁਕਤੀ ਹੈ, ਪਰ ਦੋਵੇਂ ਵੱਖਰੀ ਭਾਂਤ ਦੀਆਂ ਕਹਾਣੀਆਂ ਹਨ। ਇਸ ਕਹਾਣੀ ਬਾਰੇ ਤਕਰੀਬਨ ਸਾਰੀਆਂ ਗੱਲਾਂ ਹੋ ਚੁਕੀਆਂ ਹਨ। ਮੈਨੂੰ ਇਸ ਕਹਾਣੀ ਦੇ ਕੇਂਦਰੀ ਪਾਤਰ ਗੇਬੇ ਦਾ ਇਹ ਸੰਵਾਦ ਕਿ 'ਹੁਣ ਸੱਦਿਆ ਸਰਦਾਰ ਨੇ' ਕਹਾਣੀ ਦੀ ਕੇਂਦਰੀ ਧੁਨੀ ਪ੍ਰਤੀਤ ਹੁੰਦਾ ਹੈ ਇਸ ਇਕ ਛੋਟੇ ਜਿਹੇ ਡਾਇਲੌਗ ਵਿਚੋਂ ਹੀ ਗੇਬੇ ਦਾ ਗੁੱਸਾ, ਰੋਹ, ਸ੍ਵੈ-ਮਾਨ ਤੇ ਵਿਰੋਧਤਾ ਸਭ ਕੁਝ ਪ੍ਰਗਟ ਹੋ ਜਾਂਦਾ ਹੈ। ਸਾਹਿਤ ਦੀ ਖ਼ੂਬਸੂਰਤੀ ਹੀ ਇਹ ਹੁੰਦੀ ਹੈ ਕਿ ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਵਿਚ ਕਿਸੇ ਸਥਿਤੀ ਜਾਂ ਪਾਤਰ ਦੀ ਮਾਨਸਿਕਤਾ ਨੂੰ ਸਿਰਫ਼ ਪ੍ਰਗਟਾਵੇ ਹੀ ਨਾ ਸਗੋਂ ਪਾਠਕ ਤੱਕ ਸੰਚਾਰਿਤ ਵੀ ਕਰੇ। ਇਸ ਪੱਖੋਂ ਇਸ ਕਹਾਣੀ ਦੀ ਭਾਸ਼ਾ ਵੀ ਸੰਚਾਰ ਪੱਖੋਂ ਬਹੁਤ ਵਧੀਆ ਹੈ। ਗੇਬੇ ਦੇ ਮਨ ਵਿਚਲਾ ਰੋਹ, ਗੁੱਸਾ, ਰੰਜ ਸਭ ਕੁਝ ਇਸ ਇਕ ਸੰਵਾਦ ਵਿਚੋਂ ਪ੍ਰਗਟ ਹੋ ਜਾਂਦਾ ਹੈ। ਉਸ ਦਾ ਇਹ ਵਿਰੋਧ ਉਦੋਂ ਸਿਖਰ 'ਤੇ ਪਹੁੰਚਦਾ ਹੈ ਜਦੋਂ ਉਸ ਨੂੰ ਸਰਦਾਰ ਦੁਆਰਾ ਆਪਣੇ ਨਾਲ ਕੀਤੀ ਚਲਾਕੀ ਤੇ ਜ਼ਿਆਦਤੀ ਤੇ ਸਰਦਾਰਨੀ ਦਾ ਵਿਤਕਰੇ ਵਾਲਾ ਵਤੀਰਾ ਉਸਦੇ ਸਾਹਮਣੇ ਆਉਂਦਾ ਹੈ। ਜ਼ਿੰਦਗੀ ਵਿਚਲੇ ਮਸਲਿਆਂ ਦਾ ਸ਼ਾਇਦ ਇਸ ਤਰ੍ਹਾਂ ਸਾਧਾਰਣੀਕਰਨ ਨਾ ਕੀਤਾ ਜਾ ਸਕੇ, ਪਰ ਕਹਾਣੀ ਵਿਚ ਨਵੀਂ ਪੀੜ੍ਹੀ ਆਪਣੇ ਵਿਅਕਤੀਗਤ ਯਤਨਾਂ ਨਾਲ ਮਸਲੇ ਹੱਲ ਕਰਨ ਵਿਚ ਸਫ਼ਲਤਾ ਹਾਸਲ ਕਰ ਲੈਂਦੀ ਹੈ ਤੇ ਨਵੀਂ ਪੀੜ੍ਹੀ ਦੀ ਸੋਝੀ ਹੀ ਇਸ ਮੁਕਤੀ ਲਈ ਆਧਾਰ ਬਣਦੀ ਹੈ।

**ਡਾ. ਜਨਮੀਤ**: ਕਹਾਣੀ ਬਾਰੇ ਤਕਰੀਬਨ ਸਾਰੀਆਂ ਗੱਲਾਂ ਹੋ ਗਈਆਂ ਜਿਵੇਂ ਕੁਲਵੰਤ ਤੇ ਬਾਕੀ ਦੋਸਤਾਂ ਨੇ ਕਿਹਾ ਕਿ ਕਹਾਣੀ ਮਾਲਵੇ ਦੇ ਖਿੱਤੇ ਤੇ ਡਾਇਲੈਕਟ ਨੂੰ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕਰਦੀ ਹੈ। ਲੇਖਕ ਦੀ ਵਿਸ਼ੇ 'ਤੇ ਪਕੜ ਨਿਭਾਅ, ਸਿਖਰ ਤੇ ਅੰਤ, ਜਿਸ ਨੂੰ ਮੁਕਤੀ ਕਿਹਾ ਗਿਆ ਹੈ। ਬਹੁਤੇ ਦੋਸਤਾਂ ਨੇ ਮਾਰਕਸਵਾਦੀ ਨਜ਼ਰੀਏ ਤੋਂ ਛੋਟੀ ਕਿਸਾਨੀ, ਦਲਿਤ, ਅੰਤਰ ਰਾਸ਼ਟਰੀ ਹਾਲਾਤ ਨਾਲ ਜੋੜ ਕੇ ਸਮਝਣ ਦਾ ਯਤਨ ਕੀਤਾ ਹੈ। ਮੇਰਾ ਖਿਆਲ ਹੈ ਬਹੁਤੀਆਂ ਗੱਲਾਂ ਉਹ ਹਨ ਜੋ ਕਹਾਣੀ ਵਿਚ ਨਹੀਂ ਹਨ, ਸਾਨੂੰ ਜੋ ਕਹਾਣੀ ਵਿਚ ਹੈ ਉਸ 'ਤੇ ਫੋਕਸ ਕਰਨਾ ਚਾਹੀਦਾ ਹੈ। ਰਮਿੰਦਰ ਹੋਰਾਂ ਨੇ ਪ੍ਰੇਮ ਪ੍ਰਕਾਸ਼ ਦੀ ਮੁਕਤੀ ਦਾ ਜ਼ਿਕਰ ਕੀਤਾ ਹੈ। ਉਹ ਤੁਹਾਨੂੰ ਲੱਗਦਾ ਹੈ ਕਿ ਮੁਕਤੀ ਹੈ ਜਾਂ ਨਹੀਂ। ਇਸੇ ਤਰ੍ਹਾਂ ਇਸ ਕਹਾਣੀ ਵਿਚ ਜਿਸ ਮੁਕਤੀ ਦਾ ਜ਼ਿਕਰ ਹੈ, ਉਹ ਹੈ ਜਾਂ ਨਹੀਂ। ਮੈਨੂੰ ਤਾਂ ਲਗਦਾ ਹੈ ਕਿ ਇਹ ਕਹਾਣੀ ਬਹੁਤ ਹੀ ਖ਼ੂਬਸੂਰਤ ਕਹਾਣੀ ਹੈ।

ਕਹਾਣੀ

# ਜਿਊਣ ਦਾ ਵੱਲ

**–ਵਿਪਨ ਗਿੱਲ**

ਆਸ ਦਾ ਭਰਿਆ ਬੱਦਲ ਇੱਕ ਟਾਪੂ ਤੋਂ ਉੱਠਦਾ, ਪੱਥਰਾਂ ਦੇ ਸ਼ਹਿਰ 'ਚ ਭਟਕਦਾ, ਗਲੀਆਂ ਕੋਨੇ ਛਾਣਦਾ ਤੇ ਨਿਰਾਸ਼ਾ ਦੇ ਖ਼ੂਹ 'ਚ ਵਰ੍ਹ ਕੇ ਖਾਲੀ ਪਰਤ ਆਉਂਦਾ।

ਜਦੋਂ ਦੀ 'ਉਹ' ਉਸਦੇ ਖ਼ਿਆਲਾਂ ਦੇ ਦਿਸਹੱਦਿਆਂ ਤੋਂ ਓਝਲ ਹੋਈ ਸੀ, ਪੱਥਰਾਂ ਦੇ ਸ਼ਹਿਰ 'ਚੋਂ ਹਮੇਸ਼ਾ ਉਹ ਖਾਲੀ ਪਰਤਿਆ ਸੀ।

ਜਦੋਂ ਵੀ ਉਸਦਾ ਚੰਡੀਗੜ੍ਹ ਆਉਣ ਦਾ ਸਬੱਬ ਬਣਦਾ... ਪੁਰਾਣੇ ਬੇਲੀਆਂ ਨਾਲ ਮਹਿਫ਼ਲ ਸੱਜਦੀ... ਤੀਜੇ ਚੌਥੇ ਪੈੱਗ ਤੋਂ ਬਾਅਦ 'ਝੱਲੀ' ਉਸਦੇ ਖ਼ਿਆਲਾਂ ਦੇ ਰੂ ਬ ਰੂ ਹੁੰਦੀ... ਉਸਦੀ ਬੇਚੈਨੀ ਵਧਦੀ... ਮਿੱਤਰਾਂ ਦੀਆਂ ਮੱਧਮ ਕਨਸੋਆਂ 'ਚ ਉਸਦੇ ਅੰਦਰ ਆਸ ਦੀ ਚਿਣਗ ਫੁੱਟਦੀ... ਉਹ ਉਹਨਾਂ ਤੋਂ ਜਾਣਕਾਰਾਂ ਦੇ ਨੰਬਰ ਲੈ ਕੇ ਫ਼ੋਨ ਮਿਲਾਉਂਦਾ

"ਹੈਲੋ ਮੈਂ ਸੁਰਜੀਤ ਬੋਲਦਾਂ... ਬਲਜੀਤ ਨੂੰ ਜਾਣਦੇ ਹੋ ਤੁਸੀਂ? ਹਾਂ.. ਉਹੀ... ਬਲਜੀਤ ਨਾਟਕ ਵਾਲੀ।"

ਬਹੁਤੀ ਵਾਰ ਜੁਆਬ ਨਾਂਹ 'ਚ ਮਿਲਦੇ ਪਰ ਕਦੇ-ਕਦੇ ਕੋਈ ਚੇਤਿਆਂ ਨੂੰ ਟਟੋਲ ਕੇ ਦੱਸਦਾ

"ਸੱਤ ਕੁ ਸਾਲ ਪਹਿਲਾਂ ਦੇਖਿਆ ਸੀ ਉਹਨੂੰ... ਫੇਂਗ ਸ਼ੂਈ ਦਾ ਸਮਾਨ ਵੇਚ ਰਹੀ ਸੀ... ਘਰੋ ਘਰ ਫਿਰ ਕੇ।"

ਕੋਈ ਮਜ਼ਾਕ 'ਚ ਕਹਿੰਦਾ, "ਬੜਾ ਚਿਰ ਪਹਿਲਾਂ ਦੇਖਿਆ ਸੀ... ਇੱਕ ਰੈਸਟੋਰੈਂਟ 'ਚ ਬੈਰ੍ਹਾਗਿਰੀ ਕਰ ਰਹੀ ਸੀ... ਗਾਹਕਾਂ ਤੋਂ ਆਰਡਰ ਲੈ ਰਹੀ ਸੀ।"

ਪਰ ਪਿਛਲੇ ਪੰਜ ਸਾਲਾਂ ਤੋਂ ਉਸਨੂੰ ਕਿਸੇ ਨੇ ਨਹੀਂ ਸੀ ਤੱਕਿਆ।

ਛੱਬੀ ਸਾਲ ਪਹਿਲਾਂ ਉਹਨਾਂ ਦੀ ਦੋਸਤੀ ਹੋਈ ਸੀ। ਲੱਗਭਗ ਸੋਲ੍ਹਾਂ ਸਾਲ ਉਹ ਇਕ ਦੂਜੇ ਦੇ ਸੰਪਰਕ 'ਚ ਰਹੇ। ਪਿਛਲੇ ਸੱਤ ਸਾਲਾਂ ਤੋਂ ਉਹ ਉਸਨੂੰ ਲੱਭ ਰਿਹਾ ਹੈ।

ਵਰ੍ਹਿਆਂ ਦੀਆਂ ਸਫ਼ਾਂ ਵਲੇਟਦਾ, ਉਹ ਅਕਸਰ ਅਤੀਤ ਦੀ ਉਸ ਸਫ਼ ਉੱਤੇ ਜਾ ਬੈਠਦਾ, ਜਿੱਥੇ ਉਹਨਾਂ ਦੀ ਤਾਜ਼ੀ-ਤਾਜ਼ੀ ਤੇ ਸੱਜਰੀ ਦੋਸਤੀ ਦੀਆਂ ਕਲਮਾਂ ਨੂੰ ਕੂਲ਼ੈ-ਕੂਲ਼ੇ ਪੁੰਗਾਰ ਫੁੱਟੇ ਸਨ।

ਉਹ ਕਵੀ ਸੀ ਤੇ ਉਸਦੀਆਂ ਕਵਿਤਾਵਾਂ ਅਖ਼ਬਾਰਾਂ ਤੇ ਮੈਗਜੀਨਾਂ ਵਿਚ ਛਪਦੀਆਂ ਸਨ। ਕਈ ਵਾਰ ਉਸਨੂੰ ਆਪਣੇ ਪਾਠਕਾਂ ਦੀਆਂ ਚਿੱਠੀਆਂ ਵੀ ਆਉਂਦੀਆਂ। ਉਹਨਾਂ ਚਿੱਠੀਆਂ ਲਿਖਣ ਵਾਲੇ ਪਾਠਕਾਂ 'ਚੋਂ ਬਲਜੀਤ ਬੱਲੀ ਨਾਂ ਦੀ ਇੱਕ ਕੁੜੀ ਵੀ ਸੀ।

ਤੇ ਫਿਰ ਸਬੱਬੀਂ ਉਹ ਉਸਨੂੰ ਅੰਮ੍ਰਿਤਸਰ 'ਚ ਹੋਏ ਇੱਕ ਸਾਹਿਤਕ ਪ੍ਰੋਗਰਾਮ ਦੌਰਾਨ ਮਿਲੀ। ਤੇ ਇੰਝ ਉਹਨਾਂ ਦੀ ਦੋਸਤੀ ਦੀ ਗੰਢ ਪੀਡੀ ਹੁੰਦੀ ਗਈ।

ਇਕ ਦਿਨ ਉਸਨੂੰ ਘਰ ਦੇ ਲੈਂਡਲਾਈਨ ਨੰਬਰ 'ਤੇ ਫ਼ੋਨ ਆਇਆ—

"ਹੈਲੋ ਸੁਰਜੀਤ... ਮੈਂ ਬਲਜੀਤ ਬੱਲੀ ਬੋਲ ਰਹੀ ਹਾਂ... ਅਗਲੇ ਸ਼ਨੀਵਾਰ ਕਲਾ ਭਵਨ 'ਚ ਮੇਰਾ ਨਾਟਕ ਹੈ... ਤੈਨੂੰ ਆਉਣਾ ਪੈਣਾ ਹੈ... ਜੇ ਤੂੰ ਨਾ ਆਇਆ ਤਾਂ ਮੈਂ ਸਟੇਜ

ਉੱਤੇ ਨਹੀਂ ਆਵਾਂਗੀ।"

ਉਹ ਬਲਜੀਤ ਬੱਲੀ ਨੂੰ ਹਮੇਸ਼ਾ 'ਝੱਲੀ' ਕਹਿ ਕਿ ਚਿੜਾਉਂਦਾ ਸੀ।

ਉਹ ਝੱਲੀ ਦੇ ਝੱਲ ਨੂੰ ਚੰਗੀ ਤਰ ਾਂ ਜਾਣਦਾ ਸੀ। ਸੋ ਨਾਂਹ ਕਰਨ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ।

ਅਗਲੇ ਸ਼ਨੀਵਾਰ ਉਹ ਕਲਾ ਭਵਨ ਵਿਚ ਮੂਹਰਲੀ ਕਤਾਰ 'ਚ ਬੈਠਾ ਸੀ ਤੇ ਗਾਰਗੀ ਦੇ ਨਾਟਕ 'ਲੋਹਾ ਕੁੱਟ' 'ਚ ਬੈਣੋ ਦਾ ਕਿਰਦਾਰ ਨਿਭਾਅ ਰਹੀ 'ਝੱਲੀ' ਦੇ ਮੁਕਾਲਮੇ 'ਤੇ ਤਾੜੀਆਂ ਮਾਰ ਕੇ ਉਸਦੀ ਹੌਸਲਾ ਅਫ਼ਜ਼ਾਈ ਕਰ ਰਿਹਾ ਸੀ।

ਉਸ ਦਿਨ ਉਸਨੂੰ ਪਹਿਲੀ ਵਾਰ ਪਤਾ ਲੱਗਾ ਸੀ ਕਿ 'ਝੱਲੀ' ਕਿੰਨੀ ਮੰਝੀ ਹੋਈ ਕਲਾਕਾਰ ਸੀ।

ਨਾਟਕ ਦੇ ਖ਼ਤਮ ਹੋਣ ਤੋਂ ਤੁਰੰਤ ਬਾਅਦ ਝੱਲੀ ਉਸਨੂੰ ਤਪਾਕ ਨਾਲ ਮਿਲੀ ਅਤੇ ਐਨ ਉਸੇ ਵੇਲੇ ਇਕ ਕਲਾਕਾਰ ਨੇ ਉਸਨੂੰ ਨਿਰਦੇਸ਼ਕ ਦਾ ਸੁਨੇਹਾ ਦਿੱਤਾ—

"ਬਲਜੀਤ... ਘਈ ਸਾਹਬ ਨੇ ਸਾਰੇ ਕਲਾਕਾਰਾਂ ਨੂੰ ਦੋ ਮਿੰਟ 'ਚ ਸਟੇਜ 'ਤੇ ਪਹੁੰਚਣ ਲਈ ਕਿਹਾ ਹੈ... ਕਲਾਕਾਰਾਂ ਦੀ ਜਾਣ-ਪਛਾਣ ਕਰਵਾਉਣੀ ਹੈ।"

"ਪਰ ਮੈਂ ਨਹੀਂ ਆ ਸਕਦੀ... ਉਹਨਾਂ ਨੂੰ ਕਹਿ ਦਿਉ... ਮੈਂ ਆਪਣੇ ਦੋਸਤ ਨਾਲ ਕੰਟੀਨ ਜਾ ਰਹੀ ਹਾਂ।"

ਤੇ ਉਹ ਉਸਦਾ ਹੱਥ ਫੜ ਕੇ ਕੰਟੀਨ ਵੱਲ ਤੁਰ ਪਈ ਸੀ...

ਇਹੋ ਜਿਹੀ ਸੀ... ਬਲਜੀਤ ਵੱਲੀ ਉਰਫ਼ 'ਝੱਲੀ'... ਬੇਪਰਵਾਹ... ਬੇਬਾਕ... ਦੋਸਤਾਂ ਨਾਲ ਅੜ ਨ ਤੇ ਖੜ ਨ ਵਾਲ਼ੀ... ਮਲੰਗਣੀ...

ਪਰ ਉਹ ਹਮੇਸ਼ਾ ਤੋਂ ਮਲੰਗਣੀ ਨਹੀਂ ਸੀ। ਕਾਨ੍ਹਪੁਰ 'ਚ ਉਸਦੇ ਪਿਉ ਦਾ ਲੱਖਾਂ ਦਾ ਕਾਰੋਬਾਰ ਸੀ। ਪਰ ਨਵੰਬਰ 84 'ਚ ਵਕਤ ਦੀ ਐਸੀ ਬਿੱਜ ਪਈ ਕਿ ਸਭ ਕੁਝ ਬਰਬਾਦ ਹੋ ਗਿਆ।

ਜਦੋਂ ਝੱਲੀ ਕਦੇ-ਕਦੇ ਬਹੁਤ ਉਦਾਸ ਹੋ ਜਾਂਦੀ ਤਾਂ ਦੱਸਦੀ ਕਿ ਕਾਨ੍ਹਪੁਰ ਦੇ ਜਿਸ ਮੁਹੱਲੇ 'ਚ ਉਹਨਾਂ ਦਾ ਘਰ ਸੀ, ਉੱਥੇ ਬਹੁਤੇ ਸਿੱਖ ਵੱਸਦੇ ਸਨ। ਜਦ ਵਹਿਸ਼ੀ ਹਜੂਮ ਉਹਨਾਂ ਦੇ ਮੁਹੱਲੇ 'ਚ ਆ ਕਿ ਲੁੱਟਮਾਰ ਤੇ ਵੱਢ-ਵੱਢਾਂਗਾ ਕਰ ਰਹੇ ਸਨ ਤਾਂ ਉਦੋਂ ਇੱਕ ਹਿੰਦੂ ਪਰਿਵਾਰ ਨੇ ਉਸਨੂੰ ਅਤੇ ਉਹਦੀ ਮਾਂ ਨੂੰ ਬਚਾਅ ਲਿਆ। ਪਰ ਉਸਦਾ ਪਿਉ ਵਹਿਸ਼ੀ ਹਜੂਮ ਦੀ ਮਾਰ ਤੋਂ ਬਚ ਨਾ ਸਕਿਆ ਤੇ ਹਜੂਮ ਵੱਲੋਂ ਸ਼ੋਅ ਰੂਮ ਨੂੰ ਲਾਈ ਅੱਗ ਵਿਚ ਹੀ ਸੜ ਕੇ ਸੁਆਹ ਹੋ ਗਿਆ।

ਜਦੋਂ ਮਹੌਲ ਥੋੜ ਾ ਜਿਹਾ ਸ਼ਾਂਤ ਹੋਇਆ ਤਾਂ ਦੋਵੇਂ ਮਾਵਾਂ-ਧੀਆਂ ਅੰਮ੍ਰਿਤਸਰ ਆ ਗਈਆਂ। ਇੱਥੇ ਝੱਲੀ ਦੇ ਦਾਦਕਿਆਂ ਦਾ ਘਰ ਸੀ। ਇੱਥੇ ਆ ਕਿ ਉਸਦੀ ਮਾਂ ਇਕ ਪ੍ਰਾਈਵੇਟ ਸਕੂਲ 'ਚ ਮਾਮੂਲੀ ਸਫ਼ਾਈ ਸੇਵਕਾ ਵਜੋਂ ਕੰਮ ਕਰਨ ਲੱਗੀ ਤੇ ਉਸਨੇ ਉਸੇ ਸਕੂਲ 'ਚ ਬਾਰ੍ਹਵੀਂ ਕੀਤੀ।

ਝੱਲੀ ਨੇ ਬਹੁਤ ਛੋਟੀ ਉਮਰ 'ਚ ਹੀ ਜ਼ਿੰਦਗੀ ਨਾਲ ਦੋ-ਚਾਰ ਹੋਣਾ ਸਿੱਖ ਲਿਆ ਸੀ। ਅੱਠਵੀਂ ਜਮਾਤ ਵਿਚ ਪੜ੍ਹਦਿਆਂ ਉਹ ਪਹਿਲੀ ਦੂਜੀ ਦੇ ਨਿਆਣਿਆਂ ਨੂੰ ਟਿਊਸ਼ਨ ਪੜ੍ਹਾ ਕੇ ਆਪਣੀਆਂ ਕਾਪੀਆਂ ਕਿਤਾਬਾਂ ਦਾ ਖਰਚਾ ਕੱਢ ਲੈਂਦੀ ਸੀ। ਬਾਰ੍ਹਵੀਂ ਜਮਾਤ ਵਿਚੋਂ ਮੈਰਿਟ 'ਚ ਆਉਣ ਕਰਕੇ ਉਸਨੂੰ ਯੂਨੀਵਰਸਿਟੀ 'ਚ ਦੰਗਾ ਪੀੜ ਤ ਕੋਟੇ ਵਿੱਚ ਦਾਖ਼ਲਾ ਮਿਲ ਗਿਆ

ਸੀ।

ਇਕ ਵਾਰ ਉਸਨੇ ਝੱਲੀ ਤੋਂ ਪੁੱਛਿਆ—

"ਚੰਡੀਗੜ੍ਹ ਤਾਂ ਬੜਾ ਮਹਿੰਗਾ ਸ਼ਹਿਰ ਹੈ। ਖਰਚੇ ਦੀ ਇੰਤਜ਼ਾਮ? ਮੇਰਾ ਮਤਲਬ ਕਿਵੇਂ ਹੁੰਦਾ?"

"ਫ਼ੀਸ ਦੀ ਜੁਗਾੜ ਇਕ ਭਲਾ ਬੰਦਾ ਕਰ ਦਿੰਦਾ ਹੈ। ਬਾਕੀ ਖਰਚੇ ਦਾ ਜੁਗਾੜ ਮੈਂ ਆਪੇ ਹੀ ਮਾੜਾ ਮੋਟਾ ਕਰ ਲੈਨੀ ਆਂ," ਝੱਲੀ ਨੇ ਗੰਭੀਰਤਾ ਨਾਲ ਜੁਆਬ ਦਿੰਦਿਆਂ ਦੱਸਿਆ ਸੀ... ਉਹ ਲਈ ਹੋਸਟਲ ਦਾ ਖਰਚਾ ਝੱਲਣਾ ਔਖਾ ਸੀ। ਇਸ ਲਈ ਸ਼ਹਿਰ ਤੋਂ ਬਾਹਰ ਇੱਕ ਕਲੋਨੀ ਵਿਚ ਆਪਣੇ ਵਰਗੀਆਂ ਦੋ ਕੁੜੀਆਂ ਨਾਲ ਕਿਰਾਏ ਦੇ ਕਮਰੇ 'ਚ ਰਹਿੰਦੀ ਸੀ।

ਇਕ ਦਿਨ ਲਹਿੰਦੇ ਚੇਤ ਦੀ ਕੋਸੀ ਜਿਹੀ ਦੁਪਹਿਰੇ, ਜਦੋਂ ਉਹ ਦੋਵੇਂ ਇਕ ਖੋਖ਼ੇ 'ਤੇ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ ਤਾਂ ਉਦੋਂ ਸੁਰਜੀਤ ਨੂੰ ਝੱਲੀ ਨੇ ਦੱਸਿਆ ਸੀ—

"ਯੂਨੀਵਰਸਿਟੀ ਤੋਂ ਬਾਅਦ ਮੈਂ ਦੋ ਤਿੰਨ ਘੰਟੇ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਲੈਂਦੀ ਹਾਂ। ਕਈ ਅਮੀਰਾਂ ਦੇ ਨਿਕੰਮੇ ਬੱਚੇ ਮੇਰੇ ਕੋਲੋਂ ਪ੍ਰੈਕਟੀਕਲ ਦੀਆਂ ਕਾਪੀਆਂ ਬਣਾ ਲੈਂਦੇ ਨੇ... ਇੰਝ ਗੁਜ਼ਾਰਾ ਤੁਰਿਆ ਰਹਿੰਦਾ।"

"ਪਰ ਹੁਣ ਤਾਂ ਬੱਚਿਆਂ ਦੇ ਪੇਪਰ ਹੋ ਰਹੇ ਨੇ। ਹੁਣ ਗੁਜ਼ਾਰਾ ਕਿਵੇਂ ਚੱਲਦਾ?"

ਝੱਲੀ ਨੇ ਝੱਟ ਆਪਣੇ ਬੈਗ 'ਚੋਂ ਤਹਿ ਕੀਤਾ ਰੁਮਾਲ ਕੱਢ ਕੇ ਉਸਦੇ ਹੱਥ 'ਚ ਫੜਾ ਦਿੱਤਾ। ਸੁਰਜੀਤ ਨੇ ਦੇਖਿਆ ਕਿ ਉਸ ਰੁਮਾਲ ਦੀ ਇਕ ਨੁੱਕਰ ਉੱਤੇ ਖ਼ੂਬਸੂਰਤ ਕਢਾਈ ਕੀਤੀ ਹੋਈ ਸੀ। ਉਹੋ ਜਿਹੇ ਕਿੰਨੇ ਹੀ ਰੁਮਾਲ ਉਸਦੇ ਬੈਗ 'ਚ ਪਏ ਸਨ। ਸੁਰਜੀਤ ਦੀ ਉਤਸੁਕਤਾ ਦੇਖ ਕਿ ਝੱਲੀ ਨੇ ਦੱਸਿਆ ਸੀ—

"ਇਨ੍ਹੀ ਦਿਨੀਂ ਮੈਂ ਰਾਤ ਨੂੰ ਬਾਰਾਂ ਵਜੇ ਤੱਕ ਪੰਜ ਚਿੱਟੇ ਰੁਮਾਲਾਂ 'ਤੇ ਕਢਾਈ ਕਰਦੀ ਹਾਂ ਤੇ ਆਪਣੇ ਜਾਣੂ ਦੋਸਤਾਂ ਨੂੰ ਖਰੀਦਣ ਲਈ ਪ੍ਰੇਰਦੀ ਹਾਂ, ਇੰਝ ਰੋਟੀ ਦਾ ਜੁਗਾੜ ਹੋ ਜਾਂਦਾ।

ਕਾਫ਼ੀ ਚਿਰ ਬਾਅਦ 'ਭਲੇ ਬੰਦੇ' ਦੀ ਫ਼ੀਸ ਦੇਣ ਵਾਲ਼ੀ ਗੁੰਝਲ ਵੀ ਖੁੱਲ ਗਈ ਸੀ, ਜਦੋਂ ਝੱਲੀ ਨੇ ਭੇਦ ਖੋਲਿ ਆ ਕਿ ਉਹ ਉਸ 'ਭਲੇ ਬੰਦੇ' ਨੂੰ ਫ਼ੀਸ ਬਦਲੇ ਆਪਣਾ ਜਿਸਮ ਦਿੰਦੀ ਸੀ। ਉਦੋਂ ਝੱਲੀ ਨੇ ਬੇਪ੍ਰਵਾਹੀ ਨਾਲ ਜੁਆਬ ਦਿੰਦਿਆਂ ਕਿਹਾ ਸੀ—

"ਪਰ ਮੈਨੂੰ ਕੋਈ ਪ੍ਰਵਾਹ ਨਹੀਂ... ਮੈਂ ਐਵੇਂ ਕਿਸੇ ਦਾ ਅਹਿਸਾਨ ਨਹੀਂ ਲੈ ਸਕਦੀ... ਮੈਨੂੰ ਮੁਫ਼ਤ 'ਚ ਕੁਝ ਨਹੀਂ ਚਾਹੀਦਾ। ਉਂਝ ਵੀ ਐਥੇ ਮੁਫ਼ਤ 'ਚ ਕੁਝ ਨਹੀਂ ਮਿਲਦਾ।"

ਝੱਲੀ ਖ਼ੂਬਸੂਰਤ ਸੀ, ਪਰ ਜ਼ਿੰਦਗੀ ਦੀਆਂ ਬੇਅੰਤ ਔਕੜਾਂ ਨੇ ਉਸਦੇ ਸੁਭਾਅ ਨੂੰ ਅੱਖੜ ਬਣਾ ਦਿੱਤਾ। ਉਸਦੀ ਸੂਰਤ ਸਭ ਨੂੰ ਆਪਣੇ ਵੱਲ ਖਿੱਚਦੀ, ਪਰ ਓਸਦੀ ਕੌੜੀ ਜ਼ਬਾਨ ਤੋਂ ਸਭ ਤ੍ਰਹਿ ਜਾਂਦੇ। ਝੱਲੀ ਨੂੰ 'ਸ਼ਿਕਾਰੀਆਂ' ਦੀਆਂ ਅੱਖਾਂ ਵਿਚ ਹੀ ਦੰਭ ਦਿਸਦਾ, ਜੋ ਉਸਦੇ ਜਿਸਮ ਦੇ ਆਰਪਾਰ ਹੋ ਜਾਂਦੀਆਂ। 'ਝੱਲੀ' ਇਸ ਦੋਗਲੇ ਸੰਸਾਰ ਦੀਆਂ ਚਾਲਾਂ ਨੂੰ ਚੰਗੀ ਤਰ ਾਂ ਜਾਣਦੀ ਸੀ। ਉਹ ਅਕਸਰ ਕਹਿੰਦੀ—

"ਇੱਥੇ ਕਿਸੇ ਮਾਂ ਚੋਦ 'ਚ... ਹਮਦਰਦੀ ਦਾ ਮਾਦਾ ਨਹੀਂ, ਮੇਰੀ ਮਾਂ ਇਹਨਾਂ ਜ਼ਾਲਮਾਂ ਤੋਂ ਮੈਨੂੰ ਕਿਨ ਾ ਕੁ ਚਿਰ ਬਚਾਉਂਦੀ? ਉਹ ਨਾ ਆਪ ਬਚ ਸਕੀ ਨਾ ਮੈਨੂੰ ਬਚਾਅ ਸਕੀ।"

ਪਰ ਸੁਰਜੀਤ ਉਸਨੂੰ ਮਿਤਰਾਂ ਵਰਗੀ ਮੁਹੱਬਤ ਕਰਦਾ ਸੀ। ਜਿੱਥੇ ਦੇਹਾਂ ਵਿਚੋਂ ਸੇਕ ਉੱਠਣ ਦੀ ਬਜਾਏ ਰੂਹਾਂ ਦਾ ਰੱਜ ਹੁੰਦਾ ਏ। ਘੰਟਿਆ ਬੱਧੀ ਹੁੰਦਾ ਵਾਰਤਾਲਾਪ ਰੂਹ ਨੂੰ ਹੋਰ ਨੇੜੇ

ਲੈ ਆਉਂਦਾ। ਇਹਨਾਂ ਸੁਖਦ ਪਲਾਂ 'ਚ ਉਹ ਕਦੇ-ਕਦੇ ਬਲਜੀਤ ਨੂੰ ਆਖਦਾ—

"ਝੱਲੀਏ, ਤੇਰੀ ਮਰਜ਼ੀ ਤੋਂ ਬਗ਼ੈਰ ਮੈਂ ਤੇਰੀ ਦੇਹ ਨੂੰ ਕਦੇ ਵੀ ਨਹੀਂ ਛੂਹ ਸਕਦਾ।"

ਇਹ ਸੁਣ ਕੇ ਬਲਜੀਤ ਉਦਾਸ ਹੋ ਜਾਂਦੀ ਤੇ ਆਖਦੀ—

"ਸੁਰਜੀਤ, ਇਸ ਸਿਉਂਕ ਖਾਧੇ ਜਿਸਮ 'ਚ ਜ਼ਹਿਰੀ ਨਾਗਾਂ ਨੇ ਖੁੱਡਾਂ ਬਣਾ ਲਈਆਂ ਨੇ। ਮੈਂ ਤੈਨੂੰ ਕਦੇ ਇਸਨੂੰ ਛੂਹਣ ਦੀ ਇਜਾਜ਼ਤ ਨਹੀਂ ਦਿਆਂਗੀ। ਏਸ ਜਿਸਮ ਦੇ ਸੁਦਾਗਰ ਤਾਂ ਕਈ ਤੁਰੇ ਫਿਰਦੇ। ਤੂੰ ਤਾਂ ਮੇਰੀ ਰੂਹ ਦੇ ਰੱਜ ਏਂ।"

ਝੱਲੀ ਨਿਡਰ ਸੀ। ਕਦੇ-ਕਦੇ ਸਮਾਜ ਵਿਚਲੇ ਜ਼ਹਿਰੀ ਸੱਪਾਂ ਨੂੰ ਉਹ ਪੂਛੋਂ ਫੜ ਕੇ ਰੁੱਡਾਂ 'ਚੋਂ ਬਾਹਰ ਕੱਢ, ਵਗਾਹ ਕੇ ਮਾਰਦੀ ਸੀ। ਸ਼ਾਇਦ ਉਸ ਕੋਲ ਕੋਈ ਸੰਜੀਵਨੀ ਬੂਟੀ ਸੀ ਜੋ ਜ਼ਹਿਰ 'ਤੇ ਕਾਟ ਕਰਦੀ ਸੀ।

ਮਾਮਲਾ ਯੂਨੀਵਰਸਿਟੀ ਦੀ ਇੱਕ ਵਿਦਿਆਰਥਣ ਦਾ ਸੀ, ਜੋ ਝੱਲੀ ਦੀ ਸੀਨੀਅਰ ਸੀ। ਯੂਨੀਵਰਸਿਟੀ ਦੇ ਡੀਨ ਨੇ ਉਸ ਕੁੜੀ ਨੂੰ ਡਰਾ ਕੇ ਸਰੀਰਿਕ ਸ਼ੋਸ਼ਣ ਕੀਤਾ ਸੀ। ਭਾਵੇਂ ਕੁਝ ਹੋਰ ਕੁੜੀਆਂ ਵੀ ਉਸ ਡੀਨ ਦੀ ਬਦਨੀਅਤੀ ਦਾ ਸ਼ਿਕਾਰ ਹੋਈਆਂ ਸਨ ਪਰ ਡਿਗਰੀ ਖਰਾਬ ਹੋਣ ਦੇ ਡਰ ਕਾਰਣ ਉਨ੍ਹਾਂ ਸਾਰੀਆਂ ਨੇ ਚੁੱਪ ਧਾਰੀ ਹੋਈ ਸੀ।

ਪਰ ਝੱਲੀ ਚੁੱਪ ਕਿਵੇਂ ਰਹਿੰਦੀ। ਉਹ ਨਿਡਰਤਾ ਨਾਲ ਉਸ ਪੀੜਤ ਕੁੜੀ ਸੰਗ ਜਾ ਖਲੋਤੀ। ਖ਼ੈਰ, ਇਸ ਮਾਮਲੇ ਨੂੰ ਦਬਾ ਲਿਆ ਗਿਆ ਪਰ ਝੱਲੀ ਨੂੰ ਖ਼ਮਿਆਜ਼ਾ ਭੁਗਤਣਾ ਪਿਆ। ਉਸਦੀ ਡਿਗਰੀ ਅਧੂਰੀ ਰਹਿ ਗਈ।

ਉਸ ਘਟਨਾ ਤੋਂ ਬਾਅਦ ਝੱਲੀ ਕੋਲ ਨਾਟਕ ਦਾ ਝੱਲ ਹੀ ਬਾਕੀ ਬਚਿਆ ਸੀ ਇਸ ਲਈ ਉਹ ਸਮਰਪਣ ਨਾਲ ਪੰਚਕੂਲਾ ਦੇ ਇਕ ਨਾਟਕ ਗਰੁੱਪ ਦਾ ਹਿੱਸਾ ਬਣ ਗਈ। ਉਸ ਨਾਟਕ ਗਰੁੱਪ ਦੇ ਸੰਚਾਲਕ ਨਾਟਕ ਪ੍ਰਤੀ ਸਮਰਪਿਤ ਇੱਕ ਪਤੀ ਪਤਨੀ ਜੋੜਾ ਸਨ। ਸ਼ੁਰੂ-ਸ਼ੁਰੂ 'ਚ ਝੱਲੀ ਇਸ ਨਾਟਕ ਗਰੁੱਪ ਦਾ ਹਿੱਸਾ ਬਣ ਕੇ ਬੜੀ ਖੁਸ਼ ਸੀ ਪਰ ਉਸਦੀ ਖੁਸ਼ੀ ਜ਼ਿਆਦਾ ਚਿਰ ਬਰਕਰਾਰ ਨਾ ਰਹਿ ਸਕੀ।

ਸਿਆਲ ਰੁੱਤ ਦੀ ਉਸ ਸ਼ਾਮ ਨੂੰ ਝੱਲੀ ਅਤੇ ਸੁਰਜੀਤ ਦੀ ਆਖਿਰੀ ਗੱਲਬਾਤ ਹੋਈ ਸੀ।

ਫ਼ੋਨ 'ਤੇ ਦੂਜੇ ਪਾਸੇ ਝੱਲੀ ਜ਼ਾਰ-ਜ਼ਾਰ ਰੋ ਰਹੀ ਸੀ।

ਸੁਰਜੀਤ ਨੇ ਝੱਲੀ ਨੂੰ ਇੰਝ ਪਹਿਲੀ ਵਾਰੀ ਢੇਰੀ ਢਾਏ ਦੇਖਿਆ ਸੀ।

ਝੱਲੀ ਵਾਰ-ਵਾਰ ਇੱਕੋ ਗੱਲ ਦੁਹਰਾ ਰਹੀ ਸੀ—

"ਸੁਰਜੀਤ, ਛੇਤੀ ਤੋਂ ਛੇਤੀ ਮੇਰੇ ਕੋਲ ਪਹੁੰਚ ਜਾ। ਮੈਨੂੰ ਅੱਜ ਤੇਰੀ ਬੜੀ ਲੋੜ ਹੈ।"

ਪਰ ਕੁਦਰਤ ਨੇ ਸੁਰਜੀਤ ਨੂੰ ਇਕ ਅਜੀਬੋ ਗਰੀਬ ਸਥਿਤੀ 'ਚ ਪਾਇਆ ਹੋਇਆ ਸੀ, ਕਿਉਂਕਿ ਉਸ ਦਿਨ ਉਸ ਦਾ ਕੈਂਸਰ ਪੀੜਤ ਪਿਤਾ ਹਸਪਤਾਲ 'ਚ ਜ਼ਿੰਦਗੀ ਦੇ ਆਖ਼ਿਰੀ ਸਾਹ ਗਿਣ ਰਿਹਾ ਸੀ। ਜਦੋਂ ਸੁਰਜੀਤ ਨੇ ਝੱਲੀ ਨੂੰ ਆਪਣੀ ਮਜਬੂਰੀ ਦੱਸੀ ਤਾਂ ਝੱਲੀ ਨੇ ਆਪਣਾ ਫ਼ੋਨ, 'ਅੱਛਾ, ਠੀਕ ਹੈ', ਕਹਿ ਕੇ ਬੰਦ ਕਰ ਦਿੱਤਾ।

ਉਸ ਦਿਨ ਤੋਂ ਬਾਅਦ ਸੁਰਜੀਤ ਲਈ ਜਿਵੇਂ ਝੱਲੀ ਦਾ ਫ਼ੋਨ ਹਮੇਸ਼ਾ ਲਈ ਬੰਦ ਹੋ ਗਿਆ ਹੋਵੇ। ਮੁੜ ਦੋਵਾਂ ਦਾ ਕਦੇ ਰਾਬਤਾ ਨਹੀਂ ਹੋ ਸਕਿਆ।

ਉਸ ਦਿਨ ਤੋਂ ਬਾਅਦ ਝੱਲੀ ਉਸ ਤੋਂ ਹੱਥ ਛੁਡਾ ਕੇ ਇਸ ਵਿਸ਼ਾਲ ਦੁਨੀਆ 'ਚ ਕਿਧਰੇ

ਗੁਆਚ ਗਈ ਸੀ।

ਵਾਰ-ਵਾਰ ਇਸਰਾਰ ਕਰਨ 'ਤੇ ਨਾਟਕ ਗਰੁੱਪ ਦੇ ਸੰਚਾਲਕ ਨੇ ਉਸ ਦਿਨ ਹੋਈ ਘਟਨਾ ਬਾਰੇ ਦੱਸਿਆ ਸੀ ਕਿ ਉਸ ਦਿਨ ਕਿਵੇਂ ਸੰਚਾਲਕ ਦੀ ਬੀਵੀ ਝੱਲੀ 'ਤੇ ਬੁਰੀ ਤਰ ਾਂ ਝਪਟ ਪਈ ਸੀ। ਉਸਨੇ ਸੁਰਜੀਤ ਨੂੰ ਦੱਸਿਆ—

"ਮੇਰੀ ਬੀਵੀ ਚਾਹੁੰਦੀ ਸੀ ਕਿ ਮੈਂ ਹਰ ਨਾਟਕ 'ਚ ਔਰਤ ਦਾ ਲੀਡ ਰੋਲ ਉਹਨੂੰ ਦੇਵਾਂ ਪਰ ਬਲਜੀਤ ਬੱਲੀ ਉਹਦੇ ਨਾਲੋਂ ਕਿਤੇ ਵੱਧ ਟੈਲੈਂਟਿਡ ਸੀ। ਇਸ ਕਰਕੇ ਲੀਡ ਰੋਲ ਮੈਂ ਉਸਨੂੰ ਦੇ ਦਿੰਦਾ ਸੀ। ਇਸੇ ਗੱਲ ਤੋਂ ਮੇਰੀ ਬੀਵੀ ਉਸ ਨਾਲ ਈਰਖਾ ਕਰਦੀ ਸੀ। ਇਸੇ ਕਰਕੇ ਈਰਖਾ ਵੱਸ ਇਕ ਦਿਨ ਉਸਨੇ ਝੱਲੀ ਨੂੰ ਧੱਕੇ ਮਾਰ ਕੇ ਅਕਾਮਦਮੀ 'ਚੋਂ ਬਾਹਰ ਕੱਢ ਦਿੱਤਾ ਸੀ। ਅਫ਼ਸੋਸ! ਮੈ ਕੁਝ ਨਹੀਂ ਕਰ ਸਕਿਆ।"

ਉਸ ਦਿਨ ਦੀ ਘਟਨਾ ਤੋਂ ਬਾਅਦ ਝੱਲੀ ਫਿਰ ਕਦੇ ਉਨ ਾਂ ਦੀ ਨਾਟਕ ਅਕੈਡਮੀ 'ਚ ਨਹੀਂ ਸੀ ਗਈ।

ਉਸ ਦਿਨ ਦੀ ਘਟਨਾ ਤੋਂ ਬਾਅਦ ਝੱਲੀ ਨੇ ਨਾਟਕ ਵੱਲੋਂ ਮੂੰਹ ਫੇਰ ਲਿਆ।

ਫੇਂਗ ਸੂਈ ਅਤੇ ਵੇਟਰਸ ਵਰਗੇ ਨਿੱਕੇ ਮੋਟੇ ਕੰਮ ਉਸਨੇ ਬਾਅਦ 'ਚ ਕੀਤੇ ਸਨ।

"ਤੈਨੂੰ ਬਲਜੀਤ ਬਾਰੇ ਕੁਝ ਪਤਾ? ਕਿੱਥੇ ਹੈ, ਅੱਜਕੱਲ?" ਇਹ ਸੁਆਲ ਸੁਰਜੀਤ ਨੇ ਆਪਣੀ ਜਾਣ-ਪਛਾਣ ਵਾਲੀ ਇੱਕ ਕਵਿਤਰੀ ਨੂੰ ਉਸ ਵੇਲੇ ਪੁੱਛਿਆ ਸੀ, ਜਦੋਂ ਉਹ ਦੋਵੇਂ ਜਿਸਮਾਂ ਦੀ ਖੇਡ 'ਚ ਚਰਮ ਸੀਮਾ 'ਤੇ ਪੁੱਜੇ ਹੋਏ ਸਨ। ਪਤਾ ਨਹੀਂ, ਉਸ ਵੇਲੇ ਸੁਰਜੀਤ ਨੂੰ ਬਲਜੀਤ ਦਾ ਖਿਆਲ ਕਿਵੇਂ ਆ ਗਿਆ ਸੀ?

"ਕੌਣ ਬਲਜੀਤ? ਅੱਛਾ... ਦੈਟ ਬਿੱਚ... ਹਾ ਹਾ! ਬਲੱਡੀ ਪਰੌਸਟੀਚਿਊਟ ਸਾਲੀ...", ਉਸ ਕਵਿਤਰੀ ਨੇ ਹਿਕਾਰਤ ਭਰੀ ਜ਼ੁਬਾਨ 'ਚ ਜੁਆਬ ਦਿੱਤਾ।

"ਤੇ ਤੂੰ ਕੀ ਏਂ? ਮੇਰੇ ਕੋਲੋਂ ਆਪਣੀ ਕਿਤਾਬ ਦੀ ਭੂਮਿਕਾ ਲਿਖਾਉਣ ਖਾਤਿਰ ਮੇਰੇ ਨਾਲ ਸੌਣ ਲਈ ਤਿਆਰ ਹੋ ਗਈ ਏਂ", ਸੁਰਜੀਤ ਨੇ ਇੱਕ ਝਟਕੇ ਨਾਲ ਉਸ ਕਵਿਤਰੀ ਕੋਲੋਂ ਵੱਖ ਹੁੰਦਿਆਂ ਕਿਹਾ।

ਉਸਦੇ ਗੁੱਸੇ ਤੋਂ ਡਰਦੀ ਉਹ ਕਵਿਤਰੀ ਝੱਟਪੱਟ ਆਪਣਾ ਸਮਾਨ ਸਮੇਟ ਕੇ ਕਮਰੇ 'ਚੋਂ ਚਲੀ ਗਈ ਸੀ।

ਉਸ ਰਾਤ ਉਹ ਦੇਰ ਰਾਤ ਤਕ ਪੀਂਦਾ ਰਿਹਾ ਤੇ ਸੁੱਤਾ ਹੋਇਆ ਵੀ ਬਲਜੀਤ ਦਾ ਨਾਂ ਲੈ ਕੇ ਬੁੜਬੁੜਾਉਂਦਾ ਰਿਹਾ।

"ਯਾਰ, ਉਹ ਕਿਤੇ ਮਰ ਖਪ ਗਈ ਹੋਣੀ ਆਂ। ਇਹ ਕੁਰੱਪਟ ਸਿਸਟਮ ਦਲੇਰ ਬੀਬੀਆਂ ਨੂੰ ਕਿੱਥੇ ਜਿਊਂਦਾ ਰਹਿਣ ਦਿੰਦਾ", ਉਸਦਾ ਇੱਕ ਕਾਮਰੇਡ ਮਿੱਤਰ ਕਦੇ-ਕਦੇ ਖਿਝ ਕੇ ਕਹਿੰਦਾ ਹੈ। ਪਰ ਉਸਨੂੰ ਯਕੀਨ ਹੈ ਕਿ ਕੁਦਰਤ ਦੀ ਇਸ ਵਿਸ਼ਾਲ ਕਾਇਨਾਤ 'ਚ ਧਰਤੀ ਦੇ ਕਿਸੇ ਕੋਨੇ ਝੱਲੀ ਮੌਜੂਦ ਹੈ।

ਕਦੇ-ਕਦੇ ਉਹ ਰਾਤ ਵੇਲੇ ਟਿਕਟਿਕੀ ਲਾ ਕੇ ਅਸਮਾਨ 'ਚ ਤਾਰਿਆਂ ਨੂੰ ਦੇਖਦਾ ਹੈ। ਉਸਨੂੰ ਜਾਪਦਾ ਹੈ, ਜਿਵੇਂ ਤਾਰੇ ਉਸ ਨਾਲ ਲੁਕਣਮੀਟੀ ਖੇਡ ਰਹੇ ਹੋਣ। ਕਿਉਂਕਿ ਪਲ ਝਪਕਦਿਆਂ ਹੀ ਤਾਰੇ ਉਸਦੀਆਂ ਨਜ਼ਰਾਂ ਤੋਂ ਓਝਲ ਹੋ ਜਾਂਦੇ ਹਨ... ਜਿਵੇਂ ਗਵਾਚ ਗਏ ਹੋਣ।

ਤਾਰੇ ਕਦੇ ਗਵਾਚਦੇ ਨੇ? ਫਿਰ ਝੱਲੀ ਕਿਵੇਂ ਗਵਾਚ ਸਕਦੀ ਏ। ਮੈਂ ਤਾਂ ਜਿਊਣ ਦਾ

ਵੱਲ ਉਸ ਕੋਲੋਂ ਸਿਖਣਾ ਚਾਹੁੰਦਾ ਸੀ। ਉਹ ਆਪਣੇ ਮਨ ਨੂੰ ਸਮਝਾਉਂਦਾ ਹੈ।

ਉਸਨੂੰ ਜਿਊਣ ਦਾ ਵੱਲ ਸੀ। ਕਾਸ਼! ਮੈਂ ਵੀ ਉਸ ਵਾਂਗ ਜਿਊਣ ਦਾ ਵੱਲ ਸਿੱਖ ਲੈਂਦਾ ਤਾਂ ਬੇਕਰਾਰੀ ਦੀ ਅੱਗ 'ਚ ਸੜ ਨਾ ਰਿਹਾ ਹੁੰਦਾ।

## ਕਹਾਣੀ: ਜਿਊਣ ਦਾ ਵੱਲ - ਵਿਚਾਰ-ਚਰਚਾ

**ਹਰਭਜਨ ਢਿਲੋਂ**: ਕਹਾਣੀ ਪੜ੍ਹੀ ਤੇ ਸੁਣੀ। ਚੰਗਾ ਲੱਗਾ ਕਿ ਕਹਾਣੀ ਜਿਊਣ ਦੇ ਵੱਲ ਦੀ ਗੱਲ ਕਰਦੀ ਹੈ। ਕਹਾਣੀ ਵਿਚ ਕੁੜੀ ਦੇ ਪੈਰ ਦਾ ਲੰਗੜਾ ਜ਼ਿੰਦਗੀ ਦੇ ਲੰਗੜਾ ਦਾ ਪ੍ਰਤੀਕ ਹੈ। ਚਾਹੇ ਚੌਰਾਸੀ ਦੇ ਦੰਗਿਆਂ ਕਾਰਨ ਜਾਂ ਉਸ ਤੋਂ ਬਾਦ ਦੇ ਹਾਲਾਤ ਹੋਣ, ਇਹ ਉਸਨੂੰ ਨਾਰਮਲ ਜ਼ਿੰਦਗੀ ਜਿਊਣ ਨਹੀਂ ਦੇਂਦੇ। ਸਵਾਲ ਇਹ ਵੀ ਹੈ ਕਿ ਕੀ ਹਰ ਤਰਾਂ ਦੀਆਂ ਹਾਲਤਾਂ ਵਿਚ ਅਸੀਂ ਸਾਂਵਾਂ ਪੱਧਰਾ ਜੀਅ ਸਕਦੇ ਹਾਂ! ਕਹਾਣੀਕਾਰਾ ਨੇ ਇਕ ਵਿਸ਼ੇਸ਼ਣ ਵਰਤਿਆ ਹੈ 'ਦਲੇਰ ਬੀਬੀਆਂ'। ਦਲੇਰ ਬੀਬੀਆਂ ਫੇਰ ਹਾਲਾਤ ਨਾਲ ਸਮਝੌਤੇ ਨਹੀਂ ਕਰਦੀਆਂ। ਸਥਿਤੀਆਂ ਨੂੰ ਸਮਝਣ, ਉਨ੍ਹਾਂ ਨਾਲ ਨਜਿੱਠਣ ਅਤੇ ਦੂਸਰੇ ਦੀ ਸਥਿਤੀ ਸਮਝਣ ਨਾਲ ਜ਼ਿੰਦਗੀ ਚੱਲਣੀ ਹੈ। ਮੈਂ ਵਾਸਤਵਿਕ ਜੀਵਨ ਵਿਚ ਐਸੀਆਂ ਕਈ ਬੀਬੀਆਂ ਨੂੰ ਜਾਣਦਾਂ, ਜਿਹੜੀਆਂ ਸਨ ਤਾਂ ਬੜੀਆਂ ਦਲੇਰ, ਪਰੰਤੂ ਅਖੀਰ ਵਿਚ ਆ ਕੇ ਐਸੀਆਂ ਟੁੱਟੀਆਂ ਕਿ ਟੁਰਨਾ ਤਾਂ ਕੀ ਸੀ, ਖਲੋਣ ਜੋਗੀਆਂ ਵੀ ਨਹੀਂ ਰਹੀਆਂ। ਇਸ ਕਹਾਣੀ ਦੀ ਨਾਇਕਾ ਤਾਂ ਅਲੋਪ ਹੀ ਹੋ ਗਈ, ਪਤਾ ਹੀ ਨਹੀਂ ਕਿੱਥੇ ਚਲੀ ਗਈ! ਕਹਾਣੀ ਵਿਚ ਇਕ ਵਾਕ ਹੈ: 'ਜਦੋਂ ਉਹ ਦੋਵੇਂ ਜਿਸਮਾਂ ਦੀ ਖੇਡ 'ਚ ਚਰਮ ਸੀਮਾ 'ਤੇ ਪੁੱਜੇ ਹੋਏ ਸਨ, ਪਤਾ ਨਹੀਂ, ਉਸ ਵੇਲੇ ਸੁਰਜੀਤ ਨੂੰ ਬਲਜੀਤ ਦਾ ਖਿਆਲ ਕਿਵੇਂ ਆ ਗਿਆ ਸੀ!' ਇਹ ਸ਼ਾਇਦ ਓਸ਼ੋ ਦੀ ਕਿਤਾਬ ਸੰਭੋਗ ਤੇ ਸਮਾਧੀ ਵੱਲ ਇਕ ਇਸ਼ਾਰਾ ਹੈ, ਕਿ ਇਹ ਬੰਦਾ ਸਮਾਧੀ ਵਿਚ ਸ਼ਾਇਦ ਉਹਦੇ ਨਾਲ ਜੁੜਨਾ ਚਾਹੁੰਦਾ ਹੈ, ਜਦੋਂ ਕਿ ਉਹ ਲੱਭ ਹੀ ਨਹੀਂ ਰਹੀ। ਕੁੜੀ ਦੇ ਗਾਇਬ ਹੋ ਜਾਣ ਤੋਂ ਬਾਦ ਤਾਂ ਜਾਪਦੈ ਕਿ ਰਿਸ਼ਤਾ ਮੁੰਡੇ ਵਲੋਂ ਇਕਪਾਸੜ ਹੀ ਰਹਿ ਗਿਆ ਹੈ, ਤੇ ਇਕਪਾਸੜ ਰਿਸ਼ਤਾ ਬਹੁਤੀ ਦੇਰ ਤੱਕ ਚਲਦਾ ਨਹੀਂ ਹੁੰਦਾ। ਉਧਰੋਂ ਕੁੜੀ ਦਾ ਅਸਤਿਤਵ ਬਣਦਾ-ਬਣਦਾ ਇਸ ਹੱਦ ਤੱਕ ਪਹੁੰਚ ਗਿਆ ਕਿ ਉਹ ਗਾਇਬ ਹੀ ਹੋ ਗਈ!

**ਸੁਕੀਰਤ**: ਮੈਨੂੰ ਵਿਪਿਨ ਗਿੱਲ ਦੀਆਂ ਕਹਾਣੀਆਂ ਇਸ ਕਰਕੇ ਚੰਗੀਆਂ ਲਗਦੀਆਂ ਨੇ ਕਿ ਉਸ ਵਿਚ ਭਾਸ਼ਾ ਦੀ ਸਮਰਥਾ ਹੈ, ਸਹਿਜਤਾ ਵੀ ਹੈ ਅਤੇ ਜਿਸ ਤਰ੍ਹਾਂ ਉਹ ਜ਼ੁਬਾਨ ਨੂੰ ਵਰਤਦੀ ਹੈ, ਉਹ ਕਾਬਿਲ-ਏ-ਤਾਰੀਫ ਹੈ। ਜਿਵੇਂ ਉਹ ਆਪਣੇ ਪਾਤਰਾਂ ਦਾ ਮਨੋਵਿਗਿਆਨਕ ਵਿਕਾਸ ਵਿਖਾਂਦੀ ਹੈ, ਜਾਂ ਜਿਨ੍ਹਾਂ ਨਤੀਜਿਆਂ 'ਤੇ ਉਹ ਪਹੁੰਚਦੀ ਹੈ, ਉਹ ਵੀ ਸਭ ਸਹਿਜ ਤਰੀਕੇ ਨਾਲ ਵਾਪਰਦਾ ਹੈ। ਪਰੰਤੂ ਹਥਲੀ ਕਹਾਣੀ ਵਿਚ ਮੈਨੂੰ ਸਮਝ ਨਹੀਂ ਪੈਂਦੀ ਕਿ ਪਾਤਰ ਇੰਝ ਦਾ ਕਿਉਂ ਹੋ ਗਿਆ! ਇਕ ਕੁੜੀ ਹੈ, ਜਿਹੜੀ ਆਪਣੀ ਜ਼ਿੰਦਗੀ ਆਪਣੀਆਂ ਸ਼ਰਤਾਂ 'ਤੇ ਜਿਊਣ ਲਈ ਰੁਮਾਲ ਵੀ ਕੱਢ ਰਹੀ ਹੈ, ਟਿਊਸ਼ਨਾਂ ਵੀ ਪੜ੍ਹਾ ਰਹੀ ਹੈ, ਤੇ ਨਾਲ ਹੀ ਕਿਸੇ ਬੰਦੇ ਨਾਲ ਸੌਂ ਵੀ ਰਹੀ ਹੈ। ਇਹ ਕੁੜੀ ਜਿਸਨੂੰ ਕਿਸੇ ਕਿਸਮ ਦਾ ਪਛਤਾਵਾ ਨਹੀਂ, ਅਪਰਾਧ ਬੋਧ ਨਹੀਂ। ਤੇ ਹੋਣਾ ਵੀ ਨਹੀਂ ਚਾਹੀਦਾ, ਇਹ ਉਸਦਾ ਫੈਸਲਾ ਹੈ ਕਿ ਆਪਣੇ ਜਿਸਮ ਨਾਲ ਉਸਨੇ ਕੀ ਕਰਨਾ। ਉਹਦਾ ਸਾਰਾ ਧਿਆਨ ਨਾਟਕ ਕਰਨ ਵੱਲ ਹੈ। ਪਰ ਇਕ ਨਿੱਕੀ ਜਿਹੀ ਗੱਲ ਉੱਤੇ

ਉਹ ਸਾਰਾ ਕੁਝ ਛੱਡ ਕੇ ਗਾਇਬ ਹੋ ਜਾਂਦੀ ਹੈ। ਇਹ ਗੜਬੜ ਵਾਲੀ ਗੱਲ ਲਗਦੀ ਹੈ। ਇਸ ਘਟਨਾ ਤੋਂ ਬਾਦ ਜਦੋਂ ਉਹ ਫੋਨ ਕਰਦੀ ਹੈ ਤਾਂ ਜ਼ਾਰ ਜ਼ਾਰ ਰੋ ਰਹੀ ਹੁੰਦੀ ਹੈ। ਇਸ ਕਿਰਦਾਰ ਵਾਲੀ ਕੁੜੀ ਲਈ ਜ਼ਾਰ ਜ਼ਾਰ ਰੋਣਾ ਵੀ ਸੁਭਾਵਕ ਨਹੀਂ ਲਗਦਾ। ਫੇਰ ਉਸ ਮੁੰਡੇ ਵਲੋਂ ਦਿੱਤਾ ਗਿਆ ਬਿਲਕੁਲ ਜਾਇਜ਼ ਕਾਰਨ ਕਿ ਉਸਦਾ ਪਿਤਾ ਕੈਂਸਰ ਨਾਲ ਪੀੜਤ ਹੈ, ਉਹ ਵੀ ਉਸਨੂੰ ਸਮਝ ਨਹੀਂ ਆਉਂਦਾ! ਕਹਾਣੀ ਦੀ ਇਹ ਕਿਰਦਾਰ ਬਹੁਤ ਹੀ ਕਨਫਿਊਜ਼ ਲਗਦੀ ਹੈ। ਕਹਾਣੀ ਵਿਚ ਰੌਚਕਤਾ ਅਤੇ ਭਾਸ਼ਾ ਦੀ ਸਮਰਥਾ ਤਾਂ ਹੈ, ਪਰੰਤੂ ਪਲਾਟ ਦੇ ਪੱਖੋਂ ਘੜੀ ਹੋਈ ਕਹਾਣੀ ਲਗਦੀ ਹੈ। ਕਹਾਣੀ ਜਿਊਣ ਦੇ ਵੱਲ ਬਾਰੇ ਤਾਂ ਨਹੀਂ ਹੈ। ਉਸ ਕੁੜੀ ਕੋਲ ਕਿਹੜਾ ਜਿਊਣ ਦਾ ਵੱਲ ਸੀ? ਮੈਂ ਜੇ ਉਹ ਮਰਦ ਪਾਤਰ ਹੁੰਦਾ ਤਾਂ ਮੈਂ ਤਾਂ ਕਹਿੰਦਾ ਕਿ ਉਸ ਕੁੜੀ ਨੂੰ ਜਿਊਣ ਦਾ ਵੱਲ ਬਿਲਕੁਲ ਨਹੀਂ, ਕਾਸ਼ ਮੈਂ ਉਸਨੂੰ ਜਿਊਣ ਦਾ ਵੱਲ ਸਿਖਾ ਕੇ ਬਚਾ ਲਿਆ ਹੁੰਦਾ! ਅਖੀਰ ਵਿਚ ਮੈਂ ਤੁਹਾਡਾ ਧਿਆਨ ਕੁਝ ਲਫਜ਼ਾਂ ਦੇ ਪੈਰ ਵਿਚ ਵਾਧੂ ਬਿੰਦੀ ਵੱਲ ਦਿਵਾਣਾ ਚਾਹਾਂਗਾ। ਬਿੰਦੀ ਨਾ ਲਫਜ਼ ਹਜੂਮ ਹੁੰਦਾ, ਹਜ਼ੂਮ ਨਹੀਂ, ਮਜਬੂਰੀ ਹੁੰਦਾ, ਮਜ਼ਬੂਰੀ ਨਹੀਂ, ਤਜਰਬਾ ਹੁੰਦਾ, ਤਜ਼ਰਬਾ ਨਹੀਂ।

**ਆਤਮ ਰੰਧਾਵਾ**: ਗਿੱਲ ਨੇ ਪਾਤਰ ਨੂੰ ਚਿਤਰਣ ਵੇਲੇ ਪੈਰਾਡੌਕਸੀਕਲ ਜੁਗਤ ਅਪਨਾਈ ਹੈ। ਪੁੰਨ ਤੇ ਪਾਪ, ਚੰਗਿਆਈ ਤੇ ਬੁਰਿਆਈ। ਇਕ ਪਾਸੇ ਤਾਂ ਉਹ ਕਿਸੇ ਨੂੰ ਆਪਣੀ ਮਰਜ਼ੀ ਤੋਂ ਬਗੈਰ ਹੱਥ ਨਹੀਂ ਲਾਉਣ ਦੇਂਦੀ, ਪਰ ਦੂਜੇ ਪਾਸਿਓਂ ਫੀਸਾਂ ਦੇਣ ਲਈ ਜਿਸਮ ਵੇਚਦੀ ਵੀ ਹੈ। ਨਾਲ ਹੀ ਉਹ ਗੁਜ਼ਾਰਾ ਕਰਨ ਲਈ ਰੁਮਾਲ ਕੱਢਣ ਵੇਚਣ ਵਰਗੀ ਮਿਹਨਤ ਵੀ ਕਰਦੀ ਹੈ। ਉਹ ਦਲੇਰ ਵੀ ਦਿਸਦੀ ਹੈ, ਪਰ ਨਿੱਕੀ ਜਿਹੀ ਗੱਲ ਤੋਂ ਉਹ ਢੇਰੀਢਾਹ ਕੇ ਬਹਿ ਜਾਂਦੀ ਹੈ।

**ਪਰਮਜੀਤ ਸਿੰਘ ਮਾਨ**: ਗੈਰਰਸਮੀ ਤੌਰ 'ਤੇ ਅਸੀਂ ਗੱਲ ਕਰ ਰਹੇ ਸੀ ਕਿ ਕਹਾਣੀਕਾਰ ਨੂੰ ਅੰਕੜਿਆਂ ਵਿਚ ਨਹੀਂ ਪੈਣਾ ਚਾਹੀਦਾ। ਇਸ ਕਹਾਣੀ ਵਿਚ ਵਿਪਿਨ ਗਿੱਲ ਨੇ ਸਾਲਾਂ ਦਾ ਹਿਸਾਬ ਪੂਰਾ ਦਿੱਤਾ ਹੈ: "ਸੱਤ ਕੁ ਸਾਲ ਪਹਿਲਾਂ ਦੇਖਿਆ ਸੀ ਉਹਨੂੰ "ਪਿਛਲੇ ਪੰਜ ਸਾਲਾਂ ਤੋਂ ਉਸਨੂੰ ਕਿਸੇ ਨੇ ਨਹੀਂ ਸੀ ਤੱਕਿਆ" "ਛੱਬੀ ਸਾਲ ਪਹਿਲਾਂ ਉਨ੍ਹਾਂ ਦੀ ਦੋਸਤੀ ਹੋਈ ਸੀ। ਲਗਭਗ ਸੋਲਾਂ ਸਾਲ ਓਹ ਇਕ ਦੂਜੇ ਦੇ ਸੰਪਰਕ ਵਿਚ ਰਹੇ। ਪਿਛਲੇ ਸੱਤ ਸਾਲਾਂ ਤੋਂ ਉਹ ਉਸਨੂੰ ਲੱਭ ਰਿਹਾ ਹੈ।" ਲੇਖਕਾ ਨੇ ਸਮੇਂ ਦੀ ਇਕਾਗਰਤਾ ਕਿਤੇ ਵੀ ਭੰਗ ਨਹੀਂ ਹੋਣ ਦਿੱਤੀ।

**ਭੁਪਿੰਦਰ ਸਿੰਘ ਮਾਨ**: ਕਹਾਣੀ ਦੇ ਦੋਵਾਂ ਮੁੱਖ ਪਾਤਰਾਂ ਦਾ ਵਿਹਾਰ ਵਿਰੋਧਾ ਭਾਸੀ ਹੈ। ਇਕ ਪਾਸਿਓਂ ਤਾਂ ਬਲਜੀਤ ਆਪਣੀ ਪੜ੍ਹਾਈ ਲਈ ਆਪਣੀ ਮਰਜ਼ੀ ਨਾਲ ਸਰੀਰ ਵੇਚਣ ਵਰਗਾ ਰਾਹ ਚੁਣਦੀ ਹੈ, ਪਰ ਦੂਜੇ ਪਾਸਿਓਂ ਨਿੱਕੀ ਜਿਹੀ ਕਮਾਈ ਲਈ ਰੁਮਾਲ ਬੁਣਨ/ਵੇਚਣ ਵਰਗੇ ਕੰਮ ਵੀ ਕਰਦੀ ਹੈ। ਇੰਝ ਹੀ ਸੁਰਜੀਤ ਇਕ ਪਾਸਿਓਂ ਤਾਂ ਬਲਜੀਤ ਨੂੰ ਕਹਿੰਦਾ ਹੈ ਕਿ ਉਹਦੀ ਮਰਜ਼ੀ ਤੋਂ ਬਗੈਰ ਉਹਦੇ ਸਰੀਰ ਨੂੰ ਉਹ ਹੱਥ ਨਹੀਂ ਲਾਵੇਗਾ, ਤੇ ਦੂਜੇ ਥਾਂ ਕਿਤਾਬ ਦੀ ਭੂਮਿਕਾ ਲਿਖਣ ਲਈ ਉਹ ਔਰਤ ਦਾ ਸਰੀਰ ਭੋਗਦਾ ਹੈ। ਇਸੇ ਤਰ੍ਹਾਂ ਕਿਸੇ ਥੀਏਟਰ ਦੀ ਪੇਸ਼ਕਾਰੀ ਤੋਂ ਬਾਦ ਦਰਸ਼ਕਾਂ ਦੇ ਰੂਬਰੂ ਹੋਣਾ ਇਕ ਕਲਾਕਾਰ ਲਈ ਬਹੁਤ ਵੱਡੀ ਗੱਲ ਹੁੰਦੀ ਹੈ। ਇਕ ਘਟਨਾ ਵਿਚ ਬਲਜੀਤ ਸਟੇਜ'ਤੇ ਜਾਣ ਤੋਂ ਮਨ੍ਹਾ ਕਰ ਦੇਂਦੀ ਹੈ, ਪਰ ਅਗਲੀ ਵਾਰ ਪਸੰਦੀਦਾ ਰੋਲ ਨਾ ਮਿਲਣ ਕਰਕੇ ਥੀਏਟਰ ਤੇ ਸ਼ਹਿਰ ਛੱਡ ਕੇ ਕਿਤੇ ਗਾਇਬ ਹੀ ਹੋ ਜਾਂਦੀ ਹੈ।

**ਆਗਾਜ਼ਬੀਰ**: ਮੈਨੂੰ ਲੱਗਿਆ ਕਿ ਕਹਾਣੀ ਜਲਦੀ ਖਤਮ ਹੋ ਗਈ। ਕਹਾਣੀ ਦੇ ਮਸਲੇ

ਹੱਲ ਕਰਨ ਲਈ ਇਸ ਨੂੰ ਹੋਰ ਵਿਸਤਾਰ ਦੇਣਾ ਬਣਦਾ ਸੀ। ਸੋਸ਼ਲ ਮੀਡੀਏ ਦੇ ਏਸ ਯੁਗ ਵਿਚ ਕੁੜੀ ਦੇ ਨਾ ਲੱਭਣ ਵਾਲੀ ਗੱਲ ਵੀ ਮੈਨੂੰਰੜਕੀ।

**ਬਲਬੀਰ ਪਰਵਾਨਾ**: ਕਲਾਤਮਕ ਪੱਖੋਂ ਮੈਨੂੰ ਇਹ ਕਹਾਣੀ ਏਸ ਲਈ ਬਹੁਤ ਚੰਗੀ ਲੱਗੀ ਕਿ ਘਟਨਾਵਾਂ ਦੇ ਲੰਮੇ ਅੰਤਰਾਲ ਵਿਚ ਫੈਲੇ ਹੋਣ ਦੇ ਬਾਵਜੂਦ, ਕਹਾਣੀ ਛੋਟੀ ਹੈ, ਪਰੰਤੂ ਪਾਠਕ ਨੂੰ ਸਮੇਂ ਦਾ ਕੋਈ ਖੱਪਾ ਵੀ ਨਹੀਂ ਰੜਕਦਾ।

**ਰਾਮਿੰਦਰ ਕੌਰ**: ਕਹਾਣੀ ਹੈ 'ਜਿਊਣ ਦਾ ਵੱਲ', ਪਰ ਕੀ ਬਲਜੀਤ ਕੋਲੋਂ ਅਸੀਂ ਜਿਊਣ ਦਾ ਵੱਲ ਸਿੱਖ ਰਹੇ ਹਾਂ! ਪਹਿਲੀ ਗੱਲ, ਜਦੋਂ ਉਹ ਨਾਟਕ ਤੋਂ ਬਾਦ ਸਟੇਜ ਉੱਤੇ ਜਾਣ ਤੋਂ ਮਨ੍ਹਾ ਕਰਦੀ ਹੈ, ਤਾਂ ਇਕ ਕਲਾਕਾਰ ਤੋਂ ਤੁਸੀਂ ਅਜਿਹੀ ਤਵੱਕੋਂ ਨਹੀਂ ਰਖਦੇ। ਫੇਰ ਇਕ ਪਾਸਿਓਂ ਤਾਂ ਉਹ ਜ਼ਿੰਦਗੀ ਵਿਚਏਨਾ ਕੁਝ ਸਹਿ ਰਹੀ ਹੈ, ਪਰੰਤੂ ਅਖੀਰ ਵਿਚ ਨਾਟਕ ਵਿਚ ਲੀਡ ਰੋਲ ਨਾ ਮਿਲਣ ਕਰਕੇ, ਜਾਂ ਡਾਇਰੈਕਟਰ ਦੀ ਬੀਵੀ ਵਲੋਂ ਕੁਝ ਕਹਿਣ 'ਤੇ ਸਭ ਕੁਝ ਛੱਡ-ਛਡਾ ਕੇ ਗੁੰਮ ਹੀ ਹੋ ਜਾਂਦੀ ਹੈ। ਕਹਾਣੀ ਦਾ ਨਾਂਅ ਤਾਂ ਬੜਾ ਆਸ ਭਰਿਆ ਹੈ, ਪਰ ਕਹਾਣੀ ਸ਼ੁਰੂ ਹੀ ਨਿਰਾਸ਼ਤਾ ਤੋਂ ਹੁੰਦੀ ਹੈ। ਵਿਚ ਵਿਚ ਗੱਲਾਂ ਬਹੁਤ ਖ਼ੂਬਸੂਰਤ ਨੇ, ਤੁਸੀਂ ਵੇਖ ਸਕਦੇ ਹੋ ਕਿ ਉਹਦੇ ਵਿਚ ਭਰੋਸਾ ਹੈ, ਖ਼ੁਦਦਾਰੀ ਹੈ, ਪਰ ਉਹ ਗੱਲਾਂ ਆਪਸ ਵਿਚ ਬੱਝ ਨਹੀਂ ਰਹੀਆਂ। ਜਦੋਂ ਸੁਰਜੀਤ ਕਹਿੰਦਾ ਹੈ ਕਿ ਝੱਲੀਏ ਤੇਰੀ ਮਰਜ਼ੀ ਤੋਂ ਬਗੈਰ ਮੈਂ ਤੇਰੇ ਜਿਸਮ ਨੂੰ ਛੂਹ ਨਹੀਂ ਸਕਦਾ, ਇਸ ਫਿਕਰੇ ਦਾ ਇਸਤੋਂ ਪਹਿਲਾਂ ਵਾਲੇ ਫਿਕਰੇ ਨਾਲ ਕੋਈ ਰਿਦਮ ਨਹੀਂ ਬਣਦਾ। ਕੀ ਬਲਜੀਤ ਨੂੰ ਇਹੋ ਜਿਹਾ ਭੁਲੇਖਾ ਲੱਗਿਆ ਹੈ, ਜਾਂ ਸੁਰਜੀਤ ਨੇ ਇਹੋ ਜਿਹੀ ਕੋਈ ਹਰਕਤ ਕੀਤੀ ਹੈ! ਇਸ ਲਈ ਇਹ ਫਿਕਰਾ ਹਵਾ ਵਿਚ ਲਟਕਦਾ ਪਿਆ ਹੈ। ਫੇਰ, ਇਕ ਜਗ੍ਹਾ 'ਤੇ ਤੁਸੀਂ ਇਕ ਗਾਲ਼ ਦੀ ਵਰਤੋਂ ਕੀਤੀ ਹੈ, ਜਿਹੜੀ ਕਹਾਣੀ ਪੜ੍ਹਨ ਵੇਲੇ ਤੁਸੀਂ ਖ਼ੁਦ ਵੀ ਪੜ੍ਹੀ ਨਹੀਂ! ਜਿਹੜੀ ਗਾਲ਼ ਤੁਸੀਂ ਖ਼ੁਦ ਹੀ ਪੜ੍ਹ ਨਹੀਂ ਸਕਦੇ, ਉਹ ਵਰਤੀ ਹੀ ਕਿਓਂ ਹੈ!

**ਕੁਲਵੰਤ ਸਿੰਘ ਸੰਧੂ**: ਬਾਕੀ ਗੱਲਾਂ ਤਾਂ ਹੋ ਹੀ ਚੁੱਕੀਆਂ ਨੇ, ਮੈਂ ਤਾਂ ਏਨਾ ਹੀ ਆਖਾਂਗਾ ਕਿ ਕਹਾਣੀ ਵਿਚ ਭਾਸ਼ਾ ਦਾ ਪਰਵਾਹ ਬਹੁਤ ਖ਼ੂਬਸੂਰਤ ਹੈ।

**ਮਹਿਲ ਸਿੰਘ**: ਮੇਰੇ ਹਿਸਾਬ ਨਾਲ ਅਕਾਦਮਿਕ ਅਦਾਰਿਆਂ ਵਿਚ ਲੇਖਕਾਂ, ਨਾਟਕਕਾਰਾਂ, ਅਧਿਆਪਕਾਂ, ਵਿਦਿਆਰਥੀਆਂ ਦੇ ਆਚਰਣ ਦਾ ਨਿਘਾਰ ਇਕੀਵੀਂ ਸਦੀ ਦਾ ਵਰਤਾਰਾ ਹੈ, ਚੌਰਾਸੀ ਦੀਆਂ ਘਟਨਾਵਾਂ ਤੋਂ ਤਕਰੀਬਨ ਦੋ ਦਹਾਕੇ ਬਾਦ ਦਾ। ਅਗਲੀ ਗੱਲ, ਸਾਹਿਤ ਬੁੱਝਣ ਵਾਲੀ ਗੱਲ ਹੁੰਦਾ, ਦੱਸਣ ਵਾਲੀ ਗੱਲ ਨਹੀਂ। ਜਿਵੇਂ ਬਲਜੀਤ ਨੂੰ ਝੱਲੀ ਬੇਪਰਵਾਹ, ਬੇਬਾਕ, ਦੋਸਤਾਂ ਨਾਲ ਖੜਨ ਵਾਲੀ, ਮਲੰਗਣੀ, ਆਦਿ ਦੱਸਣ ਦੀ ਬਜਾਏ ਉਹਦੇ ਵਤੀਰੇ ਵਿਚੋਂ ਨਿਕਲ ਕੇ ਆਉਣਾ ਚਾਹੀਦਾ। ਕਲਾਕਾਰੀ ਸਿਰਜਣ ਵਿਚ ਹੁੰਦੀ ਹੈ, ਦੱਸਣ ਵਿਚ ਨਹੀਂ। ਬਲਜੀਤ ਖ਼ੁਦਦਾਰ ਹੈ, ਉਸ ਵਿਚ ਸਵੈਮਾਣ ਵੀ ਹੈ, ਪਰ ਉਹ ਮੂਰਖ ਵੀ ਹੈ, ਜਿਹੜੀ ਪਹਿਲਾਂ ਤਾਂ ਆਪਣੇ ਡਾਇਰੈਕਟਰ ਦਾ ਕਹਿਣਾ ਨਹੀਂ ਮੰਨਦੀ, ਤੇ ਫੇਰ ਆਪਣੀ ਪਸੰਦ ਦਾ ਰੋਲ ਨਾ ਮਿਲਣ ਕਰਕੇ ਸ਼ਹਿਰ ਤੇ ਪੜ੍ਹਾਈ ਛੱਡ ਕੇ ਗੁੰਮ ਹੋ ਜਾਂਦੀ ਹੈ।

**ਜਨਮੀਤ**: ਮੈਨੂੰ ਲਗਦੈ ਕਿ ਲੇਖਕ ਦੇ ਦਿਮਾਗ ਵਿਚ ਕੁਝ ਪਾਤਰ ਨੇ, ਕੁਝ ਘਟਨਾਵਾਂ ਨੇ, ਜਿਨ੍ਹਾਂ ਨੂੰ ਉਹ ਜਬਰਦਸਦੀ ਜੜਨ ਦੀ ਕੋਸ਼ਿਸ਼ ਕਰਦੀ ਹੈ। ਕਾਨ੍ਹਪੁਰ ਵਿਚ ਚੌਰਾਸੀ ਦੀਆਂ ਘਟਨਾਵਾਂ, ਚੰਡੀਗੜ੍ਹ ਦੀ ਯੂਨੀਵਰਿਸਟੀ, ਨਾਟਕਾਂ ਦਾ ਖੇਡਣਾ, ਰੁਮਾਲ ਕੱਢਣੇ/ਵੇਚਣੇ। ਪਰੰਤੂ ਕਹਾਣੀ ਦੇ ਪਾਤਰ ਕੁਦਰਤੀ ਨਹੀਂ ਜਾਪਦੇ। ਮੈਂ ਖ਼ੁਦ ਨਾਟਕ ਨਾਲ ਸੰਬੰਧਤ ਹਾਂ, ਇਕ

ਲੰਗੜੀ ਕੁੜੀ ਨੂੰ ਕੋਈ ਡਾਇਰੈਕਟਰ ਹੀਰੋਇਨ ਨਹੀਂ ਬਣਾਉਂਦਾ। ਕਹਾਣੀ ਤਾਂ ਵਿਪਿਨ ਗਿੱਲ ਦੇ ਦਿਮਾਗ ਵਿਚ ਹੈ ਇਕ ਦਲੇਰ ਕੁੜੀ ਬਾਰੇ। ਪਰ ਇਸ ਕਹਾਣੀ ਵਿਚ ਕੁੱਲ ਮਿਲਾ ਕੇ ਉਹ ਕੁੜੀ ਦਲੇਰ ਬਣ ਕੇ ਨਹੀਂ ਉਭਰਦੀ। ਤੇ ਨਾ ਹੀ ਸੁਰਜੀਤ ਦਾ ਪਾਤਰ ਉਸ ਹਿਸਾਬ ਨਾਲ ਪੇਸ਼ ਹੋ ਸਕਿਆ ਹੈ।

**ਹੀਰਾ ਸਿੰਘ**: ਕਈ ਕਹਾਣੀਕਾਰ ਕਹਿੰਦੇ ਮੈਂ ਸੁਣੇ ਹਨ ਕਿ ਪਾਠਕ ਨੂੰ ਭਾਵੇਂ ਕਹਾਣੀ ਅਟਪਟੀ ਜਾਪਦੀ ਹੋਵੇ, ਪਰ ਇਹ ਅਸਲ ਵਿਚ ਵਾਪਰੀ ਹੋਈ ਘਟਨਾ ਉੱਤੇ ਅਧਾਰਤ ਹੈ। ਗੱਲ ਇਹ ਹੈ ਕਿ ਯਥਾਰਥ ਵਿਚ ਕੋਈ ਘਟਨਾ ਵਾਪਰੀ, ਜਿਸਨੇ ਸਾਨੂੰ ਬਹੁਤ ਟੁੰਬਿਆ। ਪਰੰਤੂ ਸਾਹਿਤ ਵਿਚ ਉਹ ਸੱਚ ਆਉਣਾ ਚਾਹੀਦਾ, ਜਿਹੜਾ ਵਿਆਪੀ ਹੋਵੇ।

**ਜਸ ਮੰਡ**: ਹੀਰਾ ਸਿੰਘ ਨੇ ਵਧੀਆ ਨੁਕਤੇ ਦੀ ਗੱਲ ਕੀਤੀ ਹੈ। ਪਿਛਲੀ ਕਹਾਣੀ ਗੋਸ਼ਟੀ ਵਿਚ, ਜਦੋਂ ਅਸੀਂ ਜਿੰਦਰ ਦੀ ਕਹਾਣੀ 'ਕੁੜਿੱਕੀ' ਬਾਰੇ ਗੱਲ ਕਰ ਰਹੇ ਸਾਂ ਤਾਂ ਜਿੰਦਰ ਕਹਿ ਰਿਹਾ ਸੀ ਕਿ ਇਹ ਕਹਾਣੀ ਇੰਞ ਦੀ ਇੰਞ ਉਸਨੇ ਵਾਪਰਦੀ ਵੇਖੀ ਹੈ। ਇਸ ਕਹਾਣੀ ਵਿਚਲੀ ਕੁੜੀ ਵਰਗਾ ਪਾਤਰ ਅਸਲੀ ਜ਼ਿੰਦਗੀ ਵਿਚ ਹੋ ਸਕਦਾ ਹੋਵੇ। ਸੋਸ਼ਲ ਮੀਡੀਏ ਦੇ ਬਾਵਜੂਦ ਤੁਹਾਡਾ ਕੋਈ ਗਾਇਬ ਦੋਸਤ ਨਹੀਂ ਵੀ ਲੱਭ ਸਕਦਾ। ਪਰੰਤੂ ਸਾਹਿਤਕ ਕਿਰਤ ਦੀ ਇਕ ਮੰਗ ਹੈ ਪੋਇਟਿਕ ਜਸਟਿਸ ਵਾਲੀ, ਕਿ ਕਹਾਣੀ ਦੇ ਕੁਦਰਤੀ ਵਹਾਅ ਵਿਚੋਂ ਇਕ ਪਾਤਰ ਦਾ ਵਤੀਰਾ ਕੁਦਰਤੀ ਜਾਪੇ। ਇਕ ਗੱਲ ਹੈ ਕਿ ਕਿਸੇ ਇਕ ਪਾਤਰ ਨਾਲ ਇੰਜ ਵਾਪਰਿਆ, ਤੇ ਦੂਜੀ ਗੱਲ ਹੈ ਕਿ ਇੰਜ ਦੇ ਹਾਲਾਤ ਵਿਚ ਇਕ ਪਾਤਰ ਨਾਲ ਇੰਞ ਹੋਣਾ ਸੁਭਾਵਕ ਹੁੰਦਾ ਹੈ। ਪਾਰਟੀਕੁਲਰ ਤੋਂ ਯੂਨੀਵਰਸਲ ਵੱਲ ਗੱਲ ਜਾਣੀ ਚਾਹੀਦੀ ਹੈ। ਨਿੱਜ ਤੋਂ ਵਿਆਪਕ ਵੱਲ। ਅਗਲੀ ਗੱਲ ਹੈ ਗਾਲ਼ ਦੀ ਵਰਤੋਂ। ਗਾਲ਼ਾਂ ਅੱਜ-ਕੱਲ ਦੇ ਮੁੰਡੇ-ਕੁੜੀਆਂ ਦੀ ਬੋਲਚਾਲ ਵਿਚ ਆਮ ਹਨ, ਪਰ ਕੀ ਉਹ ਸਾਹਿਤ ਦਾ ਭਾਗ ਬਣਨੀਆਂ ਚਾਹੀਦੀਆਂ? ਰਜਨੀਸ਼ ਬਹਾਦਰ ਕਹਿੰਦਾ ਹੁੰਦਾ ਸੀ ਕਿ ਨਹੀਂ ਆਉਣੀਆਂ ਚਾਹੀਦੀਆਂ। ਮੈਨੂੰ ਖ਼ੁਦ ਨੂੰ ਵੀ ਲਗਦਾ ਕਿ ਸਾਨੂੰ ਇਸ ਤੋਂ ਗ਼ੁਰੇਜ਼ ਕਰਨਾ ਚਾਹੀਦਾ। ਬਾਕੀ ਇਸ ਕਹਾਣੀ ਦੀ ਭਾਸ਼ਾ ਕਿਤੇ-ਕਿਤੇ ਤਾਂ ਬਹੁਤ ਖ਼ੂਬਸੂਰਤ ਅਤੇ ਕਾਵਿਮਈ ਵੀ ਹੈ। ਵਿਸ਼ੇਸ਼ ਤੌਰ 'ਤੇ ਆਖਰੀ, ਤਾਰਿਆਂ ਵਾਲਾ ਪੈਰਾ। ਕਹਾਣੀ ਦੀ ਲੇਖਕਾ ਸਾਨੂੰ ਬਲਜੀਤ ਪਾਤਰ ਨਾਲ ਖੜ੍ਹੀ ਦਿਸਦੀ ਹੈ, ਪਰ ਕੀ ਉਹਦੇ ਜੀਊਣ ਦਾ ਵੱਲ ਅਸੀਂ ਹੋਰਨਾਂ ਕੁੜੀਆਂ ਨੂੰ ਸਿੱਖਣ ਲਈ ਪਰੇਰਾਂਗੇ? ਇੰਞ ਹੀ ਸੁਰਜੀਤ ਇਕ ਪਾਸਿਓਂ ਮੁਹੱਬਤ ਦੀ ਗੱਲ ਕਰ ਰਿਹਾ ਹੈ, ਗੁੰਮ ਹੋਈ ਦੋਸਤ ਨੂੰ ਲੱਭ ਰਿਹਾ ਹੈ, ਕਵਿਤਰੀ ਲਈ ਕੁਝ ਕੰਮ ਕਰਨ ਦੇ ਇਵਜ ਵਿਚ ਉਸਦਾ ਸਰੀਰ ਭੋਗਦਾ ਹੈ, ਸੁੱਤਾ ਇਕ ਨਾਲ ਪਿਆ ਹੈ, ਯਾਦ ਕਿਸੇ ਹੋਰ ਨੂੰ ਕਰ ਰਿਹੈ।

**ਵਿਪਨ ਗਿੱਲ**: ਤੁਸੀਂ ਸਾਰਿਆਂ ਨੇ ਬੜੀਆਂ ਕੀਮਤੀ ਗੱਲਾਂ ਕੀਤੀਆਂ, ਮੈਂ ਇਨ੍ਹਾਂ ਨੂੰ ਗੰਭੀਰਤਾ ਨਾਲ ਲਵਾਂਗੀ। ਧੰਨਵਾਦ!

ਕਹਾਣੀ

# ਘੜੇ ਜਿੱਡਾ ਮੋਤੀ

-ਸੰਦੀਪ ਸਮਰਾਲਾ

ਮੈਰਿਜ ਪੈਲੇਸ ਮੈਂ ਅਜੇ ਰੋਟੀ ਖਾ ਕੇ ਹੀ ਹਟਿਆ ਸੀ। ਮੇਰੇ ਦੋਸਤ ਨੇ ਕਿਹਾ, "ਭੋਰਾ ਮੂੰਹ ਮਿੱਠਾ ਕਰਕੇ ਘਰ ਨੂੰ ਚੱਲਦੇ ਹਾਂ।"

ਮੈਂ ਕਿਹਾ ਸੀ, "ਹਾਂ... ਹੁਣ ਤਾਂ ਮੂੰਹ ਮਿੱਠਾ ਕਰਨ ਜੋਗੇ ਹੀ ਰਹਿਗੇ, ਜਦ ਕੌੜਾ ਕਰਦੇ ਸੀ, ਤਾਂ ਨਜ਼ਾਰਾ ਈ ਵੱਖਰਾ ਸੀ।"

"ਤੂੰ ਕਹਿ ਤਾਂ ਸਹੀ, ਆਪਾਂ ਹੁਣੇ ਹੀ ਕੌੜਾ ਕਰਵਾ ਦਿੰਨੇ ਆਂ ਪਰ ਤੂੰ ਕਦੋਂ ਮੰਨਦਾਂ" ਉਸ ਨੇ ਲੋਰ 'ਚ ਕਿਹਾ।

"ਨਹੀਂ... ਨਹੀਂ..., ਮੈਨੂੰ ਡਾਕਟਰ ਨੇ ਪੀਣ ਤੋਂ ਮਨ੍ਹਾ ਕੀਤਾ ਪਰ ਇਕ ਗੱਲ ਐ ਮਿੱਤਰਾ, ਦਾਰੂ ਪੀ ਕੇ ਮਿੱਠਾ ਖਾਣ ਦਾ ਸੁਆਦ ਈ 'ਲੱਗ ਆ।" ਮੈਂ ਅਕਸਰ ਦਾਰੂ ਤੋਂ ਬਾਅਦ ਮਿੱਠਾ ਖਾਂਦਾ ਸੀ, ਆਈਸਕ੍ਰੀਮ ਮੈਨੂੰ ਜ਼ਿਆਦਾ ਪਸੰਦ ਸੀ।

ਦੋਸਤ ਨੇ ਮੈਨੂੰ ਆਈਸਕ੍ਰੀਮ ਦੀ ਕੌਲੀ ਫੜਾਉਂਦਿਆ ਫੇਰ ਠੋਰਾ ਲਾਇਆ, "ਘੁੱਟ-ਘੁੱਟ ਲਾਉਣ ਨਾਲ਼ ਕੀ ਫ਼ਰਕ ਪੈਂਦਾ, ਢੋਲਾਂ ਦੇ ਢੋਲ ਤੂੰ ਖ਼ਤਮ ਕਰ ਦਿੱਤੈ, ਨਾਲੇ ਹੁਣ ਅੰਗਰੇਜ਼ ਆਂ ਆਪਾਂ..., ਅੰਗਰੇਜ਼ ਰੋਟੀ ਖਾਣ ਤੋਂ ਬਾਅਦ ਹੀ ਪੀਂਦੇ ਨੇ।" ਦਿਲ ਤਾਂ ਮੇਰਾ ਵੀ ਬਹੁਤ ਕਰ ਰਿਹਾ ਸੀ ਕਿ ਇਕ ਪੈੱਗ ਲਾ ਈ ਲਵਾਂ, ਫੇਰ ਘਰਵਾਲੀ ਵੱਲ ਧਿਆਨ ਜਾਂਦਾ ਕਿ ਉਹ ਘਰੇ ਜਾਂਦਿਆਂ ਨੂੰ ਕਲ਼ੇਸ ਕਰੂ, "ਨਹੀਂ... ਨਹੀਂ... ਯਾਰ, ਹੁਣ ਜਦ ਤੱਕ ਡਾਕਟਰ ਨੀ ਕਹਿੰਦਾ ਤਦ ਤੱਕ ਨੀ ਪੀਣੀ।" ਜ਼ਿਆਦਾ ਸ਼ਰਾਬ ਪੀਣ ਕਰਕੇ ਮੇਰਾ 'ਲੀਵਰ ਫੈਟੀ' ਹੋ ਗਿਆ ਸੀ। ਗੱਲ ਕਰਦਿਆਂ ਆਈਸਕ੍ਰੀਮ ਦਾ ਚਮਚਾ ਮੂੰਹ 'ਚ ਪਾਇਆ ਹੀ ਸੀ। ਮੈਂ ਇਕ ਦਮ ਕੌਲੀ ਮੇਜ਼ 'ਤੇ ਰੱਖ ਦਿੱਤੀ, ਆਈਸਕ੍ਰੀਮ ਅੰਦਰ ਨੀ ਸੀ ਲੰਘ ਰਹੀ।

"ਕੀ ਹੋ ਗਿਆ ਤੈਨੂੰ? ਤੇਰਾ ਰੰਗ ਕਿਉਂ ਉਡ ਗਿਆ?" ਦੋਸਤ ਨੇ ਪੁੱਛਿਆ।

"ਨਹੀਂ... ਨਹੀਂ... ਬਸ ਆ ਜਾੜ੍ਹ ਜਿਹੀ ਦੁਖਣ ਲੱਗ ਪਈ। ਠੰਡੀ ਠੰਡੀ ਲੱਗ ਗਈ ਆਈਸਕ੍ਰੀਮ, ਸਾਲਾ ਹੁਣ ਤਾਂ ਉਹ ਗੱਲ ਹੋਗੀ, ਮਾੜਾ ਢੱਗਾ ਛੱਤੀ ਰੋਗ।" ਕਹਿ ਕੇ ਮੈਂ ਓਪਰਾ ਜਿਹਾ ਹੱਸਿਆ।

"ਤੇਰੀ ਸ਼ਕਲ ਦੇਖ ਕੇ ਤਾਂ ਲੱਗਦਾ ਨੀ, ਬਈ ਤੇਰੀ ਜਾੜ੍ਹ ਦੁਖਦੀ ਐ, ਮੈਨੂੰ ਤਾਂ ਗੱਲ ਹੋਰ ਈ ਲੱਗਦੀ ਐ।"

"ਨਹੀਂ... ਨਹੀਂ..., ਹੋਰ ਨੂੰ ਕਿਹੜਾ ਮੇਰੀ ਘੁਲਾੜੀ 'ਚ ਬਾਂਹ ਆਗੀ।" ਉਹਨੂੰ ਕੀ ਦੱਸਦਾ ਕਿ ਪੀੜ ਕਿੱਥੇ ਹੋਈ ਆ। ਮੈਂ ਝੂਠੀ ਮੂਚੀ 'ਹਾਏ ਸੀ' ਕਹਿਕੇ ਗੱਲ 'ਤੇ ਹੱਥ ਰੱਖ ਲਿਆ। ਮੈਨੂੰ ਹੀਰਾ ਯਾਦ ਆ ਗਿਆ ਸੀ। ਮੈਂ ਕਿਹਾ, "ਪਹਿਲਾਂ ਵੀ ਇਕ ਦੋ ਵਾਰ ਦੁਖੀ ਸੀ, ਡਾਕਟਰ ਤੋਂ 'ਐਪੋਆਂਇਟਮੈਂਟ' ਵੀ ਲਈ ਸੀ ਪਰ ਮੈਥੋਂ ਜਾ ਨਾ ਹੋਇਆ।" ਉਹ ਆਈਸਕ੍ਰੀਮ ਖਾਂਦਾ ਰਿਹਾ ਤੇ ਮੈਂ ਉਸ ਕੋਲ ਚੁੱਪ-ਚਾਪ ਬੈਠਾ ਰਿਹਾ, ਉਸ ਨੇ ਫੇਰ ਕਿਹਾ, "ਇੱਕ ਅੱਧਾ ਪੈੱਗ ਲਾ ਲੈ ਮਿੱਤਰਾ, ਕੀੜਾ ਮਰਜੂਗਾ....।" ਮੇਰਾ ਦਿਲ ਕਰ ਰਿਹਾ ਸੀ ਕਿ ਇਕ ਦੋ ਪੈੱਗ..., ਫੇਰ ਮਨ ਕੈੜਾ ਜਿਹਾ ਕਰਕੇ ਸਾਥੀ ਨੂੰ ਕਿਹਾ ਕਿ ਛੱਡ ਖਹਿੜਾ ਆਈਸਕ੍ਰੀਮ ਦਾ, ਆ ਚੱਲ ਪੈੱਗ

ਲਾਉਨੇ ਆਂ, ਤੇਰੇ ਲਾਂਭਾ ਵੀ ਲਾਹ ਦਿੰਨਾਂ। ਉਹ ਹੈਰਾਨ ਹੋ ਗਿਆ, "ਹੈਂ.....!" ਮੈਂ ਪੈੱਗ ਫੜਿਆ ਇੱਕੋ ਸਾਹ 'ਚ ਪੀ ਗਿਆ। ਜਿਵੇਂ ਮੇਰਾ ਬਾਪੂ ਪੀਂਦਾ ਹੁੰਦਾ ਸੀ। ਧੁੜਧੁੜੀ ਜਿਹੀ ਆਈ "ਫੇਰ ਦੂਸਰਾ ਪੈੱਗ ਵੀ ਉਸੇ..........।

"ਕੀ ਤਕਲੀਫ ਹੋਗੀ ਤੈਨੂੰ....?"

ਮੈਂ ਅਗਲਾ ਪੈੱਗ ਚੱਕਦਿਆਂ ਕਿਹਾ, 'ਕੀੜਾ ਮਰਜੂ ਜਾੜ ਵਾਲਾ, ਠੀਕ ਹੋਜੂ। ਨਾਲ਼ੇ ਕੱਦਾ ਤਾਂ ਛੇੜੀ ਜਾਨੇ ਬਈ ਲਾਲ਼ਾ... ਇਕ ਪੈੱਗ ਲਾਲ਼ਾ।" ਫੇਰ ਮੈਂ ਖੰਘੂਰਾ ਜਿਹਾ ਭਰਦਿਆਂ ਸਾਥੀ ਨੂੰ ਕਿਹਾ, "ਪਿੰਡ ਮੇਰਾ ਦੋਸਤ ਆ ਹੀਰਾ, ਉਹਦਾ ਪਿਓ ਜਾੜ੍ਹ ਠਾਕਦਾ ਸੀ ਤੇ ਹੁਣ ਹੀਰਾ ਇਹ ਕੰਮ ਕਰਦੈ। ਪਿੰਡ ਹੁੰਦਾ ਤਾਂ ਉਹਤੋਂ ਠਕਾ ਲੈਂਦਾ। ਉਹਨਾਂ ਨੂੰ ਬਖਸ਼ ਸੀ, ਕਿਸੇ ਮਹਾਪੁਰਸ਼ਾਂ ਦੀ, ਕਿਸੇ ਤੋਂ ਕੁਸ਼ ਨੀ ਸੀ ਲੈਂਦੇ, ਬਸ ਪਤਾਸੇ ਵੰਡਣ ਨੂੰ ਕਹਿ ਦਿੰਦੇ ਸੀ।"

ਹੀਰਾ ਮੇਰੀਆਂ ਅੱਖਾਂ ਮੂਹਰੇ ਘੁੰਮ ਰਿਹਾ ਸੀ। ਹੀਰੇ ਦਾ ਪਿਓ ਮੇਲਿਆਂ 'ਤੇ ਪਕੌੜੇ ਤੇ ਖਿੱਲਾਂ ਪਤਾਸੇ ਵੇਚਦਾ ਸੀ। ਦਿਨ ਤਿਉਹਾਰਾਂ 'ਤੇ ਉਹ ਪਿੰਡ ਵੀ ਰੇਹੜੀ ਲਾ ਲਿੰਦਾ ਸੀ। ਨਹੀਂ ਕਿਸੇ ਨਾਲ ਸਾਂਝੀ ਰਲ਼ ਜਾਂਦਾ ਜਾਂ ਫੇਰ ਕਿਸੇ ਨਾਲ਼ ਦਿਹਾੜੀ 'ਤੇ ਵੀ ਚਲੇ ਜਾਂਦਾ।

ਮੈਂ ਤੇ ਹੀਰਾ 'ਕੱਠੇ ਜੁਆਨ ਹੋਏ ਸੀ। ਉਹ ਅੱਠਵੀਂ ਕਲਾਸ 'ਚੋਂ ਹਟ ਗਿਆ ਸੀ ਤੇ ਆਪਣੇ ਪਿਓ ਨਾਲ ਮੇਲੇ ਲਾਉਣ ਜਾਇਆ ਕਰਦਾ ਸੀ। ਨੇੜੇ ਤੇੜੇ ਦੇ ਮੇਲਿਆਂ 'ਤੇ ਜਾਣਾ ਤਾਂ ਮੈਂ ਉਹਨਾਂ ਦੀ ਦੁਕਾਨ ਤੋਂ ਹੀ ਪਕੌੜੇ ਖਾਂਦਾ ਸੀ। ਉਸਦੇ ਪਿਓ ਨੇ ਮੇਰੇ ਤੋਂ ਪੈਸੇ ਨਾ ਲੈਣੇ। "ਨਾ ਪੁੱਤ ਤੇਰੇ ਤੋਂ ਪੈਸੇ ਥੋੜ੍ਹਾ ਲੈਣੇ, ਜਿਹੋ ਜਿਹਾ ਹੀਰਾ, ਓਹਜਾ ਤੂੰ।" ਪਰ ਮੈਂ ਪੈਸੇ ਫੜਾ ਕੇ ਆਉਂਦਾ। ਬਾਪੂ ਹਮੇਸ਼ਾ ਕਹਿੰਦਾ ਸੀ ਕਿ ਐਂਵੇਂ ਪੁੱਤਰਾ ਕਿਸੇ ਦਾ ਹੱਕ ਨੀ ਰੱਖੀਦਾ...।

ਹੀਰਾ ਜਦੋਂ ਅਖ਼ਬਾਰ 'ਤੇ ਪਾ ਕੇ ਪਕੌੜੇ ਫੜਾਉਂਦਾ ਤਾਂ ਮੈਂ ਕਹਿੰਦਾ, "ਆਜਾ ਆਪਾਂ ਦੋਵੇਂ 'ਕੱਠੇ ਖਾਂਦੇ ਆਂ।"

ਹੀਰਾ ਨੱਕ ਬੁੱਲ ਜਿਹੇ ਮਾਰਦਾ, "ਮੇਰਾ ਤਾਂ ਦਿਲ ਭਰਿਆ ਪਿਆ, ਮੈਨੂੰ ਨੀ ਸੁਆਦ ਲੱਗਦੇ।"

"ਇਕ ਅੱਧਾ ਤਾਂ ਖਾਲਾ...।" ਮੈਂ ਕਹਿੰਦਾ

"ਪੁੱਤਰਾ ਹਲਵਾਈ ਛੇਤੀ-ਛੇਤੀ ਆਪਣੀ ਮਠਿਆਈ ਨੀ ਖਾਂਦੇ, ਤੂੰ 'ਰਾਮ ਨਾਲ ਖਾਹ।" ਹੀਰੇ ਦਾ ਪਿਓ ਅਕਸਰ ਕਹਿ ਦਿੰਦਾ।

ਹੀਰੇ ਦਾ ਪਿਓ ਘਰੇ ਆ ਕੇ ਬਾਪੂ ਜੀ ਨੂੰ ਕਹਿ ਦਿੰਦਾ ਸੀ ਕਿ ਸਰਦਾਰ ਜੀ, ਅਖ਼ਬਾਰ ਸਾਂਭ ਕੇ ਰੱਖਿਓ, ਮੈਂ ਇਹਨਾਂ 'ਚ ਪਕੌੜੇ ਪਾ ਕੇ ਵੇਚਣੇ ਨੇ। ਤੇ ਹੁਣ ਅਸੀਂ ਕੈਨੇਡਾ 'ਚ ਸੌ-ਸੌ ਵਾਰੀ ਹੱਥ ਧੌਂਦੇ ਹਾਂ। ਬਾਪੂ ਹੋਰੀਂ ਸੂਇਆਂ ਕੱਸੀਆਂ ਦਾ ਪਾਣੀ ਵੀ ਪੀ ਲੈਂਦੇ ਸੀ। ਜਦ ਕੋਈ 'ਇਨਫੈਕਸ਼ਨ' ਨੀ ਸੀ ਹੁੰਦੀ। ਜੇ ਹੁਣ ਜੁਆਕਾਂ ਨੂੰ ਅਖ਼ਬਾਰ 'ਤੇ ਪਕੌੜੇ ਖਾਣ ਨੂੰ ਕਹਾਂ, ਕਦੇ ਨਾ ਖਾਣ ਪਰ ਜੋ ਮੇਲਿਆਂ ਵਾਲੇ ਪਕੌੜਿਆਂ ਦਾ ਸੁਆਦ ਸੀ ਹੁਣ ਕਿੱਥੇ ਮਿਲਦਾ। ਹੁਣ ਤਾਂ ਬਰਗਰ, ਪੀਜ਼ੇ ਹੀ ਰਹਿਗੇ। ਸ਼ਹਿਰਾਂ 'ਚ ਵੱਡੀਆਂ ਵੱਡੀਆਂ ਦੁਕਾਨਾਂ 'ਤੇ ਪਕੌੜੇ ਖਾਧੇ ਪਰ ਉਹ ਸੁਆਦ ਨਾ ਆਇਆ। ਪਤਾ ਨੀ ਕੀ ਪਾਉਂਦੇ ਸੀ ਉਹ।

......ਇਕ ਵਾਰ ਜਦੋਂ ਮੈਂ ਪਿੰਡ ਗੇੜਾ ਮਾਰਿਆ। ਹੀਰੇ ਦਾ ਪਿਓ ਢਿੱਲਾ ਸੀ। ਮੈਂ ਖ਼ਬਰ ਲੈਣ ਗਿਆ। ਮੈਂ ਕਿਹਾ, "ਚਾਚਾ ਕੈਮ ਹੋਜਾ, ਫੇਰ ਐਂਤਕੀ ਮੱਸਿਆ ਦਾ ਮੇਲਾ ਲਾਉਣ ਵੀ ਜਾਣਾ, ਮੈਂ ਵੀ ਚੱਲੂੰ।"

ਉਸਨੇ ਖੰਗੂਰਾ ਜਿਹਾ ਭਰਦੇ ਨੇ ਕਿਹਾ, "ਹੁਣ ਤਾਂ ਪੁੱਤਰਾ ਉੱਪਰ ਜਾ ਕੇ ਹੀ ਮੇਲੇ ਲੱਗਣੇ ਨੇ।"

"ਨਹੀਂ..... ਨਹੀਂ.... ਚਾਚਾ ਕੁਸ਼ ਨੀ ਹੁੰਦਾ ਤੈਨੂੰ, ਹੱਡੀ ਚੀੜ੍ਹੀ ਆ ਤੇਰੀ, ਹੀਰਿਆ ਹੁਣ ਮੇਲੇ ਨੀ ਲਾਉਂਦਾ?"

"ਹੁਣ ਕਿੱਥੇ ਰਹੀ ਆ ਓਨੀਂ ਸੇਲ। ਬਾਈ ਆ ਬਿਹਾਰੀ, ਬਰਗਰ, ਨੂਡਲਾਂ ਦੀਆਂ ਰੇੜ੍ਹੀਆਂ ਬਹੁਤ ਲਾਉਂਦੇ ਨੇ, ਮੰਡੀਰ ਉਹੀ ਖਾਂਦੀ ਆ, 'ਫਾਸਟ ਫੂਡ' ਕਹਿੰਦੇ ਨੇ। ਪਤੌੜਾਂ ਨੂੰ ਕੌਣ ਪੁੱਛਦੈ। ਨਾਲੇ ਮੇਲੇ ਕਿਤੇ ਰੋਜ਼ ਲੱਗਦੇ ਨੇ। ਸਾਲ 'ਚ ਮਸਾਂ ਬੀਹਾਂ-ਤੀਹਾਂ ਦਿਨਾਂ ਦਾ ਕੰਮ ਹੁੰਦਾ।"

ਫੇਰ ਅਸੀਂ ਸਕੂਲ ਵਾਲੀਆਂ ਗੱਲਾਂ ਕਰਦੇ ਹੱਸਣ ਲੱਗੇ। ਮੈਂ ਤੇ ਹੀਰਾ ਪੰਜਵੀਂ ਕਲਾਸ ਤੱਕ ਪਿੰਡ ਦੇ ਹੀ ਸਰਕਾਰੀ ਸਕੂਲ 'ਚ ਪੜ੍ਹੇ ਸੀ। ਫੇਰ ਬਾਪੂ ਨੇ ਮੈਨੂੰ ਸ਼ਹਿਰ ਦੇ ਅੰਗਰੇਜ਼ੀ ਸਕੂਲ 'ਚ ਦਾਖ਼ਲ ਕਰਵਾ ਦਿੱਤਾ। ਮੈਂ ਸਕੂਲ ਦੀ ਵਰਦੀ ਪਾ, ਟਾਈ ਲਾ, ਸਕੂਲ ਬੱਸ ਦੀ ਉਡੀਕ ਕਰਦਾ ਤਾਂ ਹੀਰਾ ਅਪਣਾ ਬਸਤਾ ਪਾ, ਮੇਰੇ ਕੋਲ਼ ਖੜ ਜਾਂਦਾ। ਉਹ ਕਹਿੰਦਾ, "ਮੇਰਾ ਵੀ ਦਿਲ ਕਰਦੈ, ਆ ਗਲ਼ 'ਚ ਪਾਉਣ ਨੂੰ,"

ਮੈਂ ਕਹਿੰਦਾ, "ਟਾਈ ਆ..., ਇਹ ਟਾਈ।"

ਉਹ ਕਹਿ ਦਿੰਦਾ, "ਤਾਈ? ਤਾਈ ਤਾਂ ਅੰਦਰ ਆ।" ਅਸੀਂ ਹੱਸ ਪੈਂਦੇ। ਅਸੀਂ ਸਕੂਲੋਂ ਆ ਕੇ 'ਕੱਠੇ ਖੇਡਦੇ। ਜਾਂ ਉਹ ਮੇਰੇ ਕੋਲ਼ ਆ ਜਾਂਦਾ ਜਾਂ ਮੈਂ ਉਹਦੇ ਕੋਲ਼ ਚਲਾ ਜਾਂਦਾ।

ਮੈਂ ਕਾਲਜ ਪੜ੍ਹਨ ਲੱਗ ਗਿਆ ਸੀ। ਉਹ ਦਿਹਾੜੀ ਕਰਨ ਜਾਂਦਾ ਕਦੇ ਪੇਂਟਰ ਨਾਲ਼, ਕਦੇ ਮਿਸਤਰੀ ਨਾਲ਼। ਕਦੇ ਕਦਾਈਂ ਤਾਸ਼ ਖੇਡਦਿਆਂ ਸਾਡੇ ਕੋਲ਼ ਆ ਜਾਂਦਾ। ਸਾਡੀਆਂ ਕਾਲਜ ਦੀਆਂ ਗੱਲਾਂ ਸੁਣਦਾ ਕਹਿੰਦਾ, "ਯਾਰ ਮੈਨੂੰ ਵੀ ਕਾਜਲ ਦੇ ਦਰਸ਼ਨ ਕਰਵਾਉ।" ਉਸ ਦਿਨ ਅਸੀਂ ਬਹੁਤ ਹੱਸੇ, ਮੈਂ ਕਿਹਾ, "ਕਾਜਲ ਨੀ, ਕਾਲਜ ਹੁੰਦਾ ਕਾਲਜ।"

"ਜੋ ਵੀ ਹੁੰਦੈ ਮੈਨੂੰ ਵੀ ਦਿਖਾਓ, ਮੇਰਾ ਵੀ ਬੜਾ ਦਿਲ ਕਰਦੈ।"

ਇਕ ਸਾਥੀ ਨੇ ਕਿਹਾ, "ਪੁੱਤ ਤੇਰੀ ਘਰਵਾਲੀ ਦਾ ਨਾਂ ਕਾਜਲ ਹੀ ਰੱਖਣਾ ਹੁਣ ਤਾਂ ਤੂੰ ਕਮਾਉਨਾਂ, ਵਿਆਹ ਕਰ ਦੇਣਾ। ਫੇਰ ਦੇਖੀਂ ਤੇਰੇ ਕਿਵੇਂ ਪੈਂਦੀ ਕਾਲ਼ਜੇ ਠੰਡ। ਕਾਲਜ ਕੂਲਜ ਸਭ ਭੁੱਲਜੇਂਗਾ।" ਹੀਰੇ ਨੂੰ ਅਸੀਂ ਦੋ ਤਿੰਨ ਵਾਰੀ ਕਾਲਜ ਲੈ ਕੇ ਵੀ ਗਏ। ਕਲਾਸਾਂ ਵੀ ਲਵਾਈਆਂ। ਮੈਂ ਆਪਣੀ ਪੈਂਟ ਕਮੀਜ਼ ਦਿੱਤੀ ਸੀ ਪਾਉਣ ਨੂੰ, ਉਹ ਵੀ ਮੇਰੇ ਵਾਂਗ ਹੱਡਾ ਪੈਰਾਂ ਦਾ ਖੁੱਲ ਾ ਸੀ। ਬੜਾ ਸੋਹਣਾ ਲੱਗਦਾ ਸੀ ਜੀਨ ਦੀ ਪੈਂਟ, ਸ਼ਰਟ 'ਚ। ਹੱਥ 'ਚ ਕਾਪੀ ਫੜ੍ਹਾਤੀ, ਲੱਗਦਾ ਹੀ ਨਹੀਂ ਸੀ ਕਿ ਉਹ ਦਿਹਾੜੀ ਜੋਤਾ ਕਰਦਾ। ਪੂਰਾ ਕਾਲਜੀਏਟ ਲਗਦਾ ਸੀ। ਕਾਲਜ ਜਾ ਕੇ ਕਹਿੰਦਾ, "ਤੁਸੀਂ ਤਾਂ ਯਾਰ ਬੁੱਲੇ ਲੁੱਟਦੇ ਓਂ, ਏਥੇ ਦੀਆਂ ਰੌਣਕਾਂ ਦੇਖ, ਪਿੰਡ ਜਾਣ ਨੂੰ ਜੀਅ ਨੀ ਕਰਦਾ।" ਫੇਰ ਥੋੜ ਾ ਉਦਾਸ ਹੋਇਆ। "ਸਾਡੀ ਤਾਂ ਸਾਲ਼ੀ ਜ਼ਿੰਦਗੀ ਧੰਦ ਪਿੱਟਦਿਆਂ ਦੀ ਹੀ ਲੰਘ ਜਾਣੀ ਐਂ, ਅਸੀਂ ਪਤਾ ਨੀ ਰੱਬ ਦੇ ਕਿਹੜੇ ਮਾਂਹ ਮਾਰੇ ਨੇ।"

ਮੈਂ ਕਿਹਾ ਸੀ, "ਤੈਨੂੰ ਕੰਟੀਨ ਦਾ ਠੇਕਾ ਨਾ ਲੈ ਦਈਏ, ਨਾਲੇ ਤੈਨੂੰ ਬਰੈੱਡ ਪਕੌੜੇ ਬਣਾਉਣੇ ਆਉਂਦੇ ਨੇ।"

ਉਹ ਖੁਸ਼ ਹੋ ਗਿਆ। "ਆਹੋ... ਆਹੋ..., ਆ ਠੀਕ ਆ, ਲੈ ਸੱਚੀਂ ਯਾਰ ਇਹ ਹੋ ਸਕਦਾ?"

ਅਸੀਂ ਕਿਹਾ ਸੀ, "ਪੁੱਤ ਜੇ ਘਾਟਾ ਪੈ ਗਿਆ ਤਾਂ ਸਾਨੂੰ ਨਾ ਕਹੀਂ।"

ਘਾਟੇ ਵਾਲੀ ਗੱਲ ਸੁਣ ਉਹ ਚੁੱਪ ਕਰ ਗਿਆ। ਫੇਰ ਕਹਿੰਦਾ,"ਯਾਰ ਤੁਸੀਂ ਤਾਂ ਗੱਲ ਗੋਲ਼ ਮੋਲ਼ ਕਰਦੇ ਓਂ।"

ਨਾਲ਼ ਦੇ ਸਾਥੀ ਨੇ ਕਿਹਾ, "ਚਾਰ ਪੰਜ ਦਿਨ ਏਥੇ ਲਾ ਕੇ ਦੇਖਲਾ, ਜੇ ਤੈਨੂੰ ਕੋਈ ਫੈਦਾ ਲੱਗਦਾ ਹੋਇਆ ਫੇਰ ਕਰਦੇ ਆਂ ਕੋਈ ਜੁਗਾੜ।"

"ਚਾਰ ਪੰਜ ਦਿਨ.....? ਫੇਰ ਦਿਹਾੜੀ ਕੌਣ ਜਾਉਗਾ ਮੇਰਾ ਪਿਓ?"

ਮੈਂ ਹਾਸੇ 'ਚ ਕਿਹਾ, "ਯਾਰ ਜੇ ਇਹਨੂੰ ਏਥੇ ਕੋਈ ਕਾਜਲ ਪਸੰਦ ਆਗੀ, ਇਹ ਤਾਂ ਸਾਲ਼ਾ ਦੁਕਾਨ ਲੁਟਾਦੂ।"

ਇਕ ਨੇ ਤਾੜੀ ਮਾਰਦਿਆਂ ਕਿਹਾ, "ਅਗਲੀ ਮਾਂਜ ਕੇ ਰੱਖਦੂ ਪਤੀਲੇ ਵਾਂਗ।"

ਹੀਰਾ ਹੱਸਿਆ ਨਾ, ਮੈਂ ਕਿਹਾ, "ਹੁਣ ਤੈਨੂੰ ਕੀ ਸੱਪ ਸੁੰਘ ਗਿਆ? ਕਰਦੇ ਆਂ ਕੋਈ ਜੁਗਾੜ।"

ਹੀਰੇ ਨੇ ਜਰਦੇ ਦੀ ਪੁੜੀ ਕੱਢਦਿਆਂ ਕੰਟੀਨ 'ਚ ਨਿਗ ਾ ਮਾਰੀ, "ਕੁਰਸੀਆਂ ਮੇਜ, ਭਾਂਡੇ, ਗੈਸ, ਫਰਿੱਜ ਇਹ ਸਮਾਨ ਲਿਆਵਾਂਗੇ ਕਿੱਥੋਂ? ਪੈਸੇ ਤਾਂ ਕੋਲ਼ ਜਹਿਰ ਖਾਣ ਨੂੰ ਨੀ।"

"ਗੱਲ ਤਾਂ ਹੀਰੇ ਦੀ ਠੀਕ ਆ, ਕੰਟੀਨ ਦਾ ਠੇਕਾ ਅਲੱਗ, ਕੱਲ ਨੂੰ ਘਾਟਾ ਪੈ ਗਿਆ, ਇਹ ਕੀਹਦੀ ਮਾਂ ਨੂੰ ਮਾਸੀ ਕਹੂ।" ਮੈਂ ਹੀਰੇ ਦੇ ਮੋਢਿਆਂ 'ਤੇ ਹੱਥ ਰੱਖਦਿਆਂ ਕਿਹਾ।

ਹੀਰੇ ਨੇ ਜਰਦਾ ਬੁੱਲਾਂ ਥੱਲੇ ਰੱਖਦਿਆਂ ਕਿਹਾ, "ਦਾੜ੍ਹੀ ਨਾਲੋਂ ਮੁੱਛਾਂ ਭਾਰੀ ਹੋ ਜਾਣੀਆਂ ਮਿੱਤਰੋ"

"ਗੱਲ ਤਾਂ ਠੀਕ ਆ ਹੀਰੇ ਦੀ, ਚਾਦਰ ਦੇਖ ਕੇ ਹੀ ਪੈਰ ਪਸਾਰਨੇ ਚਾਹੀਦੇ ਨੇ।" ਹੀਰਾ ਜਿੰਨਾਂ ਉਸ ਦਿਨ ਕਾਲਜ ਆਉਣ ਲੱਗਿਆ ਖੁਸ਼ ਸੀ। ਓਨਾਂ ਹੀ ਉਹ ਢੈਲ਼ਾ ਹੋ ਗਿਆ ਸੀ, "ਚਲੋ ਯਾਰ ਪਿੰਡ ਚੱਲਦੇ ਆਂ, ਅੱਜ ਦਿਲ ਜਿਹਾ ਨਹੀਂ ਲੱਗਿਆ।"

ਮੈਂ ਵੀ ਕਿਹਾ, "ਚਲੋ ਯਾਰ, ਛੱਡੋ ਪੀਰਡਾਂ ਨੂੰ।" ਮੇਰਾ ਤਾਂ ਆਪ ਦਿਲ ਕਾਹਲੀ ਜਿਹਾ ਪੈ ਗਿਆ ਸੀ। ਉਸ ਦਿਨ ਮੈਨੂੰ ਅੱਚਵੀ ਜਿਹੀ ਲੱਗੀ ਰਹੀ। ਮੁੜਕੇ ਹੀਰੇ ਨੇ ਕਦੇ ਨਾ ਕਿਹਾ ਕਿ ਮੈਂ ਕਾਲਜ ਜਾਣਾ।

ਕਾਲਜ ਛੱਡਣ ਤੋਂ ਦੋ ਤਿੰਨ ਸਾਲਾਂ ਬਾਅਦ ਮੈਂ ਕੈਨੇਡਾ ਆ ਗਿਆ, ਪਿੱਛੋਂ ਪਤਾ ਲੱਗਿਆ ਸੀ ਕਿ ਹੀਰੇ ਦਾ ਵਿਆਹ ਹੋ ਗਿਆ।

........ ਛੋਟੇ ਹੁੰਦਿਆਂ ਖੇਤ 'ਚ ਰੋਟੀ ਚਾਹ ਫੜਾਉਣ ਜਾਣਾ ਤਾਂ ਹੀਰੇ ਨੂੰ ਨਾਲ਼ ਲੈ ਜਾਂਦਾ ਸੀ ਜਾਂ ਉਹ 'ਕੱਲਾ ਹੀ ਫੜਾ ਆਉਂਦਾ ਜਦ ਕਦੇ ਮੈਂ ਸ਼ਹਿਰ ਕਣਕ ਝੋਨਾ ਸੁੱਟਣ ਜਾਂ ਕੋਈ ਹੋਰ ਕੰਮ ਜਾਣਾ ਹੁੰਦਾ ਤਾਂ ਉਸ ਨੂੰ ਨਾਲ਼ ਲੈ ਜਾਂਦਾ। ਜੇ ਉਹ ਵਿਹਲਾ ਹੁੰਦਾ ਤਾਂ ਕਦੇ ਜੁਆਬ ਨੀ ਸੀ ਦਿੰਦਾ। ਬਾਪੂ ਨੇ ਉਸਨੂੰ ਕੋਈ ਕੰਮ ਕਹਿਣਾ ਤਾਂ ਕਦੇ ਮੱਥੇ ਵੱਟ ਨਾ ਪਾਉਂਦਾ। ਉਸਦੀ ਵੱਡੀ ਭੈਣ ਦੇ ਵਿਆਹ 'ਤੇ ਬਾਪੂ ਨੇ ਬਹੁਤ ਖਰਚਾ ਕੀਤਾ ਸੀ। ਬਾਪੂ ਕਹਿੰਦਾ ਸੀ, "ਕਿਸੇ ਗਰੀਬ ਕੁੜੀ ਦਾ ਵਿਆਹ ਕਰਨ ਤੋਂ ਵੱਡਾ ਕੋਈ ਪੁੰਨ ਦਾ ਕੰਮ ਨੀ।" ਪਤਾ ਨੀ ਇਸ ਕਰਕੇ ਉਹ ਅਹਿਸਾਨ ਮੰਨਦਾ ਸੀ।

ਹੀਰੇ ਦੇ ਮਾਂ ਪਿਓ ਨੂੰ ਕਦੇ ਪੈਸਿਆਂ ਦੀ ਲੋੜ ਹੁੰਦੀ ਤਾਂ ਬੇਬੇ ਬਾਪੂ ਕੋਲੋਂ ਲੈ ਜਾਂਦੇ ਪਰ ਬੇਬੇ ਬਾਪੂ ਨੇ ਕਦੇ ਪੈਸੇ ਵਾਪਸ ਨਹੀਂ ਸੀ ਮੰਗੇ। ਉਹ ਕਦੇ ਦੇ ਜਾਂਦੇ ਕਦੇ ਨਾ। ਉਸਦੀ ਮਾਂ, ਬੇਬੇ

ਨਾਲ਼ ਘਰ ਦਾ ਕੰਮ ਕਰਵਾ ਦਿੰਦੀ। ਹੀਰੇ ਦਾ ਪਿਓ ਕਈ ਸਾਲ ਸਾਡੇ ਨਾਲ਼ ਸਾਂਝੀ ਵੀ ਰਲ਼ਿਆ ਰਿਹਾ। ਮੇਰੀਆਂ ਵੱਡੀਆਂ ਭੈਣਾਂ ਦੇ ਜੁਆਕ ਉਹਨਾਂ ਨੂੰ ਮਾਮਾ ਜਾਂ ਨਾਨਾ ਹੀ ਕਹਿ ਕੇ ਬੁਲਾਉਂਦੇ ਸੀ ਤੇ ਅਸੀਂ ਹੀਰੇ ਦੇ ਪਿਓ ਨੂੰ ਚਾਚਾ ਕਹਿੰਦੇ।

………ਫੇਰ ਜਦੋਂ ਮੈਂ ਕਿੰਨੇ ਸਾਲਾਂ ਬਾਅਦ ਦੁਬਾਰਾ ਕੈਨੇਡਾ ਤੋਂ ਪਿੰਡ ਆਇਆ ਸੀ। ਮੈਨੂੰ ਪਿੰਡ ਦੇ ਸਾਰੇ ਯਾਰ ਦੋਸਤ ਮਿਲਣ ਲਈ ਆਏ ਪਰ ਹੀਰਾ ਨੀ ਸੀ ਆਇਆ। ਦੋ ਦਿਨ ਹੋਗੇ ਸੀ, ਮੈਂ ਬਾਪੂ ਕੋਲ਼ੋਂ ਪੁੱਛਿਆ, “ਹੀਰਾ ਨੀ ਆਇਆ ਮਿਲਣ, ਕੀ ਕਰਦਾ ਅੱਜ ਕੱਲ ?” ਬਾਪੂ ਨੇ ਦੱਸਿਆ ਸੀ ਕਿ ਪਿੰਡ ਵੜਦਿਆਂ ਨੂੰ ਜਿਹੜੀ ਫੈਕਟਰੀ ਲੱਗੀ ਆ, ਉੱਥੇ ਕੰਮ ਕਰਦਾ, ਐਤਵਾਰ ਨੂੰ ਹੀ ਕਦੇ ਕਦਾਈਂ ਗੇੜਾ ਮਾਰਦੈ।

ਰਾਤ ਨੂੰ ਮੈਂ ਉਸਦੇ ਘਰ ਮਿਲਣ ਗਿਆ। ਘਰ ਅੰਦਰ ਵੜਦਿਆ ਬਰਾਂਡੇ ’ਚ ਦੋ ਭੱਠੀਆਂ ਤੇ ਤਿੰਨ ਚਾਰ ਕੜਾਹੀਆਂ ਮੂਧੀਆਂ ਪਈਆਂ ਸਨ। ਮੈਨੂੰ ਦੇਖ ਹੀਰਾ ਹੈਰਾਨ ਹੋ ਗਿਆ ਸੀ। ਉਸਦੇ ਪੈਰ ਧਰਤੀ ’ਤੇ ਨੀ ਸੀ ਲੱਗ ਰਹੇ। “ਮੈਂ ਆਉਣਾ ਸੀ ਮਿਲਣ ਤੈਨੂੰ, ਚੱਲ ਤੂੰ ਆ ਗਿਆ, ਵਧੀਆ ਕੀਤਾ।” ਫੇਰ ਜੁਆਕਾਂ ਨੂੰ ਕਹਿੰਦਾ, “ਲਾਓ ਪੈਰੀਂ ਹੱਥ, ਥੋਡਾ ਚਾਚਾ ਆਇਆ।” ਉਸਦੇ ਦੋ ਮੁੰਡੇ ਤੇ ਇਕ ਕੁੜੀ ਆ। ਮੈਂ ਪੁੱਛਿਆ ਸੀ, “ਕਿੰਨਵੀ ਕਿੰਨਵੀ ’ਚ ਪੜ ਦੇ ਨੇ ?”

“ਇਕ ਚੌਥੀ ’ਚ, ਇਕ ਪੰਜਵੀਂ ’ਚ ਤੇ ਇਕ ਛੇਵੀਂ ’ਚ।”

“ਸਾਲ਼ਿਆ ਉਪਰੋਂ ਥਲ਼ੀ ਦੇ ਨੇ।”

“ਬਸ ਕਰਿਆ ਕਰ, ਤੇਰੀ ਮਜਾਕ ਕਰਨ ਦੀ ਆਦਤ ਗਈ ਨੀ,” ਫੇਰ ਬੱਚਿਆਂ ਨੂੰ ਪੁੱਛਦਾ,“ ਕਿੱਥੇ ਆ ਥੋਡੀ ਮੰਮੀ?” ਐਨੇ ਨੂੰ ਉਹ ਆਗੀ, ਸਾਸਰੀਕਾਲ ਕੀਤੀ, “ਤੇਰਾ ਦਿਓਰ ਆਇਆ, ਕੋਈ ਚਾਹ ਦੁੱਧ ਲੈ ਆ।” ਉਸਦੀ ਘਰਵਾਲੀ ਚਾਹ ਬਣਾ ਲਿਆਈ। ਮੈਂ ਕਿਹਾ, “ਭਰਜਾਈ ਆ ਖੇਚਲ ਕਰਨ ਦੀ ਕੀ ਲੋੜ ਪਈ ਸੀ, ਮੈਂ ਕਿਹੜਾ ਦੂਰੋਂ ਆਇਆਂ।”

“ਵੀਰ ਜੀ, ਸਾਡੇ ਲਈ ਤਾਂ ਤੁਸੀਂ ਦੂਰੋਂ ਹੀ ਆਏ ਹੋਂ, ਹੋਰ ਰੋਟੀ ਦੀ ਤਿਆਰੀ ਕਰਾਂ ਵੀਰ ਜੀ?”

“ਨਹੀਂ ਨਹੀਂ ਜੀ, ਹਲੇ ਕਿੱਥੇ ਰੋਟੀ ਦਾ ਟੈਮ ਹੋਇਆ।” ਉਹ ਰਸੋਈ ’ਚ ਚਲੇ ਗਈ, ਮੈਂ ਹੀਰੇ ਨੂੰ ਕਿਹਾ, “ਯਾਰ ਕਾਜਲ ਤਾਂ ਕਮਜ਼ੋਰ ਆ, ਕੁਝ ਖਲਾਇਆ ਪਲਾਇਆ ਕਰ।”

“ਕਾਜਲ………?” ਫੇਰ ਮੱਥੇ ’ਤੇ ਹੱਥ ਮਾਰਿਆ ਤੇ ਹੱਸਿਆ…। “ਮਿੱਤਰਾ ਭੁੱਲਿਆ ਨੀ ਤੂੰ ਪੁਰਾਣੀਆਂ ਗੱਲਾਂ ਨੂੰ।” ਫੇਰ ਚੁੱਪ ਤੋਂ ਬਾਅਦ ਹੀਰੇ ਨੇ ਹਉਕਾ ਭਰਦਿਆਂ ਕਿਹਾ, “ਹੁਣ ਤਾਂ ਜੁਆਕਾਂ ਨੂੰ ਲਾਵਾਂਗੇ ਕਾਲਜ ਪੜ ਨ।”

“ਫਿਕਰ ਕਿਉਂ ਕਰਦੈਂ, ਬਥੇਰਾ ਪੜ ਜਾਣਾ ਇਹਨਾਂ ਨੇ, ਅੱਗੇ ਸਮਾਂ ਹੋਰ ਸੀ ਤੇ ਹੁਣ……। ਜੇ ਕਿਸੇ ਚੀਜ਼ ਦੀ ਲੋੜ ਹੋਈ ਤਾਂ ਦੱਸ ਦਈਂ, ਐਂਵੇਂ ਔਖਾ ਨਾ ਹੋਵੀਂ।” ਪਰ ਉਸਦੀ ਸਿਫ਼ਤ ਆ, ਅੱਜ ਤੱਕ ਉਸ ਨੇ ਮੈਨੂੰ ਕੋਈ ਸੁਆਲ ਨੀ ਸੀ ਪਾਇਆ।

“ਜੁਆਕ ਪੜ ਨ ’ਚ ਤਾਂ ਹੁਸ਼ਿਆਰ ਨੇ।” ਹੀਰੇ ਨੇ ਦੱਸਿਆ ਸੀ।

“ਅੱਜ ਕੱਲ ਤਾਂ ਜੰਮਦੇ ਹੀ ਹੁਸ਼ਿਆਰ ਨੇ, ਹੋਰ ਸੁਣਾ ਫੇਰ ਖੇਡਦੀ ਆ ਕਾਟੋ ਫੁੱਲਾਂ ’ਤੇ?” ਮੈਂ ਪੁੱਛਿਆ।

“ਕਾਟੋ ਤਾਂ ਭਰਾਵਾ ਤੇਰੀ ਖੇਡਦੀ ਆ ਫੁੱਲਾਂ ’ਤੇ, ਅਸੀਂ ਤਾਂ ਘਰੋਂ ਫੈਕਟਰੀ ਤੇ ਫੈਕਟਰੀਓਂ

ਸਿੱਧਾ ਘਰੇ।"

"ਸਾਡਾ ਵੀ ਕੈਨੇਡਾ ਇਹੀ ਹਾਲ ਆ, ਸਿਰ ਖੁਰਕਣ ਦੀ ਵਿਹਲ ਨੀ, ਓਥੇ ਮੈਂ ਤਾਂ ਤੇਰੇ ਭਤੀਜਿਆਂ ਨੂੰ ਕਈ ਵਾਰੀ ਸੁੱਤਾ ਪਿਆ ਹੀ ਦੇਖਦਾਂ।"

"ਉਹ ਕਿਓਂ?"

"ਕੰਮ ਕਾਰ ਹੀ ਐਨਾ, ਏਥੇ ਜਿੰਨੀ ਐਸ਼ ਨੀ ਓਥੇ।"

"ਐਂ ਕਰੋ, ਤੁਸੀਂ ਏਥੇ ਐਸ਼ ਕਰਲੋ, ਸਾਨੂੰ ਭੇਜਦੋ ਓਥੇ।" ਕਹਿ ਕੇ ਹੱਸ ਪਿਆ।

"ਦੂਜੇ ਦੀ ਥਾਲੀ 'ਚ ਲੱਡੂ ਬੜਾ ਹੀ ਲੱਗਦਾ।"

"ਬਾਈ ਲੱਡੂ ਤਾਂ ਬੜਾ ਹੈਗਾ ਈ ਆ, ਆਹ ਤਾਂ ਤੂੰ ਝੂਠ ਬੋਲਦੈਂ। ਏਥੇ ਸਾਨੂੰ ਸੌ ਫਿਕਰ ਨੇ, ਅੱਧਾ ਘੰਟਾ ਲੇਟ ਹੋਜੀਐ ਤਾਂ ਮਨੇਜਰ ਅੱਖਾਂ ਕੱਢਦੇ, ਬਿਹਾਰੀਏ ਲਿਆ ਕੇ ਬਠਾਤੇ ਸਾਡੇ ਸਿਰਾਂ 'ਤੇ, ਕਈ ਵਾਰ ਤਾਂ ਘਰੇ ਆ ਕੇ ਵੀ 'ਹਮਕੋ..... ਤੁਮਕੋ......' ਕਰਨਾ ਸ਼ੁਰੂ ਕਰ ਦਿੰਨੇ ਆਂ। ਚੱਲ ਹੋਰ ਸੁਣਾ ਆਪਾਂ ਵੀ ਕਿਹੜੀਆਂ ਗੱਲਾਂ ਲੈ ਕੇ ਬਹਿਗੇ।" ਮੈਨੂੰ ਲੱਗਿਆ ਸੀ ਜਿਵੇਂ ਉਹ ਆਪਣਾ ਗੁੱਭ ਗੁਭਾਟ ਬਾਹਰ ਕੱਢ ਰਿਹਾ ਹੋਵੇ। ਮੈਂ ਪੁੱਛਿਆ ਕਿ ਵੱਟਸਐਪ, ਫੇਸਬੁੱਕ ਨੀ ਚਲਾਉਂਦਾ? ਉਸਨੇ ਜੇਬ 'ਚੋਂ ਛੋਟਾ ਜਿਹਾ ਮੋਬਾਇਲ ਕੱਢਦਿਆਂ ਕਿਹਾ ਕਿ ਸਾਡੇ ਕੋਲ ਤਾਂ ਆਹੀ ਆ ਟਿੱਡਾ ਜਿਹਾ, ਤੇਰਾ ਭਤੀਜਾ ਕਹਿੰਦਾ ਕਿ ਮੈਨੂੰ ਵੱਡਾ ਮੋਬਾਇਲ ਲੈ ਕੇ ਦਿਓ ਮੈਂ ਉਹਤੇ ਗੇਮਾਂ ਖੇਡਣੀਆਂ ਨੇ। ਮੈਂ ਕਿਹਾ ਕਿ ਸਾਲ਼ਿਆ ਫੋਨਾਂ ਤੇ ਕਿਹੜੀਆਂ ਗੇਮਾਂ ਖੇਡੀਆਂ ਜਾਂਦੀਆਂ ਨੇ। ਗਰਾਊਂਡ ਜਾਇਆ ਕਰੋ।

"ਕੋਈ ਨਾ ਮੈਂ ਦੇਖਦਾਂ ਕੋਈ ਮੋਬਾਇਲ।" ਮੈਂ ਕਿਹਾ ਸੀ,

"ਸਾਡੀ ਤਾਂ ਵੀਰ ਮੰਗ੍ਹਾਈ ਨੇ ਧੁੱਕੀ ਕੱਢੀ ਪਈ ਆ, ਨਾ ਉੱਧਰ ਹੈਗੀ ਮੰਗ੍ਹਾਈ?" ਫੇਰ ਥੋੜ ਾ ਉਦਾਸ ਹੁੰਦਾ ਕਹਿੰਦਾ, "ਆ ਤਾਂ ਤੇਰੇ ਬੇਬੇ ਬਾਪੂ ਦੀ ਕਿਰਪਾ ਆ, ਨਹੀਂ ਕੌਣ ਪੁੱਛਦਾ ਮਾਹਤੜਾਂ ਨੂੰ?" ਆਉਣ ਲੱਗਿਆਂ ਮੈਂ ਬੱਚਿਆਂ ਨੂੰ ਪੰਜ-ਪੰਜ ਸੌ ਰੁਪਏ ਦਿੱਤੇ, ਹੀਰਾ ਕਹਿੰਦਾ "ਨਹੀਂ..... ਨਹੀਂ....., ਭਰਾ ਆਹ ਨੀ ਲੈਣੇ... ਹੋਰ ਸਾਡੇ 'ਤੇ ਘੱਟ ਅਹਿਸਾਨ ਨੇ, ਆ ਖੇਚਲ ਨਾ ਕਰ।"

"ਓਹ..... ਹੋ..... ਮੈਂ ਤੈਨੂੰ ਥੋੜਾ ਦੇ ਰਿਹਾਂ, ਆਪਣੇ ਭਤੀਜਿਆਂ ਨੂੰ ਦੇ ਰਿਹਾਂ ਫੇਰ ਭਰਜਾਈ ਕਹੂ ਕਿ ਥੋਡਾ ਦੋਸਤ ਤਾਂ ਹੱਥ ਲਮਕਾਉਂਦਾ ਆ ਗਿਆ। ਫੇਰ ਕਿਸੇ ਦਿਨ ਆਜੀਂ ਘਰੇ, ਖੜਕਾਉਂਦੇ ਆਂ ਗਲਾਸੀ....।"

"ਅੱਛਿਆ ਬਾਹਰੋ ਲਿਆਂਦੀ ਆ?" ਉਹ ਖੁਸ਼ ਹੋ ਗਿਆ, "ਮੈਂ ਮਾਰੂੰ ਗੇੜਾ।" ਉਹ ਮੈਨੂੰ ਘਰ ਤੱਕ ਛੱਡਣ ਆ ਗਿਆ।

.......ਐਤਵਾਰ ਨੂੰ ਉਹ ਘਰੇ ਆਇਆ। ਅਸੀਂ ਕਾਫੀ ਦੇਰ ਗੱਲਾਂ ਕਰਦੇ ਰਹੇ। ਬੇਬੇ ਬਾਪੂ ਵੀ ਕੋਲ਼ ਬੈਠੇ ਰਹੇ। ਹੀਰਾ ਕਹਿੰਦਾ। "ਇਹ ਤਾਂ ਬਾਪੂ ਜੀ ਨੇ ਨੀਲੇ ਪੀਲ਼ੇ ਕਾਰਡ ਬਣਾਤੇ ਸੀ ਤਾਂ ਸਰੀ ਜਾਂਦਾ। ਇਕ ਹੋਰ ਆਏ ਸੀ ਵੋਟਾਂ 'ਚ ਕਹਿੰਦੇ ਸੀ ਕਿ ਖੰਡ, ਚਾਹ ਪੱਤੀ, ਦੇਸੀ ਘਿਓ ਵੀ ਦੇਵਾਂਗੇ।"

ਪਰ ਬਾਪੂ ਨੇ ਕਿਹਾ ਸੀ, "ਲਾਰੇ ਨੇ ਭਾਈ ਸਰਕਾਰਾਂ ਦੇ, ਨਾਲ਼ੇ ਕਿਸੇ ਨੇ ਸੱਚ ਹੀ ਕਿਹਾ ਕਿ ਭੁੱਖੇ ਨੂੰ ਮੱਛੀ ਨਾ ਦਓ, ਉਹਨੂੰ ਮੱਛੀ ਫੜਨੀ ਸਿਖਾਓ, ਜੇ ਐਧਰ ਕੋਈ ਕੰਮ ਕਾਰ ਮਿਲਦਾ ਹੋਵੇ, ਕਾਹਨੂੰ ਜੁਆਕਾਂ ਨੂੰ ਬਾਹਰ ਭੇਜਣ ਦੀ ਲੋੜ ਆ। ਜੁਆਕਾਂ ਨੂੰ ਅੱਖੋਂ ਦੂਰ ਕਰਨਾ ਕਿਤੇ

ਸੌਖਾ।'' ਬਾਪੂ ਨੇ ਮੇਰੇ ਮੌਢੇ 'ਤੇ ਹੱਥ ਰੱਖਦਿਆਂ ਕਿਹਾ ਸੀ। ਮੈਨੂੰ ਲੱਗਿਆ ਜਿਵੇਂ ਬਾਪੂ ਨੇ ਅੱਖਾਂ ਭਰ ਲਈਆਂ ਹੋਣ। ''ਤੁਸੀਂ ਕਰੋ ਗੱਲਾਂ.....।'' ਕਹਿ ਬਾਪੂ ਅੰਦਰ ਚਲਾ ਗਿਆ। ਬੇਬੇ ਕਹਿੰਦੀ, ''ਹੀਰਿਆ ਆ ਮੰਜਿਆਂ ਦੀ ਦੌਣ ਕਸ ਦਈਂ, ਕਿੰਨੇ ਦਿਨਾਂ ਦੀ ਉਡੀਕਦੀ ਸੀ ਤੈਨੂੰ, ਮੈਂ ਚਾਹ ਲਿਆਉਨੀ ਆਂ ਥੋਨੂੰ।''

''ਲੈ ਅੰਮਾ ਹੁਣੇ ਈਂ ਕਸ ਦਿੰਨਾ।'' ਕਹਿ ਜਦੇ ਹੀ ਮੰਜਾ ਡਾਹ ਲਿਆ। ਮੈਂ ਹੀਰੇ ਤੋਂ ਪੁੱਛਿਆ ਸੀ ਕਿ ਕੱਲ ਨੂੰ ਕੀ ਕਰਦਾਂ?

''ਫੈਕਟਰੀ ਜਾਣਾ, ਕੀ ਗੱਲ ਹੋਗੀ?''

''ਵਿਆਹ ਕਿਸੇ ਦੋਸਤ ਦਾ ਚੱਲੀਏ? ਬਾਪੂ ਕਹਿੰਦਾ ਸੀ ਕਿ ਹੀਰੇ ਨੂੰ ਨਾਲ ਲੈਜੀਂ, ਸਾਥ ਹੋਜੂ।''

ਉਸਨੇ ਪਾਂਧਾ ਨਾ ਪੁੱਛਿਆ, ''ਚੱਲਦੇ ਆਂ ਵੀਰ।''

''ਦੇਖਲਾ ਛੁੱਟੀ ਵੀ ਦੇ ਦੇਣਗੇ, ਕੋਈ ਜ਼ਰੂਰੀ ਕੰਮ ਤਾਂ ਨੀ? ਐਵੇਂ ਦਿਹਾੜੀ ਨਾ ਖਰਾਬ ਕਰ ਲਵੀਂ।''

''ਲੈ ਆਪਾਂ ਕਿਹੜਾ ਰੋਜ਼ ਹੀ ਛੁੱਟੀਆਂ ਕਰਦੇ ਆਂ...।'' ਹੀਰੇ ਨੇ ਮੈਨੇਜਰ ਨੂੰ ਜਦੇ ਫੋਨ ਲਾਇਆ ਕਿ ਮੈਂ ਕੱਲ ਨੀ ਆਉਣਾ, ਰਿਸ਼ਤੇਦਾਰੀ 'ਚ ਵਿਆਹ ਆ। ਜਵਾਬ ਤਾਂ ਉਸਨੇ ਕਦੇ ਦਿੱਤਾ ਹੀ ਨਹੀਂ ਸੀ ਕਿਸੇ ਕੰਮ ਨੂੰ।

....ਵਿਆਹ 'ਚ ਅਸੀਂ ਆਪਣੀ ਆਪਣੀ ਪਲੇਟ 'ਚ ਪਕੌੜੇ ਤੇ ਹੋਰ ਨਿੱਕ ਸੁੱਕ ਪਾ ਲਿਆ। ਮੈਂ ਪਕੌੜੇ ਖਾਂਦਿਆ ਕਿਹਾ, ''ਹੀਰਿਆ ਉਹ ਪਕੌੜਿਆਂ ਦਾ ਸੁਆਦ ਨੀ ਮਿਲਦਾ, ਜਿਹੜਾ ਮੇਲਿਆਂ 'ਤੇ ਤੂੰ ਤੇ ਚਾਚਾ ਬਣਾਉਂਦੇ ਸੀ।'' ਸਾਡੇ ਸਾਹਮਣੇ ਇਕ ਦੋ ਬੰਦਿਆਂ ਨੇ ਦੋ ਚਾਰ ਪਕੌੜੇ ਖਾ ਕੇ, ਬਾਕੀ ਬਚੇ ਪਕੌੜਿਆਂ ਦੀ ਪਲੇਟਾਂ 'ਡਸਟਬਿਨ' 'ਚ ਰੱਖ ਦਿੱਤੀਆਂ। ਹੀਰਾ ਬੜੇ ਗਹੁ ਨਾਲ਼ ਦੇਖਦਾ ਬੁੜਬੜਾ ਰਿਹਾ ਸੀ। ਮੈਂ ਪੁੱਛਿਆ, ''ਕੀ ਹੋ ਗਿਆ ਤੈਨੂੰ?''

ਉਹ ਕਹਿੰਦਾ, ''ਜਦ ਲੋਕ ਮੁੱਲ ਲੈ ਕੇ ਪਕੌੜੇ ਖਾਂਦੇ ਸੀ ਮੇਲਿਆਂ 'ਤੇ ਤਾਂ ਚਟਨੀ ਵਾਲਾ ਅਖ਼ਬਾਰ ਵੀ ਖਾਣ ਨੂੰ ਜਾਂਦੇ ਸੀ। ਏਥੇ ਦੇਖਲਾ ਕਿਵੇਂ ਜੂਠ ਛੱਡਦੇ ਨੇ।'' ਮੈਂ ਵੀ ਪਕੌੜੇ ਰੱਖਣਾ ਚਾਹੁੰਦਾ ਸੀ ਪਰ ਫੇਰ ਔਖੇ ਸੌਖੇ ਨੇ ਖਾ ਲਏ ਇਕ ਦੋ ਬਚਦੇ ਉਸਦੀ ਪਲੇਟ 'ਚ ਰੱਖਤੇ। ''ਵਿਆਹਾਂ 'ਚ ਇਸ ਤਰ ਾਂ ਹੀ ਲੋਕ ਜੂਠਾਂ ਛੱਡਦੇ ਨੇ, ਤੂੰ ਐਂਵੇਂ ਟੈਨਸ਼ਨ ਨਾ ਲਿਆ ਕਰ।'' ਦੁਪਹਿਰ ਤੋਂ ਬਾਅਦ ਸ਼ਰਾਬ ਸ਼ੁਰੂ ਹੋ ਗਈ ਸੀ। ਹੀਰੇ ਨੇ ਪੁੱਛਿਆ, ''ਲਾਈਐ ਫੇਰ ਛਿਟ-ਛਿੱਟ?''

''ਤੂੰ ਲਾਲ਼ਾ ਮੈਂ ਗੱਡੀ ਵੀ ਚਲਾਉਣੀ ਆਂ। ਤੂੰ ਚੱਕ।'' ਉਸ ਨੇ ਮੁੱਛਾਂ 'ਤੇ ਹੱਥ ਫੇਰਦਿਆਂ ਪੈੱਗ ਚੱਕ ਲਿਆ....। ''ਵੀਰ ਵੋਟਾਂ ਵਾਲੀ ਵੀ ਬਹੁਤ ਪੀਤੀ ਆ। ਅੰਗਰੇਜ਼ੀ ਦਾ ਸੁਆਦ ਹੀ 'ਲੱਗ ਆ।'' ਮੈਂ ਉਸਨੂੰ ਕਹਿਣਾ ਚਾਹੁੰਦਾ ਸੀ ਕਿ ਮੈਨੂੰ ਡਾਕਟਰ ਨੇ ਪੀਣ ਤੋਂ ਮਨ ਾ ਕੀਤਾ ਪਰ ਕਿਹਾ ਨਾ.......।

.......ਉਸ ਦਿਨ ਕੈਨੇਡਾ 'ਚ ਵਿਆਹ ਤੋਂ ਮੈਂ ਸ਼ਰਾਬ ਪੀ ਕੇ 'ਟੈਕਸੀ' ਲੈ ਘਰੇ ਆਇਆ ਸੀ। ਮੇਰੀ ਗੱਡੀ ਨਾ ਦੇਖ ਕੇ ਘਰਵਾਲੀ ਕਹਿੰਦੀ, ''ਅੱਜ ਤੁਸੀਂ ਠੀਕ ਨੀ ਲੱਗਦੇ।'' ਜੁਆਕ ਵੀ ਬਾਹਰ ਆ ਗਏ। ''ਨਾ ਫੇਰ ਤੁਸੀਂ ਟਲ਼ੇ ਨੀ।''

''ਨਹੀਂ... ਨਹੀਂ... ਬਚਪਨ ਦਾ ਕੋਈ ਦੋਸਤ ਹੀ ਐਸਾ ਟੱਕਰ ਗਿਆ ਸੀ। ਉਹਨੇ

ਖਹਿੜਾ ਹੀ ਨੀ ਛੱਡਿਆ, ਕਹਿੰਦਾ, ਮੇਰੇ ਕਰਕੇ ਲਾਲ਼ਾ ਇਕ ਪੈੱਗ।"

"ਐਹਜਾ ਕਿਹੜਾ ਦੋਸਤ ਟੱਕਰ ਗਿਆ? ਏਥੇ ਬਚਪਨ ਦਾ।"

"ਤੂੰ ਨੀ ਜਾਣਦੀ ਹੈਗਾ ਇੱਕ.......।" ਮੈਂ ਬੁੜਬੜਾਇਆ ਕਿ ਮੈਨੂੰ ਹੀਰਾ ਟੱਕਰ ਗਿਆ ਸੀ। ਉਹ ਤਾਂ ਮੇਰੇ ਦਿਮਾਗ 'ਚ ਘੁੰਮ ਰਿਹਾ ਸੀ।

"ਬਹੁਤ ਝੂਠ ਬੋਲਦੇ ਓਂ ਤੁਸੀਂ, ਮੈਂ ਥੋਡੀ ਰਗ਼ ਰਗ਼ ਨੂੰ ਜਾਣਦੀ ਆਂ।" ਜੁਆਕ ਮੈਨੂੰ ਕੌੜਾ ਕੌੜਾ ਝਾਕਦੇ ਅੰਦਰ ਚਲੇ ਗਏ। ਮੈਂ ਹਸਦਿਆਂ ਨਸ਼ੇ ਦੀ ਲੋਰ 'ਚ 'ਡਾਇਲਾਗ' ਮਾਰਿਆ, "ਬੰਦਾ ਮਿੱਟੀ 'ਚੋਂ ਹੀ ਪੈਦਾ ਹੁੰਦਾ, ਅਖ਼ੀਰ ਮਿੱਟੀ 'ਚ ਹੀ ਮਿਲ ਜਾਂਦਾ ਜੇ ਕਦੇ ਛਿਟ-ਛਿਟ ਦਾਰੂ ਪੀ ਵੀ ਲਈ ਤਾਂ ਇਹਦਾ ਨੁਕਸਾਨ ਵੀ ਕੀ ਆ?"

ਉਹ ਭੜ ਕ ਉੱਠੀ, "ਤੁਸੀਂ ਕਿਤੇ ਸਾਨੂੰ ਹੀ ਨਾ ਮਿੱਟੀ 'ਚ ਰਲ਼ਾ ਦਿਓ। ਜੇ ਕੋਈ ਇਹਦਾ ਨੁਕਸਾਨ ਨੀ, ਤਾਂ ਮੈਨੂੰ ਵੀ ਦੇਦੋ ਛਿੱਟ-ਛਿੱਟ। ਬੱਚਿਆਂ ਨੂੰ ਵੀ ਦੇਦੋ ਛਿੱਟ-ਛਿੱਟ।"

"ਓਹ...ਹੋ ...... ਮੈਂ ਤਾਂ ਮਜ਼ਾਕ ਕਰਦਾ ਸੀ, ਗਲਤੀ ਹੋਗੀ ਜਨਾਬ, ਅੱਗੇ ਤੋਂ ਨੀ ਪੀਂਦਾ ਮੇਰੀ ਮਾਂ।" ਉਹ ਗੁੱਸੇ 'ਚ ਮੂੰਹ ਬਣਾ ਕੇ ਬੈੱਡਰੂਮ 'ਚ ਚਲੇ ਗਈ। ਮੈਨੂੰ ਅੱਚਵੀ ਜਿਹੀ ਲੱਗੀ ਰਹੀ। ਭੰਨਾਘੜਤਾਂ 'ਚ ਫਿਰ ਕਦੋਂ ਅੱਖ ਲੱਗ ਗਈ, ਪਤਾ ਹੀ ਨਾ ਲੱਗਿਆ।

ਸਵੇਰੇ ਉੱਠਿਆ, ਉਹ ਕੰਮ 'ਤੇ ਚਲੇ ਗਈ ਸੀ। ਬੱਚੇ ਸਕੂਲ ਪਰ ਮੇਰਾ ਕੰਮ 'ਤੇ ਜਾਣ ਨੂੰ ਉੱਕਾ ਹੀ ਮਨ ਨਾ ਕਰਿਆ। ਰਾਤ ਨੂੰ ਜਦ ਉਸਦਾ ਗੁੱਸਾ ਢੈਲ਼ਾ ਹੋਇਆ। ਅਸੀਂ ਬੈੱਡਰੂਮ 'ਚ ਬੈਠੇ ਸੀ। ਲੌਬੀ 'ਚ ਬੱਚੇ 'ਵੀਡੀਓ ਗੇਮ' ਖੇਡ ਰਹੇ ਸਨ। "ਗ਼ਲਤੀ ਹੋਗੀ, ਅੱਗੇ ਤੋਂ ਨੀ ਪੀਂਦਾ।" ਪਰ ਉਹ ਚੁੱਪ ਚਾਪ ਮੋਬਾਇਲ ਚਲਾਉਂਦੀ ਰਹੀ......। ਫੇਰ ਕਾਫੀ ਦੇਰ ਬਾਅਦ ਚੁੱਪ ਤੋੜਦੀ, "ਕੀ ਗੱਲ ਹੋਗੀ ਸੀ? ਕੋਈ ਟੈਨਸ਼ਨ ਸੀ? ਤਿੰਨ ਚਾਰ ਮਹੀਨੇ ਹੋਗੇ, ਤੁਸੀਂ ਤਾਂ ਮੂੰਹ ਵੀ ਨੀ ਸੀ ਲਾਇਆ।" ਮੈਂ ਮਿੰਨਾ ਜਿਹਾ ਮੁਸਕਰਾਇਆ। "ਇਹ ਤਾਂ ਤੁਸੀਂ ਓਪਰੋਂ ਉਪਰੋਂ ਹੱਸਦੇ ਓਂ, ਗੱਲ ਦੱਸੋ?" ਮੈਂ ਮੂੰਹ ਘੁੰਮਾ ਲਿਆ। ਫਿਰ ਉਸਨੇ ਮੇਰਾ ਹੱਥ ਘੁੱਟਦਿਆਂ ਪੁੱਛਿਆ, "ਜੇ ਕੋਈ ਬੋਝ ਹੈ ਦੱਸੋ? ਮਨ ਹੌਲ਼ਾ ਹੋ ਜਾਂਦਾ। ਮੈਂ ਸਭ ਜਾਣਦੀ ਹਾਂ।"

ਮੈਂ ਸਾਹ ਭਰਦਿਆਂ ਕਿਹਾ, "ਜਦੋਂ ਮੈਂ ਪਿੰਡ ਹੀਰੇ ਨੂੰ ਆਪਣੇ ਨਾਲ਼ ਵਿਆਹ ਲੈ ਕੇ ਗਿਆ ਸੀ। ਵਾਪਸੀ ਤੇ ਮੈਂ ਉਸਨੂੰ ਪੁੱਛਿਆ ਸੀ ਕਿ ਰੱਜ ਕੇ ਖਾ ਪੀ ਲਿਆ ਸੀ? ਨਸ਼ੇ ਦੀ ਲੋਰ 'ਚ ਉਹ ਕਹਿੰਦਾ, ਹਾਂ... ਹਾਂ... ਖਾ ਪੀ ਲਿਆ ਸੀ ਰੱਜ ਕੇ। ਤਿੰਨ ਚਾਰ ਕੌਲੀਆਂ ਕਹਿੰਦਾ, ਮੈਂ ਆਈਸਕ੍ਰੀਮ ਦੀਆਂ ਖਾ ਗਿਆ।" ਫੇਰ ਮੈਂ ਚੁੱਪ ਕਰ ਗਿਆ, ਘਰਵਾਲੀ ਨੇ ਕਿਹਾ ਕਿ ਅੱਗੇ ਦੱਸੋ? ਮੇਰੀਆਂ ਅੱਖਾਂ 'ਚ ਪਾਣੀ ਆ ਗਿਆ। ਹੀਰਾ ਕਹਿੰਦਾ, "ਮੁੱਲ ਲੈ ਕੇ ਕਿੱਥੇ ਖਾਧੀਆਂ ਜਾਂਦੀਆਂ ਨੇ ਐਸਕ੍ਰੀਮਾਂ ਨਾਲ਼ੇ ਗੁਲਾਬ ਜਾਮਣਾ। ਨਾਲ਼ੇ ਹੁਣ ਕੀ ਪਤਾ ਕੀਹਦਾ ਵਿਆਹ ਆਉਣਾ? ਕੀਹਦਾ ਨਹੀਂ। ਮੈਂ ਤਾਂ ਕਿੰਨੀ ਦੇਰ ਬਾਅਦ ਹੀ ਐਸਕ੍ਰੀਮ ਖਾਧੀ ਆ। ਮੈਥੋਂ ਤਾਂ ਜੁਆਕਾਂ ਨੂੰ ਕੁਲਫ਼ੀ ਨੀ ਲੈ ਕੇ ਦੇ ਹੁੰਦੀ ਛੇਤੀ ਛੇਤੀ।"

"ਬਸ ਆਹੀ ਟੈਨਸ਼ਨ ਹੋਗੀ ਸੀ।" ਮੈਂ ਅੱਖਾਂ 'ਚੋਂ ਪਾਣੀ ਸਾਫ਼ ਕੀਤਾ, ਉਹ ਮੈਨੂੰ ਬੱਚਿਆਂ ਵਾਂਗ ਲਾਡ ਲਡਾਉਂਦੀ, "ਨਾ ਮੇਰੇ ਬੁੱਗੇ, ਤੁਸੀਂ ਤਾਂ ਬਹੁਤ 'ਸੈਂਸਟਿਵ' ਹੋ।"

"ਹੁਣ ਮੈਂ ਸੋਚਦਾ ਪੰਜ ਕੁ ਸੌ ਡਾਲਰ ਹੀਰੇ ਨੂੰ ਭੇਜ ਦਵਾਂ।"

ਘਰਵਾਲੀ ਨੇ ਅੱਖਾਂ ਦਿਖਾਈਆਂ, "ਨਾ ਏਥੇ ਪੈਸੇ ਕਿਤੇ ਝਾੜਾਂ ਨੂੰ ਲੱਗਦੇ ਨੇ।" ਮੈਂ ਉਸ ਦੀ ਆ ਗੱਲ ਸੁਣ ਦੁਖ਼ੀ ਹੋ ਗਿਆ। ਐਨੇ ਨੂੰ 'ਡੋਰ ਬੈੱਲ' ਵੱਜੀ। "ਜਾਓ 'ਪੀਜ਼ਾ ਡਲਿਵਰੀ'

ਵਾਲਾ, 'ਫਿਫਟੀ ਡਾਲਰ ਆਨ ਲਾਇਨ' ਕਰ ਦਿਓ ਨਾਲ਼ੇ ਦੋ ਤਿੰਨ ਡਾਲਰ 'ਟਿੱਪ' ਵੀ ਦੇ ਦਿਓ।" ਕਹਿ ਆਪ ਫਰਿਜ ਵਿੱਚੋਂ ਕੋਲਡ ਡਰਿੰਕ ਲੈਣ ਚਲੀ ਗਈ।

ਮੈਂ ਪੀਜੇ ਲਿਆ ਟੇਬਲ 'ਤੇ ਰੱਖ ਦਿੱਤੇ। ਬੱਚੇ ਆਪੋ ਆਪਣਾ ਪੀਜ਼ਾ ਲੈ 'ਲੌਬੀ' ਵਿੱਚ ਬੈਠ ਗਏ। ਮੈਂ ਕੁਰਸੀ 'ਤੇ ਬੈਠ ਗਿਆ। ਘਰਵਾਲੀ ਨੇ ਕੁਰਸੀ ਕੋਲ਼ ਕਰ ਲਈ, "ਡੌਂਟ ਵਰੀ ਮੇਰੇ ਬੁੱਗੇ, ਹੁਣ ਮੇਰੀ ਗੱਲ ਧਿਆਨ ਨਾਲ਼ ਸੁਣੋ, ਆਪਾਂ ਇਸ ਤਰ ਾਂ ਕਰਦੇ ਆਂ ਕਿ ਮਹੀਨੇ 'ਚ ਇਕ ਦੋ ਦਿਨ 40-50 ਡਾਲਰਾਂ ਵਾਲੇ ਪੀਜ਼ੇ ਨਹੀਂ ਖਾਇਆ ਕਰਾਂਗੇ ਜਾਂ ਇਹ ਕਹਿ ਲਵੋ ਇਕ ਦੋ ਪੀਜ਼ੇ ਹੋਰ ਵੱਧ ਖਾ ਲਏ। ਆਹੀ ਡਾਲਰ ਹਰੇਕ ਮਹੀਨੇ ਹੀਰੇ ਨੂੰ ਭੇਜ ਦਿਆਂ ਕਰਾਂਗੇ।" ਮੈਂ ਖੁਸ਼ ਹੋ ਗਿਆ ਤੇ ਉਸਦਾ ਹੱਥ ਘੁੱਟ ਲਿਆ, "ਸੱਚੀਂ......?"

"ਹਾਂ..... ਮੇਰੇ ਬੁੱਗੇ.....।" ਉਸਨੇ ਮੇਰਾ ਹੱਥ ਘੁੱਟਿਆ। ਮੇਰੀ ਜਾਨ 'ਚ ਜਾਨ ਪੈ ਗਈ।

"ਇਕ ਗੱਲ ਹੋਰ ਆ....., ਬਾਪੂ ਕਹਿੰਦਾ ਸੀ ਕਿ ਭੁੱਖੇ ਨੂੰ ਮੱਛੀ ਨਾ ਦਿਓ, ਉਹਨੂੰ ਮੱਛੀ ਫੜਨੀ ਸਿਖਾਓ। ਸਮਝ ਗਈ ਨਾ? ਮੈਂ ਕੀ ਕਹਿਣਾ ਚਾਹੁੰਨਾ.....।"

"ਆਹੋ..., ਥੋਡੇ ਹੀਰੇ ਨੇ ਤਾਂ ਜਿਹੜੇ ਮਗਰਮੱਛ ਫੜਨੇ ਸੀ, ਉਹ ਤਾਂ ਉਹਨੇ ਫੜ ਲਏ। ਹੁਣ ਉਹਦੇ ਬੱਚਿਆਂ ਨੂੰ ਮੱਛੀ ਫੜਨੀ ਸਿਖਾ ਦਿਆਂਗੇ। ਫੋਨ ਕਰ ਦਿਓ ਕਿ ਬੱਚਿਆਂ ਨੇ ਜਿੰਨਾ ਪੜ੍ਹ ਨਾ ਹੈ..., ਪੜ੍ਹ ਲੈਣ..., ਖਰਚਾ ਅਸੀਂ ਕਰਾਂਗੇ। ਹੁਣ ਖੁਸ਼ ਔਂ?" ਮੈਂ ਇਹ ਗੱਲ ਸੁਣ ਉਸਨੂੰ ਘੁੱਟ ਕੇ ਜੱਫੀ ਪਾ ਲਈ ਤੇ ਕਿਹਾ, "ਤੂੰ ਤਾਂ ਘੜੇ ਜਿੱਡਾ ਮੋਤੀ ਏਂ ਮੇਰੀ ਜਾਨ।"

"ਵੱਟ!....... ਘੜੇ ਜਿੱਡਾ ਮੋਤੀ?" ਉਸਨੇ ਹੈਰਾਨੀ ਨਾਲ ਪੁੱਛਿਆ।

"ਜਦੋਂ ਮੈਂ ਦਾਦੀ ਦਾ ਕੋਈ ਕੰਮ ਕਰਦਾ ਤਾਂ ਮੇਰੀ ਦਾਦੀ ਮੈਨੂੰ ਘੜੇ ਜਿੱਡਾ ਮੋਤੀ ਕਹਿੰਦੀ, ਅਸੀਸਾਂ ਦਿੰਦੀ, ਜਿਉਂਦਾ ਰਹਿ, ਵਸਦਾ ਰਹਿ, ਰੱਬ ਤੈਨੂੰ ਵੰਭਾ ਦਵੇ।"

ਫੇਰ ਘਰਾਵਲੀ ਮੱਥੇ 'ਤੇ ਹੱਥ ਮਾਰਦੀ ਮੁਸਕਰਾਉਂਦੀ, "ਤੁਸੀਂ ਵੀ ਬਸ......, ਹੁਣ ਛੱਡ ਵੀ ਦਿਓ ਆਪਣੀ ਛਿੱਟ-ਛਿੱਟ ਤੇ ਪੀਜ਼ਾ ਖਾਵੋ।" ਕਹਿ ਬੱਚਿਆਂ ਕੋਲ਼ ਚਲੀ ਗਈ। ਪੀਜ਼ੇ ਦਾ ਸੁਆਦ ਉਸ ਦਿਨ ਦੁੱਗਣਾ ਹੋ ਗਿਆ ਸੀ। ਬਿਲਕੁਲ ਮੇਲਿਆਂ ਦੇ ਪਤੌੜਾਂ ਵਰਗਾ।

## ਕਹਾਣੀ: ਘੜੇ ਜਿੱਡਾ ਮੋਤੀ: ਵਿਚਾਰ ਚਰਚਾ

ਮਹਿਲ ਸਿੰਘ: ਵਿਸ਼ੇ ਦੇ ਪੱਖੋਂ ਇਸ ਕਹਾਣੀ ਵਿਚੋਂ ਸਾਨੂੰ ਇੱਧਰ ਦੇ, ਤੇ ਓਧਰ ਦੇ ਜੀਵਨ ਦੀ ਝਲਕ ਵੀ ਮਿਲਦੀ ਹੈ, ਉਨ੍ਹਾਂ ਦੀ ਤੁਲਨਾ ਵੀ ਦਿਸਦੀ ਹੈ। ਪਰ ਕਹਾਣੀ ਦੇ ਸ਼ੁਰੂ ਦੇ ਸਫੇ ਇਕੋ ਥਾਂ ਘੁੰਮੀ ਜਾਂਦੇ ਹਨ। ਨਿੱਕੀ ਕਹਾਣੀ ਬਾਰੇ ਕਿਹਾ ਜਾਂਦਾ ਹੈ ਕਿ ਉਹ ਫੌਰੀ ਤੌਰ 'ਤੇ ਆਪਣੇ ਸਿਖਰ ਵੱਲ ਵਧਦੀ ਹੈ, ਉਹ ਇਸ ਕਹਾਣੀ ਵਿਚ ਨਹੀਂ ਦਿਸਦੀ। ਕਿਤੇ-ਕਿਤੇ ਦੁਹਰਾਅ ਵੀ ਦਿਸਦਾ ਹੈ, ਜਿਵੇਂ ਪਕੌੜਿਆਂ ਬਾਰੇ ਵੇਰਵਾ। ਫੇਰ ਜਿਵੇਂ ਉਹ ਔਰਤ ਯਕਦਮ ਆਪਣੇ ਪਤੀ ਦੇ ਦੋਸਤ ਦੀ ਮਦਦ ਕਰਨ ਲਈ ਮੰਨ ਜਾਂਦੀ ਹੈ, ਇੰਝ ਆਮ ਤੌਰ 'ਤੇ ਹੁੰਦਾ ਨਹੀਂ।ਪਤਨੀਏਨੀਆਸਾਨੀਨਾਲਪਤੀ ਨੂੰ ਘੜੇ ਜਿੱਡਾ ਮੋਤੀਨਹੀਂ ਬਣਨ ਦੇਂਦੀ।

**ਜਨਮੀਤ**: ਨਿਰਮਲ ਵਰਮਾ ਬਾਰੇ ਕਹਿੰਦੇ ਹੁੰਦੇ ਸੀ ਕਿ ਉਸਦੀਆਂ ਕਹਾਣੀਆਂ ਵਿਚ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਇਕ ਸੰਗੀਤ ਜਿਹਾ ਚਲਦਾ ਲਭਦਾ। ਗਲਪ ਦੇ ਵਿਚ ਸੰਗੀਤ ਭਰਨਾ ਔਖਾ ਹੁੰਦਾ। ਹਥਲੀ ਕਹਾਣੀ ਪੂਰੀ ਦੀ ਪੂਰੀ ਜਜ਼ਬਿਆਂ ਨਾਲ ਭਰੀ ਹੋਈ ਹੈ। ਇਹਦੇ

ਪਾਤਰ ਮੋਹ ਮੋਹੱਬਤ ਵਿਚ ਭਿੱਜੇ ਹੋਏ ਨੇ, ਤੇ ਉਸਨੂੰ ਕਾਇਮ ਵੀ ਰੱਖਣਾ ਚਾਹੁੰਦੇ ਹਨ, ਵਿਪਰੀਤ ਸਥਿਤੀਆਂ ਵਿਚ ਵੀ। ਇਕ ਗਰੀਬ ਹੈ, ਦੂਜਾ ਕਨੇਡਾ ਵਿਚ ਵਸਿਆ ਅਮੀਰ। ਮਹਿਲ ਸਿੰਘ ਹੁਰਾਂ ਨੇ ਦੁਹਰਾਅ ਦੀ ਗੱਲ ਕੀਤੀ ਹੈ, ਏਥੇ ਦੁਹਰਾਅ ਅਕਾਊ ਨਹੀਂ ਲਗਦਾ, ਬਲਕਿ ਇਸ ਵਿਚਲੇ ਸੰਗੀਤ ਨੂੰ ਹੋਰ ਤੀਬਰ ਕਰਦਾ। ਦੋ ਦੋਸਤਾਂ ਵਿਚ ਦੋਸਤੀ ਨਿਭਾਉਣ ਵਿਚ ਔਰਤ ਸਹਾਈ ਬਣਦੀ ਹੈ। ਮੈਨੂੰ ਤਾਂ ਕੋਈ ਵੀਪਾਤਰ ਗੈਰ-ਕੁਦਰਤੀ ਨਹੀਂ ਲੱਗਿਆ। ਹਾਂ, ਸ਼ਬਦ ਜੋੜਾਂ ਦੀਆਂ ਕੁਝ ਗਲਤੀਆਂ ਜ਼ਰੂਰ ਹਨ, ਉਹ ਪਰੂਫ ਦੀਆਂ ਵੀ ਹੋ ਸਕਦੀਆਂ।

**ਹਰਭਜਨ ਢਿਲੋਂ**: ਜਾੜ੍ਹ, ਜੜ੍ਹ ਵੀ ਹੋ ਸਕਦੀ ਹੈ, ਕਿ ਜੜ੍ਹ 'ਚ ਦਰਦ ਕਿਥੇ ਹੈ। ਤੇ ਜੇ ਜੜ੍ਹ 'ਚ ਦਰਦ ਹੈ, ਤਾਂ ਉਹ ਸਿਸਟਮ ਕਿਵੇਂ ਠੀਕ ਹੋਣਾ, ਉਹ ਠਾਕਣੀ ਕਿਵੇਂ ਹੈ! ਜੇ ਦਰਦ ਖਤਮ ਹੋਵੇਗਾ, ਤਾਂ ਹੀ ਖੁਸ਼ੀਆਂ ਪ੍ਰਾਪਤ ਹੋਣਗੀਆਂ, ਤਾਂ ਹੀ ਪਤਾਸੇ ਵੰਡੇ ਜਾਣਗੇ। ਜਦੋਂ ਉਹ ਬਾਰ-ਬਾਰ ਕਹਿੰਦਾ ਕਿ ਮੇਲੇ ਵਿਚ ਪਕੌੜਿਆਂ ਦਾ ਸੁਆਦ ਹੀ ਹੋਰ ਹੈ, ਤਾਂ ਜ਼ਿੰਦਗੀ ਵਿਚ ਪਦਾਰਥ ਦਾ ਮਜ਼ਾ ਉਦੋਂ ਦੁਗਣਾ ਹੁੰਦਾ ਹੈ, ਜਦੋਂ ਆਪਣੇ ਮਨ-ਇੱਛਕ ਸਥਿਤੀਆਂ ਪੈਦਾ ਹੁੰਦੀਆਂ ਨੇ, ਜਾਂ ਆਪਣੇ ਲੋਕ ਮਿਲਦੇ ਹਨ। ਅਸੀਂ ਅਕਸਰ ਦਾਰੂ ਪੀਂਦੇ ਹਾਂ, ਪਰ ਕੁਝ ਦੋਸਤਾਂ ਨਾਲ ਬਹਿ ਕੇ ਦਾਰੂ ਪੀਣ ਦਾ ਅਲੱਗ ਹੀ ਲੁਤਫ ਮਿਲਦਾ ਹੈ। ਮੇਰਾ ਇਕ ਦੋਸਤ ਹੈ, ਜਿਹੜਾ ਕਦੇ ਸਕੂਲ ਨਹੀਂ ਗਿਆ। ਆਪਣੇ ਪਿੰਡ ਜਾ ਕੇ ਮੈਂ ਇਕ ਵਾਰ ਜ਼ਰੂਰ ਉਸਦੇ ਨਾਲ ਬਹਿ ਕੇ ਦਾਰੂ ਪੀਣੀ  ਹੁੰਦੀ ਹੈ, ਤੇ ਉਹਨੇ ਜ਼ਰੂਰ ਪੁੱਛਣਾ ਹੁੰਦਾ ਕਿ ਮੈਨੂੰ ਅਕਲ ਕਦੋਂ ਆਉਣੀ ਹੈ! ਹਥਲੀ ਕਹਾਣੀ ਦੇ ਦੋਵੇਂ ਦੋਸਤ ਮਿਹਨਤ ਕਰਦੇ ਨੇ ਅਤੇ ਦੋਵਾਂ ਨੂੰ ਆਪਣੀ ਆਪਣੀ ਫੈਕਟਰੀ ਵਿਚ ਓਨਾ ਹੀ ਸੰਕਟ ਹੈ। ਜਿਥੋਂ ਤੱਕ ਬਾਹਰ ਵਸਦੇ ਪੰਜਾਬੀਆਂ ਵਲੋਂ ਇਧਰਲਿਆਂ ਦੀ ਮਦਦ ਕਰਨ ਵਾਲਾ ਸੁਆਲ ਹੈ, ਕਈ ਵਾਰ ਬਾਹਰਲੇ ਮਦਦ ਦੇ ਨਾਂਅ'ਤੇ ਠਗੇ ਵੀ ਜਾਂਦੇ ਹਨ। ਮੈਨੂੰ ਸਕੂਲੀ ਬੱਚਿਆਂ ਦੀ ਮਦਦ ਦੇ ਬਹਾਨੇ ਵਿਚੋਲਿਆਂ ਨੇ ਘੱਟੋ-ਘੱਟ ਤਿੰਨ ਵਾਰ ਠਗਿਆ ਹੈ। ਇਸ ਕਹਾਣੀ ਵਿਚ ਹੀਰੇ ਬੰਦੇ ਨੇ, ਜਿਹੜੇ ਸਥਿਤੀਆਂ ਵਿਚ ਤਬਦੀਲੀ ਹੋਣ ਦੇ ਬਾਵਜੂਦ ਸੰਬੰਧਾਂ ਵਿਚ ਤਬਦੀਲੀ ਨਹੀਂ ਆਉਣ ਦੇਂਦੇ।

**ਸੁਕੀਰਤ**: ਸੰਦੀਪ ਜਦੋਂ ਕਹਾਣੀ ਬੁਣਦਾ ਹੈ, ਤਾਂ ਉਹ ਨਿੱਕੇ ਨਿੱਕੇ ਵੇਰਵੇ ਪਾਉਂਦਾ ਹੈ, ਜਿਹੜੇ ਪਹਿਲਾਂ ਤੁਹਾਨੂੰ ਲਗਦਾ ਕਿ ਉਹ ਵੇਰਵੇ ਕਿਉਂ ਪਾਏ ਨੇ। ਫੇਰ ਕਹਾਣੀ ਵਿਚ ਗੋਲਾਈ ਆਉਂਦੀ ਹੈ, ਤਾਂ ਤੁਹਾਨੂੰ ਪਤਾ ਲਗਦਾ ਕਿ ਉਨ੍ਹਾਂ ਵੇਰਵਿਆਂ ਦਾ ਇਕ ਮਕਸਦ ਸੀ। ਹਥਲੀ ਕਹਾਣੀ ਆਈਸ ਕਰੀਮ ਨਾਲ ਸ਼ੁਰੂ ਹੁੰਦੀ ਹੈ, ਤੇ ਬਾਅਦ ਵਿਚ ਜਾ ਕੇ ਤੁਹਾਨੂੰ ਪਤਾ ਲਗਦਾ ਕਿ ਆਈਸ ਕਰੀਮ ਦਾ ਕੀ ਮਕਸਦ ਸੀ। ਕਨੇਡਾ ਤੋਂ ਆਏ ਦੋਸਤ ਨੂੰ ਉਹਦਾ ਗਰੀਬ ਦੋਸਤ ਸ਼ੁਰੂ ਵਿਚ ਖੁਦ ਨਹੀਂ ਮਿਲਣ ਜਾਂਦਾ।ਇਹਦੇ ਤੋਂ ਉਸ ਬੰਦੇ ਵਿਚਲੇ ਆਤਮ ਸਨਮਾਨ ਦਾ ਪਤਾ ਲਗਦਾ ਹੈ। ਇੰਝ ਦਾ ਇਕ ਹੋਰਵੇਰਵਾ ਕਿ ਬਾਪੂ ਵੇਲੇ ਕੁਵੇਲੇ ਉਸਦੀ ਮਦਦ ਕਰ ਦੇਂਦਾ ਸੀ, ਤੇ ਪੈਸੇ ਮੋੜ ਕੇ ਨਹੀਂ ਸੀ ਮੰਗਦਾ। ਬੋਲੀ ਬਾਰੇ ਇਕ ਗੱਲ: ਮਾਲਵੇ ਵਿਚਸ਼ਾਇਦ "ਸਿਰ ਖੁਰਚਣਾ" ਕਹਿੰਦੇ ਹਨ, ਜਿਸਨੂੰ ਅਸੀਂ ਦੁਆਬੇ ਵਿਚ "ਸਿਰ ਖੁਰਕਣਾ" ਆਖਦੇ ਹਾਂ।

**ਐਮ ਪੀ ਮਸੀਹ**: ਮਦਦ ਦੇ ਢੰਗ ਬਾਰੇ ਇਹ ਮਹੱਤਵਪੂਰਨ ਹੈ ਕਿ ਮਦਦ ਕਿਹੜੇ ਢੰਗ ਨਾਲ ਕੀਤੀ ਜਾ ਰਹੀ ਹੈ! ਮੱਛੀ ਖੁਆਣਨਾਲੋਂ ਮੱਛੀ ਫੜਨੀ ਸਿਖਾਣਾ ਬਿਹਤਰ ਹੈ।

**ਮਨੀਸ਼**: ਕਹਾਣੀ ਵਿਚ ਬੜਾ ਖੂਬਸੂਰਤ ਬਿਰਤਾਂਤ ਸਿਰਜਿਆ ਹੈ। ਬਾਹਰੋਂ ਆਏ ਮਜ਼ਦੂਰਾਂ ਨਾਲ ਹੀਰੇ ਦੀ ਜ਼ਿੰਦਗੀ ਉੱਤੇ ਅਸਰ ਪੈ ਰਿਹਾ ਹੈ, ਤੇ ਹੀਰਾ ਇਸਨੂੰ ਸਵੀਕਾਰ ਨਹੀਂ ਕਰ ਰਿਹਾ।

ਦੂਜੇ ਪਾਸੇ ਉਹਦਾ ਦੋਸਤ ਕਨੇਡਾ ਵਿਚ ਮਜ਼ਦੂਰ ਹੈ, ਉਹ ਵੀ ਉਸ ਮਹੌਲ ਨੂੰ ਸਵੀਕਾਰ ਨਹੀਂ ਕਰ ਰਿਹਾ। ਕਹਾਣੀ ਵਿਚ ਤੁਸੀਂ ਸ਼ਬਦ ਵਰਤਿਆ "ਚੀਨੀ", ਇਹਦੇ ਥਾਂ "ਖੰਡ" ਬਿਹਤਰ ਰਹੇਗਾ। ਇੰਝ ਹੀ "ਕਾਲਜੀਏਟ" ਦੀ ਥਾਂ "ਕਾਲਜਵਾਲਾ" ਵਰਤਿਆ ਜਾ ਸਕਦਾ।

**ਹੀਰਾ ਸਿੰਘ**: ਹਰ ਲੇਖਕ ਦੇ ਜੀਵਨ ਵਿਚ ਬਚਪਨ ਜਾਂ ਪਿੰਡ ਨਾਲ ਜੁੜੀਆਂ ਕੁਝ ਘਟਨਾਵਾਂ, ਕੁਝ ਯਾਦਾਂ ਐਸੀਆਂ ਹੁੰਦੀਆਂ ਜਿਨ੍ਹਾਂ ਨੂੰ ਉਹ ਆਪਣੀਆਂ ਲਿਖਤਾਂ ਵਿਚ ਲੈ ਕੇ ਆਉਂਦਾ ਹੈ। ਸੰਦੀਪ ਨੇ ਪੰਜਾਬ ਦੀ ਵੀ, ਤੇ ਵਿਦੇਸ਼ ਦੀ ਵੀ, ਕਸ਼ਮਕਸ਼ ਪੇਸ਼ ਕਰ ਦਿੱਤੀ ਹੈ ਜਦੋਂ ਉਹ ਇਧਰ ਦੇ ਪਰਵਾਸੀ ਮਜ਼ਦੂਰਾਂ ਨਾਲ ਉੱਧਰ ਦੇ ਪੰਜਾਬੀਆਂ ਦੀ ਤੁਲਨਾ ਕਰਦਾ ਹੈ। ਬਾਕੀ ਕਹਾਣੀ ਦਾ ਸਿਰਲੇਖ ਬਹੁਤ ਢੁਕਵਾਂ ਹੈ। ਦੋਵੇਂ ਦੋਸਤ ਘੜੇ ਦੇ ਮੋਤੀ ਹਨ।

**ਆਤਮ ਰੰਧਾਵਾ**: ਇਹ ਕਹਾਣੀ ਓਸ ਪੰਜਾਬੀ ਬੰਦੇ ਬਾਰੇ ਹੈ, ਜਿਹੜੀ ਅਸਲ ਵਿਚ ਸਾਡੇ ਖਾਸੇ ਵਿਚ ਹੈ। ਉੱਚੇ ਸੁੱਚੇ ਕਿਰਦਾਰਵਾਲਾ, ਅਣਖ ਨਾਲ ਜੀਣ ਵਾਲਾ ਬੰਦਾ, ਬਾਰ ਪਰਾਏ ਨਾ ਬੈਠਣ ਵਾਲਾ। ਪਰੰਤੂ ਮੈਨੂੰ ਲਗਦਾ ਕਿ ਇਹ ਕਹਾਣੀ ਪੈਂਤੀ ਚਾਲੀ ਸਾਲ ਪਹਿਲਾਂ ਪੰਜਾਬੀ ਵਿਚ ਲਿਖੀ ਜਾ ਚੁੱਕੀ ਹੈ। ਰਘਵੀਰ ਢੰਡ ਦੀ ਕਹਾਣੀ ਹੈ ਸ਼ਾਨ-ਏ-ਪੰਜਾਬ, ਬਿਲਕੁਲ ਇਹੀ ਪਲਾਟ, ਇਹੀ ਵੇਰਵੇ, ਇਹੋ ਜਿਹਾ ਹੀ ਪਰਵਾਸੀ ਬੰਦਾ ਆਉਂਦਾ। ਉਹ ਆਪਣੇ ਗਰੀਬ ਦੋਸਤ ਦੇ ਘਰ ਜਾਂਦਾ, ਦੋਸਤ ਦੀ ਬੀਵੀ ਉਹਦੀ ਖਾਤਰਦਾਰੀ ਉੱਤੇ ਆਪਣੀ ਬੱਚਤ ਦੇ ਪੈਸੇ ਲਾ ਦੇਂਦੀ ਹੈ। ਇਹ ਪੈਸੇ ਦੇਣਾ ਚਾਹੁੰਦਾ, ਉਹ ਲੈਣ ਤੋਂ ਇਨਕਾਰ ਕਰ ਦੇਂਦਾ। ਫੇਰ ਉਹ ਸ਼ਾਨ-ਏ-ਪੰਜਾਬ ਗੱਡੀ 'ਤੇ ਚੜ੍ਹਨ ਵੇਲੇ ਦੋਸਤ ਦੀ ਜੇਬ ਵਿਚ ਪੈਸੇ ਪਾ ਦੇਂਦਾ ਹੈ, ਪਰ ਉਹ ਬੰਦਾ ਪੈਸੇ ਵਾਪਸ ਜਾਣ ਵਾਲੇ ਬੰਦੇ ਦੀ ਜੇਬ ਵਿਚ ਪਾ ਦੇਂਦਾ ਹੈ। ਤੇ ਸ਼ਾਨ-ਏ-ਪੰਜਾਬ ਵਿਚ ਬੈਠਾ ਬੰਦਾ ਸੋਚਦਾ ਹੈ ਕਿ ਅਸਲ ਸ਼ਾਨ-ਏ-ਪੰਜਾਬ ਤਾਂ ਉਹਦਾ ਦੋਸਤ ਹੈ, ਜਿਹੜਾ ਪਿੱਛੇ ਸਟੇਸ਼ਨ'ਤੇ ਰਹਿ ਗਿਆ। ਸੰਦੀਪ ਸਮਰਾਲਾ ਦੀ ਕਹਾਣੀ ਵਿਚ ਬਸ ਸ਼ਾਨ-ਏ-ਪੰਜਾਬ ਦੀ ਥਾਂ ਘੜੇ ਦਾ ਮੋਤੀ ਹੋ ਗਿਆ ਹੈ, ਕਹਾਣੀ ਤਾਂ ਉਹੋ ਹੀ ਹੈ।

**ਅਮਰਜੀਤ ਮਾਨ**: ਸੰਦੀਪ ਸਮਰਾਲਾ ਦੀ ਮੁਹਾਵਰੇਦਾਰ, ਠੁੱਕਦਾਰ ਸ਼ੈਲੀ ਬਹੁਤ ਵਧੀਆ ਲੱਗੀ। ਪੇਸ਼ਕਾਰੀ ਦਾ ਨਾਟਕੀ ਅੰਦਾਜ਼ ਵੀ ਪ੍ਰਭਾਵਸ਼ਾਲੀ ਹੈ।

**ਭੁਪਿੰਦਰ ਸਿੰਘ ਮਾਨ**: ਕਹਾਣੀ ਮੈਨੂੰ ਚੰਗੀ ਲੱਗੀ, ਪਰ ਹੀਰੇ ਦੀ ਪਾਤਰ ਉਸਾਰੀ ਨੂੰ ਥੋੜ੍ਹਾ ਹੋਰ ਸੰਵਾਰਿਆ ਜਾ ਸਕਦਾ। ਕਿਉਂ ਸਾਡਾ ਚੌਖਟਾ ਹੀ ਬਣਿਆ ਹੋਇਆ ਕਿ ਜਿਹਦੀ ਮਦਦ ਕਰਨੀ ਹੈ, ਉਹ ਸਿੱਧੜ ਹੀ ਹੋਵੇਗਾ, ਕਾਲਜ ਨੂੰ ਕਾਜਲ ਕਹੇਗਾ, ਜਦੋਂ ਕਿ ਉਹ ਦਸਵੀਂ ਪੜ੍ਹਿਆ ਹੋਇਆ ਹੈ, ਮੇਲੇ ਵਿਚ ਦੁਕਾਨ ਲਾਉਂਦਾ ਹੈ, ਮੇਲਾ ਵੀ ਉਹਨੂੰ ਬਹੁਤ ਕੁਝ ਸਿਖਾ-ਪੜ੍ਹਾ ਦੇਂਦਾ ਹੈ। ਜ਼ਰੂਰੀ ਨਹੀਂ ਕਿ ਗਰੀਬ ਹਮੇਸ਼ਾ ਸਿੱਧੜ ਹੀ ਹੋਵੇਗਾ, ਤੇ ਅਮੀਰ ਵਧੇਰੇ ਚੁਸਤ ਤੇ ਸਿਆਣਾ। ਇਕ ਗੱਲ ਮੈਨੂੰ ਹੋਰਨਹੀਂ ਜਚੀ ਕਿ ਇਕ ਪਾਸੇ ਤਾਂ ਫੈਕਟਰੀ ਵਿਚ ਲੇਟ ਹੋਣ ਤੋਂ ਨੌਕਰੀ ਜਾਣਦਾ ਡਰ ਹੈ, ਤੇ ਦੂਜੇ ਪਾਸੇ ਉਹ ਫੋਨ ਕਰ ਕੇ ਝੱਟ ਦੇਣੀ ਕਹਿ ਦੇਂਦਾ ਹੈ ਕਿ ਕੱਲ ਮੈਂ ਕੰਮ 'ਤੇ ਨਹੀਂ ਆ ਰਿਹਾ।

**ਆਗਾਜ਼ਬੀਰ**: ਸੰਦੀਪ ਦੀਆਂ ਬਾਕੀ ਕਹਾਣੀਆਂ ਵਾਂਗ ਇਹ ਕਹਾਣੀ ਵੀ ਖ਼ੂਬਸੂਰਤ ਹੈ। ਜਿਹੜੀਆਂ ਕੁਝ ਚੀਜ਼ਾਂ ਮੈਨੂੰ ਰੜਕੀਆਂ, ਉਨ੍ਹਾਂ ਬਾਰੇ ਮੈਂ ਧਿਆਨ ਦੁਆਣਾ ਚਾਹਾਂਗਾ। ਹੀਰੇ ਨੂੰ ਇਹਦੇ ਵਿਚ ਮਜ਼ਾਕ ਦਾ ਪਾਤਰ ਬਣਾਇਆ ਗਿਆ ਹੈ। ਟਾਈ ਵਾਲੀ ਗੱਲ 'ਤੇ, ਬਰੈਂਡ ਵਾਲੀ ਗੱਲ 'ਤੇ, ਕਾਲਜ-ਕਾਜਲ ਵਾਲਾ, ਆਈਸ ਕਰੀਮ ਵਾਲਾ ਮਜ਼ਾਕ। ਜਦੋਂ ਉਹ ਗਰੀਬ

ਦੇ ਘਰ ਜਾਂਦਾ, ਤਾਂ ਉਸ ਗਰੀਬ ਘਰ ਬਾਰੇ ਸਾਨੂੰ ਕੁਝ ਵੀ ਪਤਾ ਨਹੀਂ ਲਗਦਾ। ਇਸ ਕਹਾਣੀ ਵਿਚ ਕਹਾਣੀਕਾਰ ਮੇਰੇ ਹਿਸਾਬ ਨਾਲ ਉਪਰਲੀ ਧਿਰ ਨਾਲ ਖੜ੍ਹਾ ਦਿਖਾਈ ਦੇਂਦਾ ਹੈ।

**ਬਲਬੀਰ ਪਰਵਾਨਾ**: ਮੈਂ ਸੰਦੀਪ ਦੀਆਂ ਕਹਾਣੀਆਂ ਦਾ ਪ੍ਰਸੰਸਕ ਹਾਂ, ਪਰੰਤੂ ਇਹ ਕਹਾਣੀ ਮੈਨੂੰ ਘੜੀ ਹੋਈ ਲੱਗੀ, ਸੁਭਾਵਕ ਨਹੀਂ ਜਾਪੀ। ਇਹ ਕਹਾਣੀ ਦੋ ਵੱਖ-ਵੱਖ ਥਾਵਾਂ ’ਤੇ ਵਾਪਰਦੀ ਹੈ, ਇਕ ਕਨੇਡਾ ਵਿਚ ਵਿਆਹ ਵਿਚ, ਤੇ ਦੂਜਾ ਉਹਦੀ ਯਾਦ ਵਿਚ ਪਿੰਡ ਵਿਖੇ। ਇਨ੍ਹਾਂ ਦੋਵਾਂ ਵਿਚਕਾਰ ਲਿੰਕ ਥੋੜ੍ਹਾ ਬਨਾਵਟੀ ਲੱਗਿਆ, ਕਿ ਵਿਆਹ ਦੀ ਪਾਰਟੀ ਵਿਚ ਉਸਨੂੰ ਦੋਸਤ ਦੀ ਯਾਦ ਆ ਗਈ ਤੇ ਸਾਰੀ ਕਹਾਣੀ ਉਹ ਯਾਦ ਹੀ ਚਲਦੀ ਗਈ। ਇਨ੍ਹਾਂ ਦੋਵਾਂ ਨੂੰ ਜੋੜਦੀ ਕੜੀ ਕਮਜ਼ੋਰ ਜਾਪਦੀ ਹੈ।

**ਵਿਪਿਨ ਗਿੱਲ**: ਮੈਨੂੰ ਕਹਾਣੀ ਚੰਗੀ ਲੱਗੀ। ਪੀਜ਼ੇ ਦਾ ਸੁਆਦ ਵੀ ਉਸ ਦਿਨ ਮੇਲਿਆਂ ਦੇ ਪਤੌੜਾਂ ਵਰਗਾ ਹੋ ਗਿਆ ਸੀ।

**ਸ਼ਰਨਜੀਤ ਕੌਰ**: ਕਹਾਣੀ ਜਿਸ ਤਰ੍ਹਾਂ ਰਿਸ਼ਤਿਆਂ ਜਾਂ ਅਹਿਸਾਸਾਂ ਨੂੰ ਬਿਆਨ ਕਰਦੀ ਹੈ, ਉਹ ਖੂਬਸੂਰਤ ਹੈ। ਕੁਝ ਇਕ ਥਾਵਾਂ ’ਤੇ ਮੈਨੂੰ ਜਾਪਿਆ ਕਿ ਕਹਾਣੀ ਯਥਾਰਥ ਤੋਂ ਪਰ੍ਹੇ ਚਲੀ ਜਾਂਦੀ ਹੈ।

**ਨੀਲੋ**: ਕਹਾਣੀ ਵਿਚ ਆਉਂਦਾ ਕਿ ਪਰਵਾਸੀ ਮਜ਼ਦੂਰ ਥਾਰ੍ਹੇ-ਮਾਰ੍ਹੇ ਕਰਦੇ ਨੇ। ਥਾਰ੍ਹੇ ਮਾਰ੍ਹੇ ਤਾਂ ਪੁਆਧ ਦੀ ਬੋਲੀ ਹੈ, ਉਹ ਤਾਂ ਹਮਕੋ-ਤੁਮਕੋ ਕਰਦੇ ਨੇ। ਦੂਜੀ ਇਨ੍ਹਾਂ ਨੇ ਕਿਹਾ ਕਿ ਅੰਗਰੇਜ਼ੀ ਦਾ ਸੁਆਦ ਵੱਖਰਾ ਹੁੰਦਾ। ਸੁਆਦ ਤਾਂ ਸਾਰੀਆਂ ਸ਼ਰਾਬਾਂ ਦਾ ਕੌੜਾ ਈ ਹੁੰਦਾ, ਸਰੂਰ ਵੱਖਰਾ ਹੋ ਸਕਦੈ।

**ਰੁਪਿੰਦਰ ਰੁਪਾਲ**: ਕਹਾਣੀ ਬਹੁਤ ਵਧੀਆ ਹੈ। ਮੈਨੂੰ ਦੋ ਛੋਟੀਆਂ-ਛੋਟੀਆਂ ਗੱਲਾਂ ਰੜਕੀਆਂ। ਇਕ ਤਾਂ ਜਦੋਂ ਉਹ ਕਹਿੰਦਾ ਬਈ ਬੱਚਿਆਂ ਨੂੰ ਕਾਲਜ ਵਿਚ ਦਾਖਲ ਕਰਵਾਉਣਾ, ਤਾਂ ਉਹ ਹਉਕਾ ਲੈ ਕੇ ਕਹਿੰਦਾ। ਉਹ ਖੁਦਦਾਰ ਬੰਦਾ ਹੈ, ਪਰ ਬਾਪੂ ਤੋਂ ਪੈਸੇ ਵੀ ਲੈਂਦੈ, ਜਿਹੜੇ ਬਾਪੂ ਮੋੜ ਕੇ ਮੰਗਦਾ ਵੀ ਨਹੀਂ।

**ਰਾਮਿੰਦਰ**: ਕਹਾਣੀ ਵਿਚ ਇਹ ਗੱਲ ਖੂਬਸੂਰਤੀ ਨਾਲ ਪੇਸ਼ ਹੋਈ ਹੈ ਕਿ ਕਿਵੇਂ ਪਰਦੇਸ ਵਿਚ ਬੈਠੇ ਬੰਦੇ ਦਾ ਸਰੀਰ ਤਾਂ ਓਥੇ ਹੈ, ਪਰ ਮਨ ਏਥੇ ਹੈ। ਦੇਸ਼ ਵਿਚ ਹੀਰਾ ਕਾਮਾ ਹੈ, ਤੇ ਉਹਦਾ ਦੋਸਤ ਵਿਦੇਸ਼ ਵਿਚ। ਪਰਵਾਸੀ ਵਾਪਸ ਨਹੀਂ ਆ ਸਕਦਾ, ਤੇ ਆਪਣੀਆਂ ਯਾਦਾਂ ਵਿਚੋਂ ਹੀ ਨਿੱਘ ਲੈਂਦਾ ਹੈ, ਉਹਦੇ ਵਿਚੋਂ ਹੀ ਸੁਆਦ ਲੈਂਦਾ ਹੈ। ਮੁੱਖ ਪਾਤਰ, ਉਹਦੀ ਬੀਵੀ ਤੇ ਹੀਰਾ, ਤਿੰਨੋ ਪਾਤਰ ਬੜੇ ਸੁਹਿਰਦ ਹਨ। ਹੀਰਾ ਅਣਖੀ ਹੈ, ਤੇ ਐਵੇਂ ਮਦਦ ਨਹੀਂ ਲੈਣਾ ਚਾਹੁੰਦਾ। ਉਹਦਾ ਪਰਵਾਸੀ ਦੋਸਤ ਪਿੱਛੇ ਨੂੰ ਭੁੱਲਿਆ ਨਹੀਂ ਅਤੇ ਉਹਦੀ ਮਦਦ ਵੀ ਕਰਨਾ ਚਾਹੁੰਦਾ। ਨਾਲ ਹੀ ਉਹ ਆਪਣੀ ਬੀਵੀ ਨੂੰ ਹਨੇਰੇ ਵਿਚ ਰੱਖ ਕੇ ਦੋਸਤ ਦੀ ਮਦਦ ਨਹੀਂ ਕਰਨਾ ਚਾਹੁੰਦਾ। ਉਹਦੀ ਬੀਵੀ ਵੀ ਉਹਦਾ ਦੁੱਖ ਸਮਝਦੀ ਪਈ ਹੈ। ਇਕ ਹੋਰ ਗੱਲ ਇਹ ਕਿ ਸ਼ਰਾਬ ਪੀ ਕੇ ਹੀ ਬੰਦੇ ਦੀਆਂ ਭਾਵਨਾਵਾਂ ਬਾਹਰ ਆਉਂਦੀਆਂ ਨੇ।

**ਕੁਲਵੰਤ ਸਿੰਘ ਸੰਧੂ**: ਇਸ ਕਹਾਣੀ ਵਿਚ ਇਕ ਰਵਾਨੀ ਹੈ, ਜਿਹੜੀ ਤੁਹਾਨੂੰ ਬਹੁਤ ਪ੍ਰਭਾਵਤ ਕਰਦੀ ਹੈ। ਪਰ ਇਹਦਾ ਪਹਿਲਾ ਫਿਕਰਾ ਏਸ ਰਵਾਨੀ ਨੂੰ ਭੰਗ ਕਰਦਾ ਹੈ, ਉਸਨੂੰ ਦੁਬਾਰਾ ਵਿਚਾਰ ਲੈਣਾ। ਏਸ ਕਹਾਣੀ ਦੀ ਖੂਬਸੂਰਤੀ ਇਹ ਹੈ ਕਿ ਇਹਦੇ ਵਿਚ ਜਜ਼ਬਿਆਂ ਦਾ ਜਾਂ ਮਨੁੱਖੀ ਰਿਸ਼ਤਿਆਂ ਦਾ ਵੇਗ ਏਨਾ ਹੈ ਕਿ ਉਹਦੇ ਵਿਚ ਤਰਕ ਕਿਤੇ ਨਹੀਂ ਠਹਿਰਦਾ। ਜਦੋਂ

ਕਹਾਣੀ ਨੂੰ ਅਸੀਂ ਜਜ਼ਬੇ ਨਾਲ ਪੜ੍ਹਾਂਗੇ, ਉਹਦੇ ਅਰਥ ਹੋਰ ਹੋਣਗੇ, ਜਦੋਂ ਇਸ ਨੂੰ ਤਰਕ ਨਾਲ ਕੁਰੇਦਣ ਲੱਗ ਪਵਾਂਗੇ, ਉਦੋਂ ਖੁੱਦੋ ਵਿਚੋਂ ਲੀਰਾਂ ਬਾਹਰ ਆਉਣ ਲੱਗ ਪੈਣਗੀਆਂ। ਮਿਸਾਲ ਦੇ ਤੌਰ ’ਤੇ ਸਾਡੇ ਕੋਲ ਪੰਜਾਬੀ ਦੀ ਬਿਹਤਰੀਨ ਕਹਾਣੀ ਹੈ ‘ਧਰਤੀ ਹੇਠਲਾ ਬੌਲਦ’। ਜੇ ਉਸਨੂੰ ਅਸੀਂ ਜਜ਼ਬਿਆਂ ਦੇ ਨੁਕਤੇ ਨਿਗਾਹ ਨਾਲ ਪੜ੍ਹੀਏ, ਤਾਂ ਉਹਦੇ ਵਰਗੀ ਕੋਈ ਕਹਾਣੀ ਨਹੀਂ, ਪਰੰਤੂ ਜੇ ਅਸੀਂ ਉਸਨੂੰ ਤਰਕ ਉੱਤੇ ਤੋਲਣ ਲੱਗ ਪਈਏ ਤਾਂ ਦੂਜੀ ਸੰਸਾਰ ਜੰਗ ਲੱਗੀ ਹੋਈ ਹੈ, ਉਹਦੇ ਵਿਚ ਇਕ ਸਿਪਾਹੀ ਨੂੰ ਮਹੀਨੇ ਦੀ ਛੁੱਟੀ ਮਿਲਦੀ ਹੈ, ਉਹ ਪਿੰਡ ਆਉਂਦਾ। ਉਸ ਜੰਗ ਦੌਰਾਨ ਛੁੱਟੀ ਮਿਲਣੀ ਹੀ ਤਰਕ ਸੰਗਤ ਨਹੀਂ ਜਾਪਦਾ। ਫੇਰ ਜੰਗ ਵਿਚਕਰਮ ਸਿੰਘ ਦੀ ਮੌਤ ਅਤੇ ਚਿੱਠੀ ਉਸ ਦਿਨ ਪਹੁੰਚਣੀ ਜਿੱਦਣ ਉਹ ਓਥੇ ਗਿਆ ਹੁੰਦਾ, ਤੇ ਨਾਲ ਹੀ ਪੈਨਸ਼ਨ ਲੱਗ ਜਾਣੀ। ਤਰਕ ਦੀ ਤੱਕੜੀ ਉੱਤੇ ਇਹ ਕਹਾਣੀਖਰੀਨਹੀਂ ਉਤਰਦੀ। ਇਸੇ ਤਰ੍ਹਾਂ ਹਥਲੀ ਕਹਾਣੀ ਨੂੰ ਵੀ ਤਰਕ ਨਾਲ ਨਹੀਂ, ਜਜ਼ਬਿਆਂ ਦੇ ਵੇਗ ਦੇ ਪੱਖ ਤੋਂ ਪੜ੍ਹਿਆ ਤੇ ਮਾਣਿਆ ਜਾਣਾ ਚਾਹੀਦਾ, ਨਹੀਂ ਤਾਂ ਇਸ ਵਿਚਲਾ ਸੰਗੀਤ ਭੰਗ ਹੋਵੇਗਾ।

**ਜਸ ਮੰਡ**: ਮੇਰੇ ਹਿਸਾਬ ਨਾਲ ਇਸ ਕਹਾਣੀ ਵਿਚ ਕੁਝ ਗੱਲਾਂ ਲੁਕੀਆਂ ਰਹਿਣ ਦਿੱਤੀਆਂ ਜਾਣ, ਤਾਂ ਬਿਹਤਰ ਹੋਵੇਗਾ। ਜਿਵੇਂ ਅਖੀਰ ਵਿਚ ਬਾਪੂ ਵਾਲੀ ਗੱਲ ਨੂੰ ਛੱਡਿਆ ਜਾ ਸਕਦਾ। ਕਹਾਣੀ ਏਥੇ ਹੀ ਮੁਕਾ ਦਿੱਤੀ ਜਾਵੇ ਕਿ ਉਹ ਵੀ ਹੀਰਾ ਹੈ, ਤੇ ਕੀ ਹੀਰਾ ਪੈਸੇ ਲੈ ਲਊਗਾ! ਜਿਵੇਂ ਰਾਹੀ ਹੁਰੀਂ ਕਹਿੰਦੇ ਹੁੰਦੇ ਸੀ ਕਿ ਕਲਿੱਪ ਵਾਲਾ ਪਾਸਾ ਤਾਂ ਵਿਖਾਣਾ ਹੈ, ਪਰ ਘੁੰਢ ਵੀ ਕੱਢੀ ਰੱਖਣਾ।

**ਬਲਜੀਤ ਕੌਰ**: ਜੇ ਕਿਸੇ ਕਹਾਣੀ ਨੂੰ ਪੜ੍ਹਨ ਵੇਲੇ ਪਾਠਕ ਨਾਲ ਜੁੜ ਜਾਵੇ, ਹਰ ਕਿਸੇ ਨੂੰ ਉਹ ਕਹਾਣੀ ਆਪਣੀ ਲੱਗਣ ਲੱਗ ਪਵੇ, ਹਰ ਪਾਠਕ ਉਹਦੇ ਨਾਲ ਤੁਰ ਪਵੇ, ਤਾਂ ਉਹ ਟੈਕਸਟ ਬੜੀ ਮਹੱਤਵਪੂਰਨ ਬਣ ਜਾਂਦੀ ਹੈ। ਇਸ ਕਹਾਣੀ ਵਿਚ ਇਹ ਖੂਬੀ ਦਿਸਦੀ ਹੈ। ਸਾਹਿਤਕ ਕਿਰਤ ਉਹੀ ਵੱਡੀ ਹੁੰਦੀ ਹੈ, ਜਿਹੜੀ ਨਿੱਜ ਤੋਂ ਸਮੂਹਕ ਵੱਲ ਫੈਲਦੀ ਹੈ, ਤੇ ਸਮੇਂ ਤੋਂ ਪਾਰ ਫੈਲਦੀ ਹੈ। ਇਹ ਕਹਾਣੀ ਇਕ ਤੋਂ ਵੱਧ ਵਿਸ਼ੇ ਸਮੋਈ ਬੈਠੀ ਹੋਈ ਹੈ। ਭਾਵੇਂ ਪੰਜਾਬ ਦੇ ਆਰਥਕ ਜਾਂ ਸਮਾਜਕਵਰਤਾਰੇ ਨੇ, ਤੇ ਭਾਵੇਂ ਪਰਵਾਸ ਦੇ ਨਾਲ ਤੁਲਨਾਤਮਕ ਪਰਿਪੇਖ ਵਿਚ ਬਿਰਤਾਂਤ ਨੂੰ ਉਸਾਰਿਆ ਗਿਆ ਹੈ, ਉਹ ਸਾਰੀਆਂ ਗੱਲਾਂ ਦੇ ਨਾਲ ਨਾਲ ਭਾਵੁਕਤਾ, ਸੰਵੇਦਨਸ਼ੀਲਤਾ ਤੇ ਜਜ਼ਬਿਆਂ ਦੀ ਗੱਲ ਕਰਦੀ ਅੱਗੇ ਤੁਰੀ ਜਾਂਦੀ ਹੈ। ਏਸ ਬਿਰਤਾਂਤ ਰਾਹੀਂ ਕਹਾਣੀਕਾਰ ਜਦੋਂ ਪਾਤਰ ਘੜਦਾ ਹੈ, ਤਾਂ ਦਿਸਦਾ ਹੈ ਕਿ ਪਾਤਰਾਂ ਦੇ ਨਾਂਅ ਲੇਖਕ ਨੇ ਸੋਚ ਕੇ ਰੱਖੇ ਹੋਏ ਨੇ। ਪਹਿਲੇ ਸੈਸ਼ਨਵਿਚ ਪੜ੍ਹੀ ਗਈ ਕਹਾਣੀ ਦਾ ਪਾਤਰ ਚੇਤਨ, ਅਤੇ ਇਸ ਕਹਾਣੀ ਦਾ ਪਾਤਰ ਹੀਰਾ। ਕਈ ਵਾਰ ਅਸੀਂ ਮਾਯੂਸ ਹੋ ਜਾਂਦੇ ਹਾਂ ਕਿ ਅੱਜ ਦੇ ਮੰਡੀ ਸਭਿਆਚਾਰ ਵਿਚ ਕੁਝ ਵੀ ਚੰਗਾ ਨਹੀਂ ਵਾਪਰ ਰਿਹਾ। ਇਸ ਕਹਾਣੀ ਦਾ ਮਹੱਤਵ ਇਸ ਲਈ ਵੀ ਹੈ ਕਿ ਅੱਜ ਦੇ ਸਮੇਂ ਵਿਚ ਵੀ ਖੁਦਦਾਰ ਲੋਕ ਨੇ, ਅੱਜ ਵੀ ਆਪਣੀ ਸੋਚ ਕਰਕੇ ਵੱਡੇ ਲੋਕ ਨੇ, ਆਰਥਕਤਾ ਕਰਕੇ ਨਹੀਂ। ਹੀਰੇ ਦੀ ਨਿਸ਼ਾਨਦੇਹੀ ਦਾ ਇਸ ਕਹਾਣੀ ਵਿਚਲਾ ਪੱਖ ਇਸਨੂੰ ਵੱਖਰੀ ਬਣਾਉਂਦਾ ਹੈ। ਮੈਨੂੰ ਨਹੀਂ ਲੱਗਿਆ ਕਿ ਇਹ ਕਹਾਣੀ ਕੋਈ ਉਪਰਲੀ ਧਿਰਦਾ ਪੱਖ ਪੂਰਨ ਵਾਲੀ ਹੈ। ਇਹ ਦੋਸਤੀ ਵਿਚਲੀ ਨੋਕ ਝੋਕ ਹੈ, ਉਸਨੂੰ ਨੀਵਾਂ ਵਿਖਾਉਣ ਵਾਲੀ ਗੱਲ ਨਹੀਂ। ਮੈਂ ਆਪਣੇ ਘਰ ਪਿੰਡ ਵਿਚ ਇਹ ਸਾਰੇ ਵਰਗ ਵੇਖੇ ਨੇ। ਮਾਲਕ ਤੇ ਸੀਰੀ ਵਿਚਕਾਰ ਮਜ਼ਾਕ ਹੁੰਦਾ ਮੈਂ ਵੇਖਿਆ ਹੈ, ਉਹ ਕਦੇ ਵੀ ਵਿਅੰਗ ਕੱਸਣ ਵਾਲਾ ਨਹੀਂ ਸੀ ਲੱਗਾ। ਉਨ੍ਹਾਂ ਦੀ ਬੁਰਕੀ ਸਾਂਝੀ ਹੁੰਦੀ ਸੀ।

ਇਸ ਕਹਾਣੀ ਵਿਚ ਉਹ ਮਜ਼ਾਕ ਕੜਵਾਹਟ ਨਹੀਂ ਪੈਦਾ ਕਰਦੇ। ਰਿਸ਼ਤਿਆਂ ਵਿਚ ਗਰਮਾਇਸ਼ ਹੈ। ਪਰਵਾਸ ਨਾਲ ਸੰਬਧਤ ਪਹਿਲਾਂ ਆਈਆਂ ਕਹਾਣੀਆਂ ਨਾਲੋਂ ਇਹ ਵੱਖਰੀ ਹੈ। ਬਾਕੀ ਆਤਮ ਰੰਧਾਵਾ ਹੁਰਾਂ ਨੇ ਸ਼ਾਨ ਏ ਪੰਜਾਬ ਕਹਾਣੀਦਾਜ਼ਿਕਰਕੀਤਾ ਹੈ, ਮੇਰੇ ਹਿਸਾਬ ਨਾਲ ਕਹਾਣੀ ਦਾ ਨਿਭਾਅ ਉਸ ਨਾਲੋਂ ਵੱਖਰਾ ਹੈ। ਕੁਝ ਸ਼ਬਦਾਂ ਦਾਦੁਹਰਾਉ, ਭਾਵੇਂ ਲੇਖਕ ਨੇ ਪ੍ਰੌੜ੍ਹਤਾ ਖਾਤਿਰ ਜਾਣ ਬੁੱਝ ਕੇ ਪਾਇਆਹੋਵੇ, ਪਰ ਉਹ ਮੈਨੂੰ ਵੀ ਕਹਾਣੀ ਦੀ ਪੜ੍ਹਤ ਵਿਚ ਵਿਘਨ ਪਾਉਂਦਾ ਲੱਗਾ ਹੈ।

**ਸੰਦੀਪ ਸਮਰਾਲਾ**: ਮੈਂ ਸਾਰੇ ਦੋਸਤਾਂ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਕਹਾਣੀ ਗੋਸ਼ਟੀ ਵਰਗਾ ਮੰਚ ਮੁਹੱਈਆ ਕਰਵਾਇਆ। ਤੁਹਾਡੇ ਸੁਝਾਵਾਂ ਨੂੰ ਧਿਆਨ ਵਿਚ ਰੱਖ ਕੇ ਮੈਂ ਇਸਨੂੰ ਹੋਰ ਸੰਵਾਰਨ ਦੀ ਕੋਸ਼ਿਸ਼ ਕਰਾਂਗਾ। ਇਹ ਕਹਾਣੀ ਉਥੋਂ ਬੁਣਨੀ ਸ਼ੁਰੂ ਹੋਈ, ਜਦੋਂ ਉਹ ਕਹਿੰਦਾ ਹੈ ਕਿ ਆਪਣੇ ਬੱਚਿਆਂ ਨੂੰ ਹੁਣ ਮੈਂ ਕਾਲਜ ਪੜ੍ਹਨੇ ਪਾਵਾਂਗਾ। ਧੰਨਵਾਦ।


*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 23 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**KULWANT SINGH**

Ac. no. 07141000085751 IFSC PSIB0000714

PUNJAB & SINDH BANK

Defence Colony, Jalandhar

ਕਹਾਣੀ

# ਬੋਦੀ ਵਾਲ਼ਾ ਤਾਰਾ

**-ਆ.ਗਾਜ਼ਬੀਰ**

ਕੋਈ ਵੀ ਦੁੱਖ ਛੋਟਾ ਨੀਂ ਹੁੰਦਾ ਬਸ਼ਰਤੇ ਕੈਮਰੇ ਦੀ ਅੱਖ ਨਾਲੋਂ ਮਨ ਦੀ ਅੱਖ ਨਾਲ ਵੇਖਿਆ ਹੋਵੇ ।

ਲੋਕ ਦਰਦ ਨੂੰ ਮਹਿਸੂਸ ਕਰਨਾ, ਬਹੁਤ ਘੱਟ ਲੋਕਾਂ ਦੇ ਹਿੱਸੇ ਆਇਆ, ਪਰ ਜਿਸਨੇ ਮਾਨਵਤਾ ਦੀ ਪੀੜ ਨੂੰ ਸਮਝਿਆ, ਉਸਨੂੰ ਆਪਣਾ ਦੁੱਖ ਬਹੁਤ ਛੋਟਾ ਲੱਗਣ ਲੱਗ ਜਾਂਦਾ ਹੈ।

ਰਤਨ ਭੁੱਲਰ ਸੰਵੇਦਨਸ਼ੀਲ ਮਨੁੱਖ ਹੈ। ਉਸਨੇ ਬਚਪਨ ਤੋਂ ਲੈ ਕੇ ਹੁਣ ਤੀਕ ਦੁੱਖ ਹੀ ਦੁੱਖ ਵੇਖੇ। ਉਸਦੇ ਚੇਤਿਆਂ 'ਚ ਉਹ ਸੀਨ ਡੂੰਘਾ ਖੁਣਿਆ ਹੋਇਆ ਸੀ — ਜਦ ਉਸ ਦੇ ਮੰਮੀ, ਪਾਪਾ ਤੇ ਛੋਟੀ ਭੈਣ ਸਕੂਲ ਹਾਲ ਵਿਚ ਫ਼ੰਕਸ਼ਨ ਦੇਖ ਰਹੇ ਸਨ। ਹਾਲ ਵਿਚ ਤਾਰ ਸਰਕਟ ਤੋਂ ਸਿਲੰਡਰ ਦੇ ਫੱਟਣ ਦੀ ਆਵਾਜ਼ ਤੱਕ ਸਭ ਕੁਝ ਤਬਾਹ ਹੋ ਗਿਆ ।ਉਹ ਚੀਥੜਆਂ ਵਿੱਚੋਂ ਆਪਣਾ ਪਰਿਵਾਰ ਵੀ ਨਾ ਪਛਾਣ ਸਕਿਆ। ਪ੍ਰੈਕਟਿਸ ਰੂਮ ਵਿੱਚ ਬੱਸ ਚੀਕਦਾ—ਕੁਰਲਾਉਂਦਾ ਰਿਹਾ। ਉਸ ਦੇ ਦਿਲੋਂ—ਦਿਮਾਗ'ਤੇ ਲੋਥਾਂ ਤੇ ਮਾਸ ਦੇ ਟੁੱਕੜੇ ਦਿਨ—ਰਾਤ ਘੁੰਮਦੇ ਰਹੇ।

ਉਸਨੇ ਲੋਕ ਪੀੜ ਨੂੰ ਜਾਣਨ ਤੇ ਸੁਨਣ ਲਈ ਇਕ ਨਿਸ਼ਾਨਾ ਮਿਥਿਆ। ਉਹ ਇਸ ਵਿੱਚ ਜੀਅ—ਜਾਨ ਲਾ ਦੇਣੀ ਚਾਹੁੰਦਾ ਸੀ ।ਉਹ ਚੱਲ ਪਿਆ, ਗਲ਼ੀ—ਗਲ਼ੀ, ਪਿੰਡ—ਪਿੰਡ ਤੇ ਸ਼ਹਿਰ—ਸ਼ਹਿਰ।

ਰਤਨ ਨੇ ਵੇਖਿਆ ਕਿ ਹਰ ਇਨਸਾਨ ਦੁੱਖਾਂ ਦੀ ਭਾਰੀ ਪੰਡ ਚੁੱਕੀ ਫਿਰਦਾ ਹੈ। ਇਹ ਕਠੋਰ ਸੱਚਾਈ ਹੈ ਕਿ ਉਹ ਫਿਰ ਵੀ ਜੀਅ ਰਿਹਾ ਹੈ, ਬਾਹਰਲੀਆਂ ਚਿੰਤਾਵਾਂ ਨਾਲ ਜਕੜੇ ਲੋਕ ਅੰਦਰਲੇ ਅੰਗਾਂ ਨੂੰ ਸੌ—ਸੌ ਰੋਗ ਲਾਈ ਬੈਠੇ ਨੇ।

ਰਤਨ ਲੋਕ ਪੀੜ ਨੂੰ ਸੁਣ ਕਿੰਨੇ ਵਾਰ ਔਰਤਾਂ ਵਾਂਗ ਰੋਇਆ ਵੀ ਤੇ ਅੰਦਰੋਂ—ਅੰਦਰੀਂ ਟੁੱਟਿਆ ਵੀ, ਪਰ ਡੋਲਿਆ ਨਹੀਂ। ਉਸਦੀ ਮਨਸ਼ਾ ਸੀ ਕਿ ਇਸ ਕੰਮ ਨੂੰ ਮਿਸ਼ਨ ਵਾਂਗ ਪੂਰਾ ਕਰੇ ਤੇ ਸਚਾਈ ਤਮਾਮ ਨੂੰ ਪਤਾ ਲੱਗੇ।

ਉਸਨੇ ਸਾਲ ਤੋਂ ਵੱਧ ਵਕਫ਼ਾ ਲੋਕਾਂ ਵਿੱਚ ਗੁਜ਼ਾਰਿਆ। ਉਹ ਪ੍ਰੋਜੈਕਟ ਨੂੰ ਲਿਖਤੀ ਰੂਪ ਦੇਣ ਲੱਗਾ ।ਇਹ ਭਵਿੱਖ ਤੇ ਨਿਰਭਰ ਕਰਦਾ ਕਿ ਇਸ ਤੇ ਕੋਈ ਫਿਲਮ ਬਣੇ, ਰਿਸਰਚ ਹੋਵੇ ਜਾਂ ਕੋਈ ਲੰਬੀ ਦਾਸਤਾਨ ਬਣੇ। ਇਹ ਦਾਸਤਾਨ ਵੀ ਅਜ਼ੀਬ ਸ਼ੈਅ ਹੈ, ਇੱਥੇ ਦਿਖਾਇਆ ਕੁੱਝ ਹੋਰ ਹੁੰਦਾ ਤੇ ਦਿਸਦਾ ਕੁੱਝ ਹੋਰ ਹੈ। ਦਾਸਤਾਨ ਤੋਂ ਹੀ ਹਜ਼ਾਰਾਂ ਪੈਂਡੇ ਨਿਕਲਦੇ ਨੇ।

ਰਤਨ ਨੇ ਘਰ ਵਾਪਸ ਆ, ਮਨ ਦੇ ਕੈਮਰੇ ਰਾਹੀਂ ਵੇਖਿਆ। ਪਾਤਰ.ਗੁਹਾਰ ਲਗਾਈ ਜਾ ਰਹੇ ਨੇ। ਉਹ ਇਹਨਾਂ ਪਾਤਰਾਂ ਨੂੰ ਸਦੀਵੀਂ ਜਿਉਂਦੇ ਰੱਖਣ ਲਈ ਕਲਮੀ—ਰੂਪ ਦੇਣ ਲੱਗਿਆ। ਲਿਖਦਾ ਗਿਆ—ਪਰਤ—ਦਰ—ਪਰਤ ਤੇ ਕੜੀ ਨਾਲ ਕੜੀ ਮਿਲਾਉਂਦਾ ਗਿਆ।

ਰਤਨ ਭੁੱਲਰ ਨੇ ਆਪਣਾ ਟੇਪ ਰਿਕਾਰਡਰ, ਲਿਖਤੀ ਸਮਾਨ ਤੇ ਨਿੱਕ ਸੁੱਕ ਇਕੱਠਾ ਕੀਤਾ ਤੇ ਆਪਣੇ ਕਾਰਜ ਨੂੰ ਸਫਲ ਕਰਨ ਲਈ ਉਹ ਨਵੇਂ ਰਾਹਾਂ ਦਾ ਪਾਂਧੀ ਬਣ ਗਿਆ ਜਿੱਥੇ ਉਸ ਨੇ ਬਹੁਤ ਸਾਰੇ ਕੰਮਾਂ ਨੂੰ ਅੰਜਾਮ ਦੇਣਾ ਸੀ।

ਸਭ ਤੋਂ ਪਹਿਲਾਂ ਰਤਨ ਪੁੱਛਦਾ ਪੁਛਾਉਂਦਾ ਅਜਮੇਰ ਕੌਰ ਕੋਲ ਜਾ ਪਹੁੰਚਿਆ, ਉਹ ਉੱਖੜੀ ਜਿਹੀ ਪਈ ਸੀ। ਉਸ ਦੇ ਘਰ ਤੇ ਮਨ ਅੰਦਰ ਡੂੰਘੀ ਵੈਰਾਨਗੀ ਛਾਈ ਪਈ ਸੀ। ਅਜਮੇਰ ਕੌਰ ਨੇ ਲੰਮੀ ਆਂਹ ਭਰੀ ਤੇ ਕਥਾ ਛੋਹੀ ਜਿਸਨੂੰ ਰਤਨ ਭੁੱਲਰ ਰਿਕਾਰਡ ਕਰਨ ਲੱਗਿਆ।

ਅਜਮੇਰ ਕੌਰ ਨੇ ਔਖੇ ਸਾਹ ਭਰਦਿਆਂ ਕਿਹਾ —

ਮੈਂ ਜ਼ੈਲਦਾਰਾਂ ਦੇ ਘਰੇ ਪੈਦਾ ਤੇ ਵੱਡੀ ਹੋਈ ।ਸਰਦਾਰਾਂ ਦੇ ਘਰੇ ਮੇਰੀ ਡੋਲੀ ਉੱਤਰੀ।ਦੋ ਪੁੱਤ ਮੇਰੀ ਪੇਟੋਂ ਹੋਏ ,ਬਲਕਾਰ ਤੇ ਅਵਤਾਰ ।ਅਵਤਾਰ ਤਾਂ ਦਸਵੀਂਵਿਚ ਹੀ ਅਜਿਹਾ ਢਿੱਡ ਫੜ੍ਹ ਕੇ ਬੈਠਾ ਨਾ ਡਾਕਟਰਾਂ ਦੀ ਸਮਝ ਆਈ ਤੇ ਨਾ ਬਾਬਿਆਂ ਦੇ, ਮਹੀਨੇ 'ਚ ਹੀ ਉਹ ਰਾਖ ਦੀ ਢੇਰੀ ਹੋ ਗਿਆ। ਮੈਨੂੰ ਧਰਤੀ ਵਿਹਲ ਨਾ ਦੇਵੇ।

"ਰੱਬਾ !ਮੈਨੂੰ ਵੀ ਚੱਕ ਲੈ ... ਅਵਤਾਰ ਬਿਨਾਂ ਮੇਰਾ ਹੈ ਹੀ ਕੌਣ ਏਥੇ ?" ਮੈਂ ਰੱਬ ਅੱਗੇ ਹੱਥ ਜੋੜਦੀ।

ਲੋਕਾਂ ਦੀਆਂ ਹੱਡਬੀਤੀਆਂ ਤੇ ਜੱਗਬੀਤੀਆਂ ਸੁਣਦੀ ਨੇ ਮਨ ਸਮਝਾ ਲਿਆ। ਹੌਲ਼ੀ—ਹੌਲ਼ੀ ਭਾਣਾ ਮੰਨ ਲਿਆ।

ਪਰਿਵਾਰ ਨੇ ਅਵਤਾਰ ਦੀਆਂ ਸਾਰੀਆਂ ਫੋਟੋਆਂ ਚੁੱਕ ਕੇ ਲੁਕੋ ਦਿੱਤੀਆਂ ਪਰ ਚਿੱਤ ਵਿਚ ਵਸੀ ਉਸਦੀ ਤਸਵੀਰ ਨਾ ਭੁੱਲਦੀ। ਜਦ ਵੀ ਕਿਸੇ ਜੂੜੇ ਵਾਲੇ ਮੁੰਡੇ ਨੂੰ ਖੇਡਦਾ ਜਾਂ ਜਾਂਦਾ ਵੇਖਦੀ, ਅਵਤਾਰ ਠਾਹ ਦੇਣੇ ਯਾਦ ਆ ਜਾਂਦਾ। ਮੇਰੇ ਅੰਦਰ ਹਾਉਂਕਿਆਂ ਹਾਵਿਆਂ ਦੀਆਂ ਗੰਢਾ ਬਣਨ ਲੱਗੀਆ ,ਜੋ ਸਮੇਂ ਪੈਣ ਤੇ ਵੀ ਨਾ ਖੁਰੀਆਂ। ਮੈਂ ਮਨ ਸਮਝਾ ਲਿਆ , ਬਲਕਾਰ ਤਾਂ ਕੋਲ ਹੈ ਮੇਰੇ।ਅਜੇ ਦੋ ਸਾਲ ਵੀ ਨੀਂ ਬੀਤੇ ਹੋਣੇ, ਸਰਦਾਰ ਜੀ ਦਾ ਬਾਘੇ ਪੁਰਾਣੇ ਐਕਸੀਡੈਂਟ ਹੋ ਗਿਆ। ਮੈਂ ਦਿਨ—ਦਿਹਾੜੇ ਲੁੱਟੀ ਪੁੱਟੀ ਗਈ ਸਾਂ। ਬੰਦੇ ਤੋਂ ਬਿਨਾਂ ਸੁੰਨਾ ਘਰ ਖਾਣ ਨੂੰ ਆਉਂਦਾ। ਇਕੱਲੀ ਤੀਵੀਂ ਨੂੰ ਕਬੂਤਰਾਂ ਦੀ ਫੜਫੜਾਹਟ ਵੀ ਤੰਗ ਕਰਦੀ ।ਸੁਰਤ ਟਿਕਾਣੇ ਨਾ ਰਹਿੰਦੀ ।

ਸਿਆਣਿਆਂ ਨੇ ਜੱਗਬੀਤੀ ਸੁਣਾਈ, "ਉਸ ਦਾਤੇ ਦੀਆਂ ਖੇਡਾਂ ਨੇ 'ਜਮੇਰ... ਸਿਆਣੀ ਬਣ ... ਰੋਣਾ ਛੱਡ ਤੇ ਬਲਕਾਰ ਨੂੰ ਸੰਭਾਲ।" ਜੱਗਬੀਤੀ ਹੱਡਬੀਤੀ ਤੇ ਭਾਰੂ ਪੈ ਗਈ, "ਜੇ ਜਾਣ ਵਾਲੇ ਨੂੰ ਜ਼ਿਆਦਾ ਰੋਈਏ ਤਾਂ ਸਵਰਗਾਂ 'ਚ ਢੋਈ ਨੀਂ ਮਿਲਦੀ ਹੁੰਦੀ...ਉਹਨੂੰ।"ਮੈਂ ਬਲਕਾਰ ਨੂੰ ਸੀਨੇ ਲਾਇਆ ਤੇ ਕਾਲੇ ਦਿਨ ਲੰਘਣ ਲੱਗੇ।

ਜੱਗਬੀਤੀ ਨੇ ਦੱਸਿਆ, ਜਵਾਨੀ ਕੁਰਾਹੇ ਛੇਤੀ ਪੈਂਦੀ ਐ। ਇਸ ਦਾ ਅਹਿਸਾਸ ਕਾਲਜ ਵਿਚ ਹੋਈ ਲੜ੍ਹਾਈ ਤੋਂ ਪਤਾ ਲੱਗਾ।ਬਲਕਾਰ ਦਾ ਨਾਂ ਲਿਸਟ 'ਚ ਸੀ। ਫੜੋ—ਫੜਾਈ ਹੋਈ। ਪੁਲਿਸ ਗੇੜੇ ਮਾਰਨ ਲੱਗੀ । ਚਿੱਤ ਕੰਬ ਉੱਠਿਆ। ਮਸਾਂ ਰੁਪਏ ਦੇ ਜਾਨ ਛੁਡਾਈ, ਪੁਲਿਸ ਕੋਲੋਂ। ਬਰਾਬਰ ਦੇ ਧੀ ਪੁੱਤ ਨੂੰ ਅੱਖਾਂ ਦੀ ਘੂਰ ਵੀ ਮਾੜੀ ਹੁੰਦੀ ਹੈ।

ਮੈਂ ਸੋਚਿਆ ਤੇ ਵਿਚਾਰਿਆ—ਜਿੱਧਰ ਦੋ ਗਏ , ਉਥੇ ਤੀਜਾ ਨਾ ਤੁਰ ਜਾਵੇ ।ਸੋਚ — ਸੋਚਕੇ ਮੈਂ ਇਹਦੇ ਫੁੱਫੜ ਨੂੰ ਫੋਨ ਕਰ ਲਿਆ, ਕਨੇਡਾ। ਉਹਨੇ ਮਹੀਨੇ 'ਚ ਹੀ ਸੱਦ ਲਿਆ ਟਰਾਂਟੋ। ਮੈਨੂੰ ਲੱਗਿਆ —ਮੇਰਾ ਪੁੱਤ ਦਲਦਲ *ਚੋਂ ਨਿਕਲ ਗਿਆ।

ਫੁੱਫੜ ਨੇ ਜਾਂਦਿਆਂ ਹੀ ਇਸਨੂੰ ਟਰਾਂਟੋ ਸਟੋਰ ਤੇ ਲਗਵਾ ਦਿੱਤਾ। ਬਾਅਦ 'ਚ

ਡਰਾਵੀਇੰਗ ਲਾਇਸੈਂਸ ਬਣਨ ਤੇ ਟਰਾਲੇ ਚਲਾਉਣ ਲੱਗਾ। ਮੈਂ ਬਲਾਕਾਰ ਦੀ ਸੁੱਖ—ਸ਼ਾਂਦ ਲਈ ਪੀਰਾਂ ਦੇ ਘਿਉ ਦੇ ਚਿਰਾਗ਼ ਬਾਲਦੀ ।ਮੈਂ ਇਕ—ਇਕ ਪਲ ਨੂੰ ਸਾਲ ਵਾਂਗ ਗੁਜ਼ਾਰਿਆ। ਮੇਰੇ ਅਰਮਾਨ ਉਦੋਂ ਭੱਠੀ ਵਿਚ ਭੁੱਜਦੇ ਦਾਣਿਆਂ ਵਰਗੇ ਸਨ।

ਮੇਰੇ ਅਰਮਾਨ ਜਲਦੀ ਚਕਨਾਚੂਰ ਹੋ ਗਏ ਜਦੋਂ ਬਲਾਕਰ ਨੇ ਗੋਰੀ ਲੜਕੀ ਨਾਲ ਵਿਆਹ ਕਰਵਾ ਲਿਆ। ਮੈਂ ਇੱਧਰ ਤੜਫਾਂ ਹੀ ਤੜਫਾਂ।

ਚੰਦਰੀ ਕਨੇਡਾ ਸਰਕਾਰ ਨੇ ਮੇਰਾ ਵੀਜ਼ਾ ਵੀ ਨੀਂ ਲਾਇਆ। ਪਤਾ ਨਹੀਂ , ਬਲਕਾਰ ਨੇ ਭੇਜਿਆ ਹੈ ਵੀ ਕਿ ਨਹੀਂ। ਬਾਕੀ ਤੁਸੀ ਖ਼ੁਦ ਜਾਣਦੇ ਹੋ।

ਹੁਣ ਮੈਂ ਕਹਿ ਦਿੰਨੀ ਆਂ, "ਮੈਂ ਨੀਂ ਆਉਣਾ ਕਨੇਡੇ ... ਚਾਰ ਸਾਹ ਰਹਿਗੇ ..., ਐਧਰਲੀ ਮਿੱਟੀ ਹੀ 'ਚ ਲਊਂ।

ਸੱਤਰਾਂ ਨੂੰ ਪਾਰ ਹਾਂ। ਹੁਣ ਤਾਂ ਤੁਰੇ ਜਾਂਦੇ ਦੀ ਵੀ ਸਿਆਣ ਨੀਂ ਆਉਂਦੀ। ਰਿਸ਼ਤੇਦਾਰ ਵੀ ਬਾਹਰਲੇ ਦੇਸ ਉੱਠ ਗਏ ਨੇ। ਜੱਗਬੀਤੀ ਹੈ — ਬੁੱਢੇ ਬੰਦੇ ਦੀ ਅਗਲੀ ਸਵੇਰ ਵੀ ਸਵੇਰ ਨੀਂ ਹੁੰਦੀ।

ਹੁਣ ਤਾਂ ਕੰਮ ਵਾਲੀ ਇੰਦਰਜੀਤ ਸਾਂਭਦੀ ਐ ਮੈਨੂੰ ।ਇਹਦੇ ਖ਼ਾਤੇ *ਚ ਸਤਾਈ ਹਜ਼ਾਰ ਕਨੇਡਾ ਤੋਂ ਪੈ ਜਾਂਦਾ। ਫ਼ੋਨ ਤਾਂ ਹੁਣ ਇਸੇ ਨੂੰ ਆਉਂਦੇ ਨੇ ।

ਆਉਂਦੇ—ਜਾਂਦੇ ਸਾਰੇ ਕਹਿੰਦੇ, "ਬੁੜੀ ਬੌੜ ਮਾਰਦੀ ਐ ... ਜਲਦੀ ਘੋਰਡੂ ਵੱਜੂ।

ਰਤਨ ਪੁੱਤ ! ਤੇਰੇ ਰਾਹੀਂ ਇਕ ਗੱਲ ਕਹਿਣੀ ਐ, "ਮੇਰੇ ਬਲਕਾਰ ਪੁੱਤ ਅੰਤਮ—ਰਸਮਾਂ ਤੇ ਜ਼ਰੂਰ ਆਵੇ... ਹੋ ਸਕੇ ਤਾਂ ਪੋਤਰੇ ਗੁਣਰਾਜ ਨੂੰ ਨਾਲ ਲਿਆਵੇ ...ਉਹ ਵੀ ਦਾਦੀ ਦੀ ਅਰਥੀ ਨੂੰ ਹੱਥ ਲਾ ਦੂ। ਮੇਰੀ ਭਟਕਦੀ ਆਤਮਾ ਨੂੰ ਸ਼ਾਂਤੀ ਮਿਲ ਜਾਊ—ਜਿਵੇਂ ਅਵਤਾਰ ਤੇ ਸਰਦਾਰ ਦੀ ਆਤਮਾ ਨੂੰ ਮਿਲੀ ਸੀ।"

ਬੇਬੇ ਦੀ ਹੱਡਬੀਤੀ ਜੱਗਬੀਤੀ ਨਾਲੋਂ ਵੱਡੀ ਹੋ ਗਈ। ਰਤਨ ਭੁੱਲਰ ਬੇਬੇ ਦੀਆਂ ਮੁਰਮੁਰੀਆਂ ਅੱਖਾਂ ਵੇਖਦਾ ਰਿਹਾ, ਜਿਸ ਵਿਚ ਤੜਫ ਤੇ ਬੇਵਸੀ ਦੋਵੇਂ ਸਨ।

ਰਤਨ ਭੁੱਲਰ ਨੇ ਏਸੇ ਦੌਰਾਨ ਇੱਕ ਹੋਰ ਕਿਰਤੀ ਨੌਜਵਾਨ ਦੀ ਰਿਕਾਰਡਿੰਗ ਕੀਤੀ। ਉਸ ਨੇ ਬੇਬੇ ਅਜਮੇਰ ਕੌਰ ਦੀ ਦਾਸਤਾਨ ਵੀ ਸੁਣੀ ਸੀ। ਉਸ ਨੌਜਵਾਨ ਦਾ ਖ਼ੂਨ ਉਬਾਲੇ ਖਾ ਰਿਹਾ ਸੀ। ਉਸ ਨੇ ਆਪਣੀ 'ਸਟੋਰੀ' ਸੁਣਾਈ ਜਿਹੜਾ ਕਿ ਕਦ ਦਾ ਸੀਨੇ ਵਿੱਚ ਨਾਸੂਰ ਬਣ ਖੁਭਿਆ ਹੋਇਆ ਸੀ।

ਉਹ ਸੁਣਾਉਣ ਲੱਗਾ —

ਰਤਨ ਸਾਹਬ ਜੀ !ਅਜਮੇਰ ਦਾ ਪੁੱਤ—ਪੋਤਾ ਨਾ ਵੀ ਬਾਹਰੋਂ ਆਊਗਾ ਤਾਂ ਕੋਈ ਵੱਡੀ ਗੱਲ ਨੀਂ। ਪਿੰਡ ਅਜੇ ਐਨਾ ਕਮਲਾ ਨੀਂ ਹੋਇਆ ! ਬਈ ਬੁੜੀ ਦੀ ਦੇਹ ਰੋਲੂ। ਸਸਕਾਰ ਜੋਗੀਆ ਲੱਕੜਾਂ ਤਾਂ ਪਾ ਹੀ ਦੇਣਗੇ ਤੇ ਸਿੰਘ ਸਭਾ ਵਾਲੇ ਗੁਰੂ —ਘਰ ਤੋਂ ਅਰਦਾਸ ਲਾਈਵ ਦਿਖਾ ਦੇਣਗੇ। ਅੱਗੇ ਕਿਹੜਾ ਉਹ ਵੇਖਦੇ ਨੀਂ ਹੁੰਦੇ। ਡਾਲਰਾਂ ਦਾ ਮੋਹ ਤਿਆਗਿਆ, ਕਿਸੇ ਨੇ। ਉਹਨਾਂ ਨੂੰ ਤਾਂ ਕੰਮ ਪਿਆਰਾ, ਚੰਮ ਨੀਂ।

ਸਾਹਬ ਜੀ, ਪਰ ਜਿਹੜੀ ਸਾਡੇ ਨਾਲ ਹੁੰਦੀ ਐ, ਉਥੇ ਤਾਂ ਅਸੀਂ ਰੋਜ਼ ਪਲ—ਪਲ ਮਰਦੇ ਹਾਂ। ਸੱਚ ਦਾ ਪਤਾ ਸਭ ਨੂੰ ਐ ਤੇ ਝੂਠ ਦਾ ਵੀ। ਪਰ ਬੋਲਦਾ ਕੋਈ ਨਹੀਂ।

ਮੈਂ ਆਵਦਾ ਕੱਚਾ ਨਾਂ ਦੱਸਾਂ ਜਾ ਪੱਕਾ । ਪੱਕਾ ਨਾਂ ਤਾਂ ਸਾਡਾ ਵੋਟਾਂ ਵੇਲੇ ਹੀ ਲੈਂਦੇ ਨੇ ਲੀਡਰ। ਉਂਝ ਸਾਰੇ ਮੈਨੂੰ 'ਕਿੰਦੂ—ਕਿੰਦੂ' ਕਹਿੰਦੇ ਕਹਿੰਦੇ ਨੇ। ਨਗਰ ਪੰਚਾਇਤ ਪੱਖੀ ਕਲਾਂ ਤੋਂ।

ਸਾਹਬ ਜੀ, ਜਿਸ ਹਵੇਲੀ ਵਾਲਿਆਂ ਦੇ ਮੇਰਾ ਪਿਓ ਦਾ ਪਿਓ ਵੀ ਕੰਮ ਕਰਦਾ ਸੀ, ਮੈਂ ਵੀ ਉਥੇ ਕੰਮ ਤੇ ਲੱਗਾ ਸਾਂ।ਮੇਰੀ ਮਾਂ ਤੇ ਭੈਣ ਇੱਥੇ ਗੋਹੇ —ਕੂੜੇ ਦਾ ਕੰਮ ਕਰਦੀਆਂ। ਸਵੇਰ ਤੋ ਦੁਪਹਿਰਾ ਹੋ ਜਾਂਦਾ , ਉਹਨਾਂ ਤੋਂ ਮਤਰਾਲ ਬੱਠਲਾਂ ਨਾਲ ਨਾ ਚੁੱਕੀ ਜਾਦੀ। ਮਿਲਦੀਆਂ ਮਸਾਂ ਪੰਜ ਰੋਟੀਆਂ, ਕੌਲੀ ਦਾਲ ਤੇ ਪਾਈਆ ਦੁੱਧ। ਇਸ ਘਰੋਂ ਰੁਪਏ ਮੈਂ ਹੀ ਲੈ ਕੇ ਜਾਂਦਾ। ਉਹ ਵੀ ਤਿਮਾਹੀ ਜਾਂ ਦੁੱਖ —ਸੁੱਖ ਵੇਲੇ। ਉਨ੍ਹੇ ਰੁਪਏ ਕਦੇ ਨਾ ਮਿਲੇ, ਜਿੰਨ੍ਹੇ ਦੇ ਅਸੀਂ ਹੱਕਦਾਰ ਹੁੰਦੇ।

ਜ਼ਿਮੀਦਾਰ ਦੇ ਵਾਹਣ ਦਾ ਟੱਕ ਐਨਾ ਵੱਡਾ ਸੀ ਕਿ ਨਿਆਈਂ ਤੋਂ ਖੜ੍ਹ ਬੰਦੇ ਦੀ ਨਿਗਾਹਾਂ ਪਾਟ ਜਾਂਦੀ, ਫਿਰ ਵੀ ਪੂਰਾ ਟੱਕ ਨਾ ਵੇਖਿਆ ਜਾਂਦਾ। ਮਾਸ ਚੁੱਲ੍ਹੇ 'ਤੇ ਰਿਝਦਾ ਹੀ ਰਹਿੰਦਾ ਤੇ ਦਾਰੂ ਦੇ ਭੱਠ ਹਮੇਸ਼ਾ ਚੜ੍ਹੇ ਰਹਿੰਦੇ ।ਥਾਣੇ—ਕਚਹਿਰੀਆਂ 'ਚ ਤੂਤੀ ਬੋਲਦੀ ਸੀ, ਸਰਦਾਰ ਦੀ । ਤੀਵੀਂਆਂ ਨਖ਼ਰੇ ਕਰਦੀਆਂ। ਬੰਦੇ ਰੋਹਬ ਨਾਲ ਗੱਲ ਕਰਦੇ।

ਫਿਰ ਕਰੋਪੀ ਹੋਈ। ਸਰਦਾਰ ਨੇ ਬਿਨਾਂ ਗੱਲ ਤੋਂ ਮੇਰੇ ਖੀਸੇ ਵਿਚ ਹਰੇ—ਹਰੇ ਨੋਟ ਪਾ ਦਿੱਤੇ। ਅਣਗਿਣਿਤ ।ਦਾਰੂ ਦੀ ਬੋਤਲ ਵੀ ਭਰ ਦਿੱਤੀ। ਕੰਮ ਤੋਂ ਛੇਤੀ ਛੁੱਟੀ ਕਰਨ ਦਾ ਹੁਕਮ ਚਾੜ੍ਹਿਆ ।ਬੋਤਲ ਮੇਰੇ ਹੱਥ ਫੜ੍ਹਾ ਦਿੱਤੀ ।

ਮੈਂ ਹੈਰਾਨ ਹੋਇਆ । ਉਪਰੋਂ ਸਰਦਾਰ ਨੇ ਫਿਰ ਕਿਹਾ, "ਜਾ ਐਸ਼ ਕਰ ... ਘੱਟ ਨੇ ਤਾਂ ਹੋਰ ਲੈਜੀ!" ਉਸ ਦਿਨ ਮੈਨੂੰ ਸਰਦਾਰ ਵੀ ਰੱਬ ਵਾਂਗ ਲੱਗਿਆ, ਜਿਸਨੇ ਗ਼ਰੀਬ ਦੀ ਬਾਂਹ ਨੇੜੇ ਹੋ ਕੇ ਫੜੀ ਸੀ ।

ਮੈਂ ਦੋ ਮੋਟੇ—ਮੋਟੇ ਪੈੱਗ ਚਾੜ੍ਹ ਕੇ ਘਰ ਨੂੰ ਤੁਰ ਪਿਆ। ਮੈਂ ਆਪਣੇ ਆਪ ਨੂੰ ਵਿਹੜੇ ਵਾਲਿਆਂ ਦਾ ਰਾਜਾ ਸਮਝਣ ਲੱਗਾ।

ਘਰ ਦੇ ਤਖ਼ਤੇ ਖੁੱਲ੍ਹੇ ਪਏ ਸਨ। ਮਾਂ ਸਿਸਕੀਆਂ 'ਤੇ ਸੀ। ਇੰਝ ਲੱਗਿਆ ਜਿਵੇਂ ਮਾਂ ਵਰ੍ਹਿਆਂ ਤੋਂ ਰੋ ਰਹੀ ਹੋਵੇ ਤੇ ਹੁਣ ਹੰਝੂ ਸੁੱਕ ਗਏ ਹੋਣ।

ਮਾਂ ਦੇ ਬੁੱਲ੍ਹ ਹਿੱਲੇ। ਉਸਨੇ ਮਸਾਂ ਹੀ ਲੇਰ ਮਾਰੀ "ਮੁਖਤਿਆਰ ਸੂੰਹ ਨੇ ਕੁਛ ਨੀ ਛੱਡਿਆ ਸਾਡਾ ਕਿੰਦੂ... ਸਾਨੂੰ ਖਾ ਲਿਆ।" ਮੈ ਸਬਾਤ ਦਾ ਬਾਰ ਖੋਲ੍ਹਿਆ। ਫਾਹੇ ਟੰਗੀ ਭੈਣ ਦੀ ਲਾਸ਼ ਦਿਖੀ।

ਬਲਾਤਕਾਰ ਜਾਂ ਧੱਕਾ ਹੋਇਆ ਕੌਣ ਸਹਾਰ ਸਕਦਾ? ਮੈਂ ਸਿੱਧਾ —ਸ਼ਤੌਲ ਸਰਦਾਰ ਦੀ ਹਵੇਲੀ ਨੂੰ ਹੋ ਤੁਰਿਆ। ਹਵੇਲੀ ਦੇ ਤਖ਼ਤੇ ਪਰ੍ਹੇ ਕੀਤੇ। ਵਿਹੜਾ ਟੱਪਿਆ। ਫਰਸ਼ ਲੰਘਿਆ। ਜਾਲ਼ੀ ਵਾਲਾ ਬੂਹਾ ਖੋਲ੍ਹਿਆ। ਲੌਬੀ ਪਾਰ ਕਰਕੇ ਬੈੱਡਰੂਮ ਵਿਚ ਜਾ ਵੜਿਆ। ਵੇਖਿਆ, ਮੁਖਤਿਆਰ ਦੀ ਧੌਣ ਫਰਸ਼ ਤੇ ਸੀ ਤੇ ਧੜ ਬੈੱਡ'ਤੇ।

ਮੁਖਤਿਆਰ ਦੀ ਨੂੰਹ ਬੋਲੀ, "ਤੂੰ ਵੀ ਆਹੀ ਕਰਨ ਆਇਆ ਸੀ... ਮੈਂ ਕਰਤਾ... ਮੇਰਾ ਵੀ ਆਹੀ ਹਿਸਾਬ —ਕਿਤਾਬ ਰਹਿੰਦਾ ਸੀ ... ਏਹਦੇ ਬੰਨ੍ਹੀ ...ਤੇਰੇ ਵਾਗੂੰ।"

ਰਤਨ ਸਾਹਬ ਜੀ! ਮੈਂ ਉਹਦੇ ਹੱਥੋਂ ਖਪਰਾ ਫੜ ਲਿਆ ਤੇ ਗਲ਼ੀ 'ਚ ਆ ਰੌਲਾ ਪਾਉਣ ਲੱਗਾ ਸੀ ,"ਵੱਡਾ ਸੂਰਮਾ... ਮੈਂ ਮਾਰਿਆ ...ਮੈਂ!"

ਘਰ ਆ ਕੇ ਮੈਂ ਦੋ ਲਾਸ਼ਾਂ ਲਾਹ ਲਈਆਂ । ਇਕ ਭੈਣ ਦੀ ਤੇ ਦੂਜੀ ਮਾਂ ਦੀ।

ਜ਼ੇਲ੍ਹ ਗਿਆ। ਸਜ਼ਾ ਹੋਈ। ਕੱਟ ਆਇਆ ।

ਸਾਹਬ ਰਤਨ ਸਿੰਘ ਜੀ, "ਮੈਂ ਤੁਹਾਡੇ ਜ਼ਰੀਏ ਸਾਰੀ ਦੁਨੀਆ ਨੂੰ ਦੱਸਣਾ, ਚੰਗਾ ਹੋਇਆ... ਮੁਖਤਿਆਰ ਉਹਦੀ ਨੂੰਹ ਨੇ ਹੀ ਮਾਰਤਾ ...ਮੈਥੋਂ ਤਾਂ ਉਹ ਮਰਨਾ ਵੀ ਨੀਂ ਸੀ।"

ਰਤਨ ਕਿੰਦੂ ਦੀ ਆਖ਼ਰੀ ਗੱਲ ਸੁਣ ਪਿੱਪਲ ਦੇ ਪੱਤੇ ਵਾਂਗ ਕੰਬ ਉੱਠਿਆ।

ਰਤਨ ਭੁੱਲਰ ਕਿੰਨਾ ਚਿਰ ਕਿੰਦੂ ਦੇ ਮੂੰਹੋਂ ਗੱਲ ਸੁਣ ਚੁੱਪ ਕਰ ਗਿਆ ਸੀ। ਕਿੰਦੂ ਆਪਣੀ ਕਹਾਣੀ ਸੁਣਾ ਚਲਾ ਗਿਆ। ਰਤਨ ਸੋਚਦਾ ਰਿਹਾ ਕਿ ਇਹ ਲੋਕ ਗੁਰਬਤ ਦੇ ਨਾਲ ਨਾਲ ਮਾਨਸਿਕ ਤੌਰ 'ਤੇ ਵੀ ਅਥਾਹ ਪੀੜ੍ਹਾ ਨਾਲ ਭੰਨੇ ਪਏ ਨੇ। ਜੀਣਾ ਤੇ ਲੜਨਾ ਫਿਰ ਵੀ ਇਹਨਾਂ ਦਾ ਮਕਸਦ ਰਿਹੈ। ਇਹਨਾਂ ਦੇ ਜ਼ੇਰੇ ਨੂੰ ਸਲਾਮ ਕਰਨਾ ਬਣਦਾ ਹੈ।

ਰਤਨ ਭੁੱਲਰ ਦਾ ਮਿਸ਼ਨ ਅਜੇ ਅਧੂਰਾ ਸੀ। ਉਹ ਆਪਣੇ ਮਿਸ਼ਨ ਨੂੰ ਅੱਗੇ ਤੇ ਵਡੇਰਾ ਕਰਨ ਲਈ ਨਿਕਲ ਪਿਆ। ਇਸ ਤੋਂ ਬਾਅਦ ਉਸ ਨੂੰ ਉਹ ਆਦਮੀ ਮਿਲਿਆ ਜਿਹੜਾ ਧਰਤੀ ਨਾਲੋਂ ਵੀ ਟੁੱਟਿਆ ਹੋਇਆ ਸੀ ਤੇ ਮਾਨਸਿਕ ਪੱਖੋਂ ਵੀ। ਉਸ ਦੀ ਹਾਲਤ ਦੱਸਦੀ ਪਈ ਸੀ ਕਿ ਉਹ ਗਹਿਰ—ਗੰਭੀਰ ਦਰਦ ਵਿੱਚ ਗੁਜ਼ਰ ਰਿਹਾ ਹੈ। ਰਤਨ ਨੇ ਉਸ ਨੂੰ ਪਾਣੀ ਦਾ ਗਲਾਸ ਫੜਾਇਆ ਤੇ ਉਹ ਪਾਣੀ ਪੀ ਕੇ ਸਹਿਜ ਹੋ ਕੇ ਆਪਣੇ ਮਨ ਦੀਆਂ ਗੰਢਾਂ ਨੂੰ ਨੜੇ ਵਾਂਗਰਾਂ ਉਧੇੜਨ ਲੱਗਾ।

"ਵਾਹਿਗੁਰੂ ਜੀ ਕਾ ਖਾਲਸਾ... ਵਾਹਿਗੁਰੂ ਜੀ ਕੀ ਫਤਿਹ।" ਇਹ ਜੈਕਾਰਾ ਮੇਰਾ ਦਾਦਾ ਦੂਜੇ ਨੂੰ ਮਿਲਣ ਤੇ ਲਾਉਂਦਾ ਹੁੰਦਾ ਸੀ। ਨਿਹੰਗ ਸਿੰਘ ਵੀ ਰਿਹਾ ਸੀ ਉਹ। ਜਦ ਸੰਤਾਲ਼ੀ ਵੇਲੇ ਮੁਲਖ਼ ਦੋ ਹੋਏ। ਬੰਦਿਆਂ ਦੇ ਸਿਰਾਂ 'ਚ ਸ਼ੈਤਾਨ ਵੜ ਨੱਚਣ ਲੱਗੇ। ਭਰਾ ਨੇ ਭਰਾ ਮੂਲੀਆਂ ਵਾਂਗ ਵੱਢ ਸੁੱਟੇ। ਬਾਲਾਂ ਤੇ ਤੀਵੀਆਂ ਤੇ ਭੋਰਾ ਤਰਸ ਨਾ ਕੀਤਾ। ਤਦ ਮੇਰਾ ਦਾਦਾ ਜੰਗਸ਼ੇਰ ਸਿੰਘ ਦਾਦੀ, ਭੂਆ ਤੇ ਪਿੰਡ ਦੀਆਂ ਹੋਰ ਧੀ ਧਿਆਣੀਆਂ ਦੀਆਂ ਜਾਨਾਂ ਬਚਾਉਂਦਾ, ਆਪਣੀ ਜਾਨ ਗੁਆ ਬੈਠਾ।

ਲਾਸ਼ ਪਾਕਿਸਤਾਨ ਰਹਿ ਗਈ ਤੇ ਦਾਦੀ, ਦਾਦੇ ਦੀਆਂ ਯਾਦਾਂ ਭਾਰਤ ਚੁੱਕ ਲਿਆਈ।

ਜਦ ਵੀ ਕੋਈ ਸਾਥੋਂ ਧਰਮ ਵਿੱਰੁਧ ਕੰਮ ਹੋ ਜਾਂਦਾ ਤਾਂ ਦਾਦੀ ਕੋਸਦੀ ,"ਉਹ ਉਪਰ ਬੈਠਾ ਧਾਅਡਾ ਦਾਦਾ ਰੋਈ ਜਾਂਦਾ ...ਬਈ ਮੇਰਾ ਜਗਜੀਤ ਕਿਹੜੇ ਰਾਹ ਤੁਰਿਆ ਫਿਰਦੇ ...ਮੁਆਫ਼ੀ ਮੰਗ ਲਵੋ ...ਗੁਰੂ ਮਾਹਰਾਜ ਦੀ ਹਾਜ਼ਰੀ ਭਰ ਆਇਉ।" ਮੈਂ ਅਸਮਾਨ ਵੱਲ ਮੂੰਹ ਚੁੱਕ ਤਾਰਿਆਂ ਵੇਖਦਾ ਤੇ ਰਹਿਰਾਸ ਦਾ ਪਾਠ ਕਰਨ ਬਹਿ ਜਾਂਦਾ। ਜਦ ਦਾਦੀ ਤੇ ਬਾਪੂ ਹੋਰਾਂ ਨੇ ਪਿੰਡ ਡੇਰੇ ਲਾਏ ਤਾਂ ਸਾਨੂੰ ਅਲਾਟ ਕੀਤੀ ਥੋੜ੍ਹੀ ਜਿਹੀ ਪੈਲ਼ੀ ਮਿਲੀ। ਦਾਦੀ ਸਭਨਾਂ ਨੂੰ ਸਬਰ ਰੱਖਣ ਨੂੰ ਆਖਦੀ।

ਭਾਊ ! ਇਹ ਸਾਡੇ ਢਾਏ ਦੇ ਪਿੰਡ ਨੇ। ਇੱਥੇ ਇਕੱਲਾ ਬਿਆਸ ਦਰਿਆ ਮਾਰ ਨੀਂ ਕਰਦਾ, ਹੋਰ ਵੀ ਬਥੇਰੇ ਕਾਰਨ ਤਬਾਹੀ ਦੇ ਬਣਦੇ ਨੇ। ਕਦੇ ਕੁੱਝ ਤੇ ਕਦੇ ਕੁੱਝ।

ਸਾਡੇ ਪਿੰਡਾਂ *ਚ ਚੌਰਾਸੀ ਤੋਂ ਚੁਰਾਨਵੇਂ ਤੱਕ ਦਿਨੇ ਕਾਲੀ ਹਨੇਰੀ ਛਾਈ ਰਹੀ ਸੀ। ਮੜ੍ਹੀਆਂ ਵਰਗੀ ਚੁੱਪ ਸਭ ਦੇ ਚਿਹਰਿਆਂ ਤੇ ਹੁੰਦੀ। ਨੌਜਵਾਨ ਮਾਰੇ ਗਏ ਜਾਂ ਜਾਨ ਬਚਾਉਣ ਲਈ ਵਿਦੇਸ਼ਾਂ ਨੂੰ ਨੱਸ ਗਏ। ਘਰਾਂ ਦੇ ਘਰ ਸੁੰਨ—ਸਾਨ ਹੋ ਗਏ।

ਮੇਰਾ ਬਾਪ ਵੀ ਧਰਮ ਦੇ ਰਾਹ ਤੇ ਤੁਰਿਆ, ਮੁੜਿਆ ਨੀਂ। ਮਾਂ ਤੇ ਦਾਦੀ ਨੇ ਬਥੇਰੇ ਧੱਕੇ

ਖਾਧੇ। ਉਸ ਨੂੰ ਥਾਂ ਥਾਂ ਜਾ ਲੱਭਿਆ। ਥਾਣਿਆਂ ਦੀ ਖ਼ਾਕ ਛਾਣੀ ਪਰ ਕਿਤੇ ਵੀ ਖ਼ੈਰ ਨਾ ਪਈ। ਦਾਦੀ ਤੇ ਮਾਂ ਨੇ ਇਸ ਪੰਧ ਤੇ ਤੁਰ ਕੇ ਸਾਰੀ ਪੈਲ਼ੀ ਗੁਆ ਲਈ।

ਦਾਦੀ ਨੇ ਪੁੱਤ ਦੇ ਵਿਯੋਗ 'ਚ ਮੰਜਾ ਮੱਲ੍ਹ ਲਿਆ ਤੇ ਜਾਂਦੇ ਰਾਹੀਆਂ ਨਾਲ਼ ਤੁਰ ਗਈ।

ਮੈਂ ਜੁਆਨ ਹੋਇਆ। ਪੱਲੇ ਪਈ ਬੇਰੁਜ਼ਗਾਰੀ। ਮੈਂ ਕੁੱਝ ਵੱਖਰਾ ਕਰਨ ਦੀ ਠਾਣੀ। ਬਸ ਸਟੈਂਡ ਲਾਗੇ ਜੂਸ ਕਾਰਨਰ ਖੋਲ੍ਹ ਲਿਆ।

ਇਹ ਤਾਂ ਦਾਤਾ ਹੀ ਜਾਣਦੈ ਕਿ ਇੱਥੇ ਜੂਸ ਨਾਲੋਂ ਲੋਕ ਦਾਰੂ ਕਿਉ ਵੱਧ ਪੀਂਦੇ ਨੇ, ਸ਼ਾਇਦ ਸੰਤਾਲ਼ੀ ਤੇ ਚੌਰਾਸੀ ਤੋਂ ਮਿਲੇ ਦੁੱਖਾਂ ਨੂੰ ਛੋਟਾ ਕਰਨ ਲਈ।

ਮੇਰੇ ਸਾਹਮਣੇ ਵਾਲ਼ੇ ਅਹਾਤੇ ਤੇ ਰੌਣਕਾਂ ਰਹਿੰਦੀਆਂ। ਇੱਧਰ ਮੇਰੀ ਦੁਕਾਨ ਮੱਖੀਆਂ ਨਾਲ਼ ਭਾਂ—ਭਾਂ ਕਰਦੀ।

ਮੈਂ ਖਿੱਝ ਗਿਆ। ਦਾਦਾ ਰੁਕਣ ਲਈ ਹੁੱਜਾਂ ਮਾਰਦਾ ਰਿਹਾ ਤੇ ਦਾਦੀ ਕਥਾ ਛੋਹਦੀ ਲੱਗਦੀ। ਮੈਂ ਧਾਰ ਲਿਆ,"ਮੈਂ ਨੀਂ ਕਰਨੀ ਦੁਕਾਨ... ਮੈਂ ਤਾਂ ਘੜੁੱਕਾ ਖੜ੍ਹਨੈ।"

ਮੈਂ ਘੜੁੱਕੇ 'ਤੇ ਪਿੰਡ—ਪਿੰਡ ਗੇੜੇ ਲਾਉਂਦਾ। ਇੱਧਰ ਮੈਂ ਪੰਜ ਸਾਲ 'ਚ ਤਿੰਨ ਕੁੜੀਆਂ ਦਾ ਬਾਪ ਬਣ ਗਿਆ। ਮੇਰੇ ਅੰਦਰ ਆਪਣੇ ਧਰਮ ਪ੍ਰਤੀ ਨਫ਼ਰਤ ਹੋਣ ਲੱਗੀ। ਮੈਂ ਅੱਕ ਗਿਆ। ਇਕ ਦਿਨ ਮਨ ਵਿਚ ਪਤਾ ਨੀਂ ਕਿਹੜੀ ਰੀਲ ਚੱਲੀ—ਮੈਂ ਸਾਰੀਆ ਤਸਵੀਰਾਂ ਤੇ ਗੁਟਕੇ ਗੁਰੂ ਘਰ ਰੱਖ ਆਇਆ। ਆਪਣੇ ਮਨ ਨੂੰ ਪੱਥਰ ਕਰ ਲਿਆ।

ਜਗਜੀਤ ਗੱਲ ਕਰਦਾ—ਕਰਦਾ ਰੁਕ ਗਿਆ। ਰਤਨ ਨੇ ਉਸ ਨੂੰ ਹਲੂਣਾ ਦਿੱਤਾ ਤੇ ਅਗਲੀ ਗੱਲ ਦੱਸਣ ਲਈ ਕਿਹਾ। ਜਗਜੀਤ ਚੇਤਿਆਂ ਦੀ ਪਟਾਰੀ 'ਚੋਂ ਅਗਲੀ ਗੱਲ ਛੋਹਣ ਲੱਗਾ ਜਿੱਥੇ ਕਿ ਸਾਰਾ ਤਾਣਾ—ਪੇਟਾ ਉਲਝਿਆ ਪਿਆ ਸੀ।

ਗੁਰਬੰਤ ਨੇ ਮੱਤ ਦਿੱਤੀ,"ਪ੍ਰੇਮੀ ਬਣਜਾ.. ਦੁੱਖ ਟੁੱਟਦੇ ਨੇ...ਇੱਧਰ ਭਾਊ।"

ਮੈਂ ਬਿਆਸ ਗਿਆ। ਮੈਨੂੰ 'ਨਾਮ ਦਾਨ' ਨਾ ਮਿਲਿਆ। ਕਈ ਚੱਕਰ ਲਾ ਆਇਆ। ਸ਼ਾਇਦ ਉਹਨਾਂ ਦੀ ਕਸੌਟੀ ਤੇ ਮੈਂ ਖਰ੍ਹਾ ਨਾ ਉਤਰਿਆ। ਮਨ ਦੀ ਭਟਕਣਾ ਉਲਝਾਈ ਫਿਰਦੀ ਸੀ ਮੈਨੂੰ। ਘਰਵਾਲ਼ੀ ਸੁਖਜੀਤ ਤਾਂ ਮੋਮਬੱਤੀ ਵਾਂਗ ਪਿਘਲ ਪੈਂਦੀ।

ਸੱਥ ਮੇਰੇ ਤੇ ਹੱਸਦੀ। ਜ਼ਨਾਨੀਆਂ ਮੇਰੀਆਂ ਗੱਲਾਂ ਕਰਦੀਆਂ ਲੱਗਦੀਆਂ। ਜਵਾਕ ਮੌਜੂ ਉਡਾਉਂਦੇ। ਮੈਨੂੰ ਸਭ ਦੇ ਬੋਲ ਸੂਲਾਂ ਵਾਂਗ ਚੁੱਭਦੇ।

ਉਸ ਦਿਨ ਮੈਂ ਇੱਕ ਪਿੰਡ ਗਿਆ, ਗੇੜਾ ਲੈ ਕੇ। ਅੱਗਿਓਂ ਫੌਜੀ ਢਾਬੇ ਤੇ ਟੰਗੇ ਬੋਰਡ ਉਪਰ ਨਜ਼ਰ ਜਾ ਟਿਕੀ। ਅੱਖ ਪੱਟੀ ਹੀ ਨਾ ਜਾਵੇ। ਪੜ੍ਹ ਕੇ ਮਨ ਵਿਚ ਵਸਾ ਲਿਆਇਆ। ਉਹ ਬੋਰਡ 'ਛੁਟਕਾਰਾ ਸਭਾ' ਬਾਰੇ ਸੀ, ਪਹਿਲਾਂ ਵੀ ਮੈਂ ਇੱਕ—ਦੋ ਵਾਰੀ ਬੋਰਡ ਇਸੇ ਤਰ੍ਹਾਂ ਦੇ ਵੇਖੇ ਸਨ।

ਮੈਂ ਸਭਾ *ਚ ਜਾ ਬੈਠਾ। ਮੇਰੀਆਂ ਅੱਖਾਂ ਅੱਡੀਆਂ ਰਹਿ ਗਈਆਂ। ਮੇਰੇ ਅੰਦਰੋਂ ਖਾਲੀ ਹੋਣ ਲੱਗਿਆ। ਮੈਂ ਆਨੰਦ ਨਾਲ ਭਰਦਾ ਗਿਆ। ਜਦੋਂ ਪਾਸਟਰ ਦੀਆਂ ਗਿਆਨ ਦੀਆਂ ਗੱਲਾਂ ਸੁਣਦਾ। ਸਭ ਨੂੰ ਵਜਦ ਵਿਚ ਆ ਕੇ ਸਿਰ ਮਾਰਦਾ ਵੇਖ, ਮੈਂ ਧੰਨ—ਧੰਨ ਗਿਆ। ਉਸ ਸਭਾ ਵਿਚ ਮੈਂ ਸਭ ਤੋਂ ਲੇਟ ਉਠਿਆਂ।

"ਮੈਨੂੰ ਦੁੱਖਾਂ ਤੋਂ ਛੁਟਕਾਰਾ ਦਵਾਓ...ਮੈਂ ਬਹੁਤ ਦੁਖੀ ਹਾਂ ਮਹਾਰਾਜ।" ਮੈਂ ਦੋਵੇਂ ਹੱਥ ਜੋੜ

ਗਿੜਗਿੜਾਉਂਦਾ ਰਿਹਾ। ਉਹਨਾਂ ਮੇਰੀ ਬੇਨਤੀ ਸਵੀਕਾਰ ਕਰ ਲਈ ਤੇ 'ਪੁੱਤਰ—ਪ੍ਰਾਪਤੀ' ਦਾ ਅਸ਼ੀਰਵਾਦ ਜ਼ੋਰ—ਸ਼ੋਰ ਨਾਲ ਦਿੱਤਾ।

ਹੁਣ ਮੈਨੂੰ ਯਿਸੂ ਮਸੀਹ ਤੇ ਮਿਸ ਮਰੀਅਮ ਆਪਣੇ ਗੁਰੂ ਲੱਗਦੇ। ਮੈਂ ਗਲ਼ ਵਿਚ ਕਰੌਸ ਪਾ ਲਿਆ ਤੇ ਆਪਣੇ ਨਾਂ ਨਾਲ ਮਸੀਹ ਜੋੜ ਲਿਆ।

ਪਤਨੀ ਨੂੰ ਲੈ ਬੱਚਿਆਂ ਸਮੇਤ ਚਰਚ ਜਾ ਆਉਂਦਾ। ਵੱਖਰੀ ਤੋਰ ਤੁਰਦਾ। ਲੋਕਾਂ ਨੂੰ ਕਮਲੇ ਦੱਸਦਾ। ਸੁਖਜੀਤ ਦਾ ਪੇਟ ਵੱਧਦਾ ਗਿਆ ਤੇ ਮੇਰੀ ਸ਼ਰਧਾ ਵੀ।

ਇੱਕ ਐਤਵਾਰ ਨਾਮ ਚਰਚਾ ਸਾਡੇ ਘਰ ਹੋਈ ਪਿੰਡ ਤੇ ਲੋਕ ਸਾਡੇ ਤੇ ਖ਼ੂਬ ਹੱਸੇ। ਮੈਂ ਪਾਸਾ ਕਰ ਲਿਆ। ਮੈਂ ਜਵਾਬ ਦੇਣਾ ਚਾਹੁੰਦਾ ਸਾਂ, ਪਰ ਥੋੜ੍ਹਾ ਰੁਕ ਕੇ।

ਮੈਂ ਉਸ ਦਿਨ ਲਾਗੇ ਪਿੰਡ ਗਿਆ ਸਾਂ ਜਦੋਂ ਫੋਨ ਆਇਆ, ਦੱਸਿਆ, "ਤੇਰੇ ਘਰ ਕੁੜੀ ਆ ਗਈ ਭਾਊ।" ਮੇਰਾ ਮਰਨ ਹੋ ਗਿਆ। ਮੈਂ ਦਰਿਆ ਵਿਚ ਵਿਚ ਛਾਲ ਮਾਰਨ ਦੀ ਸੋਚੀ ਪਰ ਮੈਥੋਂ ਮਰਿਆ ਨਾ ਗਿਆ। ਪਰਿਵਾਰ ਖ਼ਾਤਰ ਮੁੜ ਆਇਆ। ਸੁਖਜੀਤ ਮਨ ਸਿੱਟੀ ਬੈਠੀ ਸੀ।

ਹੁਣ ਸਾਰਾ ਪਿੰਡ ਸਾਡੇ ਤੇ ਹੱਸਿਆ। ਉੱਪਰ ਬੈਠੇ ਦਾਦਾ ਤੇ ਦਾਦੀ ਵੀ।

ਮੈਨੂੰ ਭੈਅ ਆਉਣ ਲੱਗਾ ,"ਇਹ ਸਾਡੇ ਨਾਲ ਕੀ ਵਾਪਰ  ਗਿਆ?" ਇਹ ਚਿੰਤਾ ਸਾਰਾ ਦਿਨ ਖਾਂਦੀ ਰਹਿੰਦੀ।

ਕੰਮ ਤਾਂ ਕਰਨਾ ਪੈਣਾ ਸੀ। ਮੈਂ ਸ਼ਹਿਰ ਗਿਆ ਗੇੜਾ ਲੈ ਕੇ। ਉਥੇ ਸੰਤ ਜੀ ਮਿਲ ਪਏ। ਮੇਰੀ ਸਾਰੀ ਵਿਥਿਆ ਸੁਣੀ। ਸੁਣਦੇ ਰਹੇ। ਉਹ ਮੈਨੂੰ ਪਾਣੀ ਵਾਂਗ ਨਿਰਮਲ ਲੱਗੇ। ਸਮਝਾਉਂਦੇ ਰਹੇ ਤੇ ਗੁਰਮੱਤ ਦਿੱਤੀ , "ਸਾਧ ਸੰਗਤ ਜੀ, ਤੂੰ ਬਾਬੇ ਬੁੱਢੇ ਜਾਂਦਾ... ਅੜੀਸਰ ਜਾਂਦਾ... ਦਰਬਾਰ ਸਾਹਿਬ ਸੱਚੇ ਮਨ ਨਾਲ ਅਰਦਾਸ ਕਰਦਾ... ਬੇੜਾ ਪਾਰ ਹੋ ਜਾਣਾ ਸੀ।"

ਉਹਨਾਂ ਵਿਚ ਮੈਨੂੰ ਆਪਣਾ ਦਾਦਾ ਦਿਖਾਈ ਦਿੱਤਾ। ਉਹ ਅੰਤਰ —ਧਿਆਨ ਹੋ ਕੇ ਫੇਰ ਬੋਲੇ , "ਨਾਲੇ ਕੁੜੀਆਂ ਕਿਹੜਾ ਅੱਜ ਕੱਲ੍ਹ ਮੁੰਡਿਆਂ ਤੋਂ ਘੱਟ ਨੇ ...ਤੇਰੀਆਂ ਕੁੜੀਆਂ ਰਾਜ ਕਰਨਗੀਆਂ। ਪੜ੍ਹਾਈ ਦਾ ਖ਼ਰਚਾ ਮੈਂ ਕਰੂੰ ... ਤੂੰ ਸਿੱਧੇ ਰਾਹ ਤੇ ਆ ਜਾ।"

'ਸਤਬਚਨ... ਸਤਬਚਨ' ਕਹਿੰਦਾ ਮੈਂ ਘਡੂਕੇ ਨੂੰ ਗੰਢਾ ਦਿੰਦਾ ਘਰ ਪਹੁੰਚਿਆ। ਘਰ ਦੇ ਗੇਟ ਅੱਗੇ ਖੜ੍ਹ ਆਵਾਜ਼ਾਂ ਮਾਰੀਆਂ ।

ਅੰਦਰੋਂ ਅਰਲ ਨਾ ਖੁੱਲ੍ਹੀ। ਮੈਂ ਕੰਧ ਟੱਪ ਗਿਆ। ਅੰਦਰ ਵੜਿਆ। ਅੰਦਰਲਾ ਸੀਨ ਵੇਖ ਮੇਰੇ ਪੈਰ ਗੱਡੇ ਗਏ। ਘਰਵਾਲੀ ਤੇ ਤਿੰਨੋਂ ਬੱਚੀਆਂ ਗਾਡਰ ਤੇ ਰੱਸਾ ਪਾਈ ਤੋਰੀਆਂ ਵਾਂਗ ਲਮਕ ਰਹੀਆਂ ਸਨ। ਦੋ ਕੁ ਮਹੀਨਿਆਂ ਦੀ ਕੁੜੀ ਪਾਣੀ ਦੀ ਬਾਲਟੀ ਵਿਚ ਉਲਟੀ ਪਈ ਸੀ, ਸਾਰੇ ਬੇਜਾਨ ਸਨ।

"ਭਾਊ ਤੂੰ ਦੱਸ.... ਉਹਨਾਂ ਦਾ ਤਾਂ ਛੁਟਕਾਰਾ ਹੋ ਗਿਆ... ਮੇਰਾ ਕਿਵੇਂ ਹੋਵੇਗਾ ?" ਉਹ ਸਿਰ ਗੋਡਿਆ ਵਿੱਚ ਦੇ ਉੱਚੀ—ਉੱਚੀ ਰੋਣ ਲੱਗ ਪਿਆ। ਰਤਨ ਲਈ ਉਸ ਨੂੰ ਸੰਭਾਲਣਾ ਮੁਸ਼ਕਿਲ ਹੋ ਗਿਆ ਸੀ।

ਰਤਨ ਭੁੱਲਰ ਪਹਿਲਾਂ ਪਹਿਲ ਤਾਂ ਦੁੱਖ ਦਰਦ ਸੁਣ ਪ੍ਰੇਸ਼ਾਨ ਜਿਹਾ ਹੋ ਗਿਆ ਸੀ। ਉਸਨੂੰ ਅਜੀਬ ਕਿਸਮ ਦੀਆਂ ਘੁੰਮਣ ਘੇਰੀਆਂ ਨੇ ਆ ਘੇਰਿਆ। ਬੇਚੈਨੀ ਨੇ ਕਈ ਦਿਨ ਸਿਰਹਾਣਾ ਮੱਲੀ ਰੱਖਿਆ। ਉਹ ਉੱਠਦਾ ਤੇ ਬੈਠਦਾ ਤੇ ਸੋਚਦਾ ਉਮਰਾਂ ਨਾਲੋਂ ਵੱਧ ਬੰਦੇ ਕੋਲ ਦੁੱਖ ਨੇ।

ਉਦਾਸੀ ਵਾਲੀ ਰੀਲ ਨੂੰ ਰੋਕਣਾ ਬਣਦਾ ਸੀ। ਉਸਨੇ ਗਹਿਰਾਈ ਤੋਂ ਵਾਚਿਆ ਤੇ ਜਾਣਿਆ ਕਿ ਇਹ ਪਾਤਰ ਸਦੀਆਂ ਤੋਂ ਵਿਹੂਣੇ ਨੇ, ਤਰਸ ਦੇ ਪਾਤਰ ਬਣਦੇ ਹੀ ਰਹਿਣਗੇ। ਉਹਨਾਂ ਨੂੰ ਆਪਣੀ ਸਵੈ—ਸ਼ਕਤੀ ਦਾ ਅਹਿਸਾਨ ਜਿਸ ਦਿਨ ਹੋਵੇਗਾ, ਉਸ ਦਿਨ ਇਹ ਨਿਰਾਸ਼ਾ ਵਿੱਚੋਂ ਆਸ ਦੀਆਂ ਕਿਰਨਾਂ ਵੇਖਣਗੇ। ਰਤਨ ਭੁੱਲਰ ਨੇ ਸਮਝ ਲਿਆ, ਇਹ ਦੁਨੀਆ ਦਾਰੀ। ਉਤਰਾਅ—ਚੜ੍ਹਾਅ ਜ਼ਿੰਦਗੀ ਦਾ ਅਟੁੱਟ ਅੰਗ ਰਹਿਣਗੇ। ਵਕਤ ਸਮੇਂ ਦੇ ਜ਼ਖ਼ਮਾਂ ਨੂੰ ਭਰ ਦੇਵੇਗਾ।

ਰਤਨ ਭੁੱਲਰ ਨੂੰ ਕਈ ਮਹੀਨਿਆਂ ਬਾਅਦ ਆਪਣਾ ਮੋਇਆ ਪਰਿਵਾਰ ਯਾਦ ਆਇਆ। ਉਸਦੀ ਰਾਤ ਨੂੰ ਅੱਖ ਖੁੱਲੀ ਜਦ ਰਾਤ ਦਾ ਅੰਤਿਮ ਪਹਿਰ ਬਾਕੀ ਸੀ। ਉਸਨੇ ਸਮਝਿਆ ਮਨੁੱਖੀ ਜੀਵਨ ਤਾਂ ਸਰਘੀ ਦੇ ਤਾਰੇ ਵਾਂਗ ਕਿਸੇ ਵੇਲੇ ਵੀ ਬੁੱਝ ਸਕਦਾ ਹੈ, ਸਵੇਰ—ਨਿਸ਼ਚੇ ਹੀ ਇੱਕ ਉਦਾਸੀ ਲੈ ਕੇ ਆਉਂਦੀ ਹੈ ਪਰ ਮੁਕਤੀ ਦਾ, ਆਜ਼ਾਦੀ ਦਾ ਤੇ ਨਵੀਂ ਮੰਜ਼ਿਲ ਦਾ ਰਾਹ ਵੀ ਸਵੇਰਾ ਹੈ। ਜਿਹੜੀ ਮੌਤ ਆਜਾਦੀ ਦਾ ਸੁਨੇਹਾ ਲੈ ਕੇ ਆਉਂਦੀ ਹੈ ਉਸ ਤੇ ਰੋਣਾ ਅਣਉਚਿਤ ਹੈ।

ਰਤਨ ਦਾ ਮਨ ਤ੍ਰਿਪਤ ਹੈ ਤੇ ਸ਼ਾਤ ਵੀ ਉਵੇਂ ਜਿਸ ਤਰ੍ਹਾਂ ਹਰਿਆ—ਭਰਿਆ ਰੁੱਖ ਆਰੇ ਦੀ ਤਾਬ ਝੱਲ ਕੇ, ਵੇਲਾ ਪਾ ਕੇ ਦਰਦ ਸ਼ਾਂਤ ਕਰ ਲੈਂਦਾ ਹੈ।

## ਕਹਾਣੀ: ਬੋਦੀ ਵਾਲਾ ਤਾਰਾ: ਵਿਚਾਰ-ਚਰਚਾ

**ਡਾ. ਹਰਭਜਨ ਢਿੱਲੋ:** ਸ਼ਾਇਤ ਤੁਸੀਂ ਫ਼ਖ਼ਰ ਜ਼ਮਾਨ ਦਾ ਨਾਵਲ 'ਸੱਤ ਗਵਾਚੇ ਲੋਕ' ਪੜ੍ਹਿਆ ਹੋਵੇ, ਉਸ ਵਿਚ ਵੀ ਸੱਤ ਲੋਕ ਆਪਣੇ-ਆਪਣੇ ਦੁੱਖਾਂ ਦੀ ਕਹਾਣੀ ਸੁਣਾਉਂਦੇ ਹਨ। ਉਸ ਨਾਵਲ ਦੀ ਖੂਬਸੂਰਤੀ ਇਹ ਹੈ ਕਿ ਜਦੋਂ ਉਹ ਸੱਤ ਬੰਦੇ ਆਪਣੀ ਕਹਾਣੀ ਬਿਆਨ ਕਰਦੇ ਹਨ ਤਾਂ ਪਾਠਕ ਹਰ ਪਾਤਰ ਦੀ ਕਹਾਣੀ ਸੁਣਕੇ ਆਪਣੇ-ਆਪ ਨੂੰ ਉਨ੍ਹਾਂ ਨਾਲ ਜੋੜ ਕੇ ਵੇਖਦਾ ਹੈ। ਲੇਖਕ ਨੇ ਦੁੱਖ ਦੀ ਸਰਬ-ਵਿਆਪਕਤਾ ਨੂੰ ਚਿਤਰਿਆ ਹੈ। ਤੁਸੀਂ ਆਪਣੀ ਕਹਾਣੀ ਵਿਚ ਜੋ ਜੁਗਤ ਵਰਤੀ ਹੈ ਕਿ ਇਹ ਕਹਾਣੀ ਨਹੀਂ, ਅਸਲ ਵਿਚ ਕਿਸੇ ਖੋਜ-ਪ੍ਰਾਜੈਕਟ ਲਈ ਇਕੱਤਰ ਕੀਤਾ ਗਿਆ ਡੇਟਾ ਹੈ, ਕਿਉਂਕਿ ਇਹ ਅੰਕੜੇ ਹਨ, ਇਸ ਕਰਕੇ ਇਹ ਬਿਲਕੁਲ ਸੱਚ ਹੈ, ਇਸ ਵਿਚ ਕਿਸੇ ਰਲੇ ਜਾਂ ਝੂਠ ਦੀ ਕੋਈ ਗੁੰਜਾਇਸ਼ ਨਹੀਂ। ਸੱਚ ਦੱਸਣ ਵਾਲੀ ਇਸ ਜੁਗਤ ਦੀ ਵਰਤੋਂ ਸਭ ਤੋਂ ਪਹਿਲਾ ਦਮੋਦਰ ਨੇ 'ਆਖ ਦਮੋਦਰ ਅੱਖੀਂ ਡਿੱਠਾ' ਰਹਿ ਕੇ ਕੀਤੀ ਸੀ। ਨਾਨਕ ਸਿੰਘ ਨੇ ਆਪਣੇ ਬਹੁਤ ਸਾਰੇ ਨਾਵਲਾਂ ਵਿਚ ਇਸ ਵਿਧੀ ਦੀ ਵਰਤੋਂ ਕਈ ਤਰ੍ਹਾਂ ਨਾਲ ਕਰਕੇ ਸੱਚ ਦਾ ਭੁਲੇਖਾ ਸਿਰਜਣ ਦਾ ਯਤਨ ਕੀਤਾ ਹੈ ਇਹ ਸਭ ਗੱਲਾਂ ਆਪਣੀ ਥਾਂ ਠੀਕ ਹੋ ਸਕਦੀਆਂ ਨੇ। ਯਥਾਰਥ ਹੈ ਜਾਂ ਨਹੀਂ, ਇਹ ਰਚਨਾ ਵਿਚ ਉਸਦੀ ਪੇਸ਼ਕਾਰੀ ਵਿਚੋਂ ਜ਼ਾਹਰ ਹੋਣਾ ਹੈ। ਤੁਹਾਡੀ ਇਹ ਜੁਗਤ ਕਹਾਣੀ ਨੂੰ ਯਥਾਰਥਕ ਬਣਾਉਂਦੀ ਹੈ ਜਾਂ ਨਹੀਂ, ਇਹ ਬਾਅਦ ਦਾ ਮਸਲਾ ਹੈ। ਇਸ ਕਹਾਣੀ ਵਿਚ ਤੁਸੀਂ ਜਿੰਨੇ ਵੀ ਵੱਖ-ਵੱਖ ਵੇਰਵੇ ਦਰਜ ਕੀਤੇ ਹਨ, ਜਦੋਂ ਬਾਬਾ ਫ਼ਰੀਦ ਕਹਿੰਦਾ ਹੈ ਕਿ 'ਮੈਂ ਜਾਣਿਆ ਦੁਖ ਮੁਝ ਕਉ' ਇਹ ਉਥੋਂ ਤੱਕ ਤਾਂ ਠੀਕ ਹੈ ਕਿ ਦੁੱਖ ਸਰਬ-ਵਿਆਪਕ ਹੈ, ਜਿਹੜੀ ਗੱਲ ਠੀਕ ਹੈ ਕਿ ਦੁਨੀਆਂ ਦੇ ਦੁੱਖ ਨੂੰ ਸਮਝਣ ਜਾਂ ਮਹਿਸੂਸ ਕਰਨ ਲਈ ਬੰਦੇ ਦਾ

ਸਾਧਾਰਨ ਮਾਨਸਿਕਤਾ ਤੋਂ ਉੱਪਰ ਉੱਠ ਕੇ ਸੰਵੇਦਨਸ਼ੀਲ ਹੋਣਾ ਜ਼ਰੂਰੀ ਹੈ। ਉਸ ਤੋਂ ਬਿਨਾਂ ਤੁਸੀਂ ਜਾਣ/ਸਮਝ ਨਹੀਂ ਸਕਦੇ। ਜਦੋਂ ਦੁੱਖ ਜਾਣਨਾ ਹੈ ਤੇ ਫਿਰ ਉਸ ਨੂੰ ਕਿਸੇ ਵਿਧਾ ਵਿਚ ਢਾਲਣਾ ਹੈ, ਉਦੋਂ ਫਿਰ ਉਨ੍ਹਾਂ ਵਿਚ ਇਕ ਸਾਂਝ ਜ਼ਰੂਰੀ ਹੈ। ਇਸ ਵਿਚ ਦੁੱਖਾਂ ਦੀ ਸਾਂਝ ਤਾਂ ਹੈ, ਪਰ ਜਦੋਂ ਤੁਸੀਂ ਇਸ ਨੂੰ ਇਕ ਰਚਨਾ ਦੇ ਤੌਰ 'ਤੇ ਪੂਰੇ ਚਿਤਰਪਦ 'ਤੇ ਵੇਖਦੇ ਹੋ ਤਾਂ ਇਹ ਵੱਖਰੇ-ਵੱਖਰੇ ਹਾਲਾਤ ਬਣ ਜਾਂਦੇ, ਕਹਾਣੀ ਨਹੀਂ ਬਣਦੀ, ਕਿਉਂਕਿ ਇਹਨਾਂ ਨੂੰ ਜੋੜ ਸਕਣ ਵਾਲਾ ਸਾਂਝਾ ਸੂਤਰ ਗਾਇਬ ਹੈ। ਜਿਹੜੀ ਅਖ਼ੀਰ ਤੇ ਗੱਲ ਕੀਤੀ ਹੈ ਕਿ ਵਕਫ਼ਾ ਸਾਨੂੰ ਦੱਸੇਗਾ ਕਿ ਉਹਦਾ ਪੁੱਤਰ ਆ ਗਿਆ ਹੈ ਤੇ ਅਗਵਾਈ ਕਰ ਰਿਹਾ ਹੈ ਕਿ ਇਹ ਵਕਫ਼ ਦੱਸੇਗਾ ਜਾਂ ਜਦੋਂ ਅਸੀਂ ਉਨ੍ਹਾਂ ਪਾਤਰਾ ਨੂੰ ਸਾਹਿਤਕ ਪਾਠ ਵਿਚ ਰੂਪਾਂਤਰਿਤ ਕਰ ਦਿਆਂਗੇ, ਉਹ ਦੱਸਣਗੇ। ਸਾਹਿਤ ਦੀ ਇਹ ਖ਼ੂਬਸੂਰਤੀ ਹੈ ਕਿ ਉਹ ਲੋਕਾਂ ਦਾ ਜ਼ਿੰਦਗੀ 'ਚ ਵਿਸ਼ਵਾਸ ਬਣਾਈ ਰੱਖੇ ਤਾਂ ਸਾਹਿਤਕਾਰ ਉਸ ਵਿਸ਼ਵਾਸ ਨੂੰ ਬਣਾਈ ਰੱਖਣ ਲਈ ਅੰਕੜਿਆਂ ਦੇ ਨਾਲ-ਨਾਲ ਇਹੋ-ਜਿਹਾ ਉਸਾਰੂ ਜੋੜ-ਤੋੜ ਕਰਦਾ ਹੈ, ਉਥੋਂ ਤਕ ਤਾਂ ਠੀਕ ਹੈ, ਬਾਕੀ ਇਸ ਕਹਾਣੀ 'ਚ ਮਨੁੱਖ ਦੀ ਗੱਲ ਹੋਈ ਹੈ, ਇਸ ਸੰਸਾਰ 'ਚ ਹਰ ਕਿਸੇ ਕੋਲ ਆਪਣਾ ਦੁੱਖ ਹੈ, ਦੁੱਖ ਵੱਖਰੇ-ਵੱਖਰੇ, ਵੱਡੇ-ਛੋਟੇ ਹੋ ਸਕਦੇ ਹਨ, ਲੇਕਿਨ ਹਨ। ਮਹੱਤਵਪੂਰਨ ਇਹ ਹੈ ਉਸ ਦੁੱਖ ਨੂੰ ਫੜਿਆ ਤੇ ਸਾਹਿਤਕ ਵਿਧਾ ਵਿਚ ਢਾਲਿਆ ਕਿਵੇਂ ਜਾਂਦਾ ਹੈ, ਉਸਦਾ ਮਰ੍ਮ ਕੀ ਹੈ।

**ਸੁਕੀਰਤ**: ਆ.ਗਾਜ਼ਬੀਰ ਦੀਆਂ ਹੁਣ ਤਕ ਮੈਂ ਜਿੰਨੀਆਂ ਵੀ ਕਹਾਣੀਆਂ ਪੜ੍ਹੀਆਂ ਨੇ ਉਸ ਤੋਂ ਲੱਗਦਾ ਹੈ ਕਿ ਬਹੁਤ ਸੰਭਾਵਨਾਵਾਂ ਵਾਲਾ ਕਹਾਣੀਕਾਰ ਹੈ, ਪਰ ਇਹ ਕਹਾਣੀ ਪੜ੍ਹ/ਸੁਣ ਕੇ ਲੱਗਦਾ ਹੈ ਕਿ ਲੇਖਕ ਨੇ ਆਪਣੀ ਸਕਰੈਪ ਬੁੱਕ 'ਚ ਕਈ ਪਲਾਟ ਰੱਖੇ ਹੋਏ ਹਨ, ਜਾਂ ਜਿਸ ਤਰ੍ਹਾਂ ਕੋਈ ਪੇਂਟਰ ਕਈ ਸਕੈੱਚ ਬਣਾਉਂਦਾ ਹੈ, ਬਾਅਦ ਵਿਚ ਉਸ ਨੇ ਇਕ ਮੁਕੰਮਲ ਪੇਂਟਿੰਗ ਤਿਆਰ ਕਰਨੀ ਹੁੰਦੀ ਹੈ, ਲੇਖਕ ਵੀ ਇਸੇ ਤਰ੍ਹਾਂ ਕਰਦਾ ਹੈ। ਮੈਨੂੰ ਆ.ਗਾਜ਼ਬੀਰ ਦੀ ਆਪਣੇ-ਆਪ ਨਾਲ ਜ਼ਿਆਦਤੀ ਇਸ ਕਰਕੇ ਲੱਗਦੀ ਕਿ ਇਸ ਨੇ ਆਪਣੇ ਪੰਜ-ਛੇ ਪਲਾਟ, ਜਿਨ੍ਹਾਂ ਨੂੰ ਵੱਖ-ਵੱਖ ਕਹਾਣੀਆਂ ਵਿਚ ਢਾਲਿਆ ਜਾ ਸਕਦਾ ਸੀ, ਅਜੇਹਾ ਨਾ ਕਰਕੇ ਇਸ ਨੇ ਆਪਣੇ ਇਹ ਪਲਾਟ ਜ਼ਾਇਆ ਕਰ ਲਏ ਹਨ। ਮੈਂ ਗ਼ਲਤ ਵੀ ਹੋ ਸਕਦਾ ਜਿਹੜੇ ਸਾਡੇ OTT ਰਾਹੀਂ ਆ ਗਿਆ ਕਿ ਛੋਟੀਆਂ ਛੋਟੀਆਂ ਕਹਾਣੀਆਂ ਤੇ ਕਈ ਡਾਇਰੈਕਟਰ ਫ਼ਿਲਮਾਂ ਬਣਾਉਂਦੇ ਨੇ। ਇਸ ਨੂੰ ਵੈੱਬ-ਸੀਰੀਜ਼ ਵੀ ਨਹੀਂ ਕਹਿ ਸਕਦੇ, ਕਿਉਂਕਿ ਉਸ ਵਿਚ ਇਕ ਸਾਂਝੀ ਤੰਦ ਵੀ ਹੁੰਦੀ ਹੈ, ਜੋ ਇਸ ਵਿਚ ਮਿਸਿੰਗ ਹੈ। ਬਾਕੀ ਪਾਤਰ ਦਾ ਨਾਂ ਦੇਵਗੋੜਾ ਵੀ ਬਹੁਤ ਅਜੀਬ ਜਿਹਾ ਨਾਂ ਹੈ, ਕਿਉਂਕਿ ਇਹ ਸਾਡੇ ਵਾਲੇ ਪਾਸੇ ਦਾ ਨਹੀਂ। ਇਸ ਵਿਚ ਸਿਵਾਇ ਇਸ ਤੰਦ ਦੇ ਕੇ ਰਤਨ ਦੇਵਗੋੜਾ ਦਾ ਆਪਣਾ ਦੁੱਖ ਹੈ ਕਿ ਇਕ ਘਟਨਾ ਵਿਚ ਉਸਦੇ ਸਾਰੇ ਘਰ ਦੇ ਮਾਰੇ ਗਏ ਸਨ, ਉਹ ਆਪਣੇ ਦੁੱਖ ਕਰਕੇ ਲੋਕਾਂ ਦੇ ਦੁੱਖ ਫਰੋਲਣ ਲੱਗਦਾ ਹੈ; ਇਹ ਤੰਦ ਤੁਸੀਂ ਬਣਾਈ ਹੈ। ਮੈਂ ਅਸਲ ਵਿਚ ਗੱਲ ਇਹ ਕਰ ਰਿਹਾ ਹਾਂ ਕਿ ਤੁਹਾਡੇ ਕੋਲ ਪੰਜ ਪਲਾਟ ਸੀ ਜਿਨ੍ਹਾਂ ਉਤੇ ਤੁਸੀਂ ਪੰਜ ਬਹੁਤ ਵਧੀਆ ਕਹਾਣੀਆਂ ਲਿਖ ਸਕਦੇ ਸੀ, ਤੁਹਾਡੇ ਵਿਚ ਸੰਭਾਵਨਾ ਵੀ ਹੈ, ਤੁਸੀਂ ਉਹ ਪੰਜ ਕਹਾਣੀਆਂ ਜ਼ਾਇਆ ਕਰ ਲਈਆਂ।

**ਡਾ. ਹੀਰਾ ਸਿੰਘ**: ਮੇਰੀ ਗੱਲ ਪਹਿਲੇ ਦੋਹਾਂ ਵਿਦਵਾਨਾਂ ਨਾਲ ਰਲਦੀ-ਮਿਲਦੀ ਹੈ ਕਿ ਕਹਾਣੀ ਵਿਚਲੀਆਂ ਚਾਰ-ਪੰਜ ਗੱਲਾਂ ਸਮਾਜ ਨਾਲ ਸੰਬੰਧਿਤ ਤੇ ਸਮਾਜ ਦਾ ਯਥਾਰਥ ਪੇਸ਼

ਕਰਦੀਆਂ ਹਨ, ਪਰ ਇਹ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਭਰੂਣ ਹੁੰਦਾ, ਛੋਟਾ ਬੱਚਾ ਜੋ ਵੱਡਾ ਬਣ ਨਹੀਂ ਸਕਿਆ। ਜਿਹੜਾ ਬੰਦਾ ਦੁਖੀ ਹੈ। ਗੁਰਬਾਣੀ ਵੀ ਕਹਿੰਦੀ ਹੈ 'ਦੁਖ ਦਾਰੂ ਸੁਖ ਰੋਗ ਭਇਆ' ਜਦੋਂ ਤੁਸੀਂ ਦੁਨੀਆ ਦੇ ਦੁੱਖ ਵੇਖਦੇ ਹੋ ਤਾਂ ਆਪਣਾ ਦੁੱਖ ਛੋਟਾ ਲੱਗਣ ਲੱਗ ਜਾਂਦਾ ਹੈ। ਇਹ ਤਾਂ ਆਦਿ ਕਾਲ ਤੋਂ ਤੁਰੀ ਆ ਰਹੀ ਹੈ, ਇਹ ਗੱਲ ਤਾਂ ਆ ਗਈ, ਪਰ ਜਿਹੜਾ ਮਕਸਦ ਹੁੰਦਾ ਹੈ ਕਹਾਣੀ ਉਥੋਂ ਤੱਕ ਨਹੀਂ ਪਹੁੰਚ ਸਕੀ।

**ਅਮਰਜੀਤ ਸਿੰਘ ਮਾਨ**: ਇਹ ਕਹਾਣੀ ਪੜ੍ਹ ਕੇ ਆਗ਼ਾਜ਼ਬੀਰ ਨਾਲ ਗੱਲ ਹੋਈ। ਮੇਰੇ ਹਿਸਾਬ ਨਾਲ ਇਹ ਨਵਾਂ ਤਜਰਬਾ ਹੈ। ਇਸ ਤਜਰਬੇ ਨੂੰ ਕਹਾਣੀ ਦੇ ਤੌਰ 'ਤੇ ਮਾਨਤਾ ਮਿਲ ਵੀ ਸਕਦੀ ਹੈ ਤੇ ਵਿਦਵਾਨ ਇਸ ਨਵੇਂ ਤਜਰਬੇ ਨੂੰ ਰੱਦ ਵੀ ਕਰ ਸਕਦੇ ਤੇ ਮੈਨੂੰ ਲਗਦਾ ਹੈ ਦੂਸਰੀ ਗੱਲ ਵਾਪਰ ਗਈ ਹੈ।

**ਬਲਬੀਰ ਪਰਵਾਨਾ**: ਮੈਨੂੰ ਲਗਦਾ ਹੈ ਹਰ ਲੇਖਕ ਕੁਝ ਵੀ ਲਿਖਣ ਤੋਂ ਪਹਿਲਾ ਕੁਝ ਮਸਾਲਾ ਇਕੱਠਾ ਕਰਦਾ ਹੈ। ਆਗ਼ਾਜ਼ਬੀਰ ਨੇ ਵੀ ਇਹ ਕੱਚਾ ਮਸਾਲਾ ਇਕੱਠਾ ਤਾਂ ਕਰ ਲਿਆ ਹੈ, ਕਹਾਣੀ ਇਸ ਤੋਂ ਬਾਅਦ ਬਣਨੀ ਸੀ, ਪਰ ਬਣ ਨਹੀਂ ਸਕੀ।

**ਵਿਪਨ ਗਿੱਲ**: ਆਗ਼ਾਜ਼ਬੀਰ ਨੇ ਇਹ ਨਵਾਂ ਤਜਰਬਾ ਕੀਤਾ ਹੈ। ਮੇਰੇ ਹਿਸਾਬ ਨਾਲ ਇਹ ਕਹਾਣੀ ਦੇ ਤੌਰ 'ਤੇ ਮੈਨੂੰ ਠੀਕ ਲੱਗਿਆ। ਇਸ ਨਵੇਂ ਤਜਰਬੇ ਨੂੰ ਨਵੇਂ ਤਰੀਕੇ ਨਾਲ ਸਮਝਣ ਦੀ ਜ਼ਰੂਰਤ ਹੈ, ਅਸੀਂ ਪੁਰਾਣੇ ਮਾਪ-ਦੰਡਾਂ ਅਨੁਸਾਰ ਹੀ ਇਸ ਨੂੰ ਵੇਖਣ ਦਾ ਯਤਨ ਕਰ ਰਹੇ ਹੈ।

**ਡਾ. ਬਲਜੀਤ ਰਿਆੜ**: ਆਗ਼ਾਜ਼ਬੀਰ ਨੇ ਇਹ ਨਵਾਂ ਤਜਰਬਾ ਕੀਤਾ ਹੈ, ਪਰ ਅਜੇਹਾ ਕਰਦੇ ਸਮੇਂ ਕਹਾਣੀ ਪਰੰਪਰਾ ਤੇ ਵਿਧਾ ਨੂੰ ਵੀ ਸਾਹਮਣੇ ਰੱਖਣਾ ਜ਼ਰੂਰੀ ਹੈ। ਦੂਸਰੀ ਗੱਲ ਜਿਵੇਂ ਡਾ. ਹਰਭਜਨ ਹੋਰਾਂ ਨੇ 'ਸੱਤ ਗਵਾਚੇ ਲੋਕ' ਦਾ ਜ਼ਿਕਰ ਕੀਤਾ ਹੈ। ਮੈਨੂੰ ਵੀ ਜਸਵੰਤ ਸਿੰਘ ਕੰਵਲ ਦਾ ਨਾਵਲ 'ਲਹੂ ਦੀ ਲੋਅ' ਯਾਦ ਆ ਰਿਹਾ। ਜਦੋਂ ਅਸੀਂ ਇਸ ਨਾਵਲ ਨੂੰ ਪੜ੍ਹਨਾ ਸ਼ੁਰੂ ਕਰਦੇ ਹਾਂ ਤਾਂ ਕੁਝ ਕਾਂਡ ਪੜ੍ਹ ਕੇ ਇਹ ਵੱਖ-ਵੱਖ ਕਹਾਣੀਆਂ ਪ੍ਰਤੀਤ ਹੁੰਦੀਆਂ ਹਨ, ਪਰ ਕੁਝ ਕਾਂਡਾਂ ਤੋਂ ਬਾਅਦ ਕੜੀਆਂ ਆਪਸ ਵਿਚ ਜੁੜਨੀਆ ਸ਼ੁਰੂ ਹੋ ਜਾਂਦੀਆਂ ਤੇ ਫਿਰ ਇਹ ਇਕ ਮੁਕੰਮਲ ਨਾਵਲ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ। ਇਸ ਲਈ ਜਦੋਂ ਵੀ ਕਹਾਣੀ ਜਾਂ ਨਾਵਲ ਲਿਖਣਾ ਹੈ ਉਸ ਵਿਚ ਕੜੀਆਂ ਦਾ ਆਪਸ 'ਚ ਜੁੜਨਾ ਜ਼ਰੂਰੀ ਹੈ। ਇਸ ਵਿਚ ਮੈਨੂੰ ਜਾਣਕਾਰੀ ਨਾਲ ਸੰਬੰਧਿਤ ਗੱਲਾਂ ਵਧੇਰੇ ਲੱਗੀਆਂ। ਅਸਲ ਵਿਚ ਜਿਹੜਾ ਸਾਹਿਤ ਹੁੰਦਾ ਹੈ ਉਸ ਵਿਚ ਨਾਂ ਤੇ ਥਾਂ ਕਲਪਤਿ ਹੁੰਦੇ ਹਨ ਤੇ ਘਟਨਾਵਾਂ ਲਗਭਗ ਸੱਚੀਆਂ। ਦੂਸਰੇ-ਤੁਸੀਂ ਕਹਾਣੀ ਵਿਚ ਬਹੁਤ ਸਾਰੇ ਪਿੰਡਾਂ ਦੇ ਸਿੱਧੇ-ਸਿੱਧੇ ਵੇਰਵੇ ਦੇ ਰਹੇ ਹੋ, ਸਾਹਿਤ ਵਿਚ ਇਹ ਕਿਥੋਂ ਤੱਕ ਜਾਇਜ਼ ਹੈ। ਸਾਹਿਤ ਸਿਰਜਣਾ ਸਮੇਂ ਓਹਲਾ ਜ਼ਰੂਰੀ ਹੈ। ਜਿਹੜੀ ਗੱਲ ਦੀ ਸਿਫਤ ਕਰਨੀ ਬਣਦੀ ਹੈ; ਤੁਹਾਡੇ ਕੋਲ ਕਲਾਤਮਿਕ ਸਮਰੱਥਾ ਹੈ, ਬੋਲੀ ਹੈ, ਕਥਾ ਉਸਾਰਣ ਦੀ ਜੁਗਤ ਤੁਹਾਡੇ ਕੋਲ ਹੈ। ਇਹ ਇਕ ਨਾਵਲ ਵੀ ਬਣ ਸਕਦਾ ਹੈ ਜੇ ਕਰ ਇਨ੍ਹਾਂ ਕੜੀਆਂ ਨੂੰ ਇਕ ਪ੍ਰਸੰਗ ਵਿਚ ਜੋੜ ਦੇਈਏ, ਜੇ ਕਹਾਣੀ ਵੀ ਬਣਾਉਣੀ ਹੈ ਤਾਂ ਇਸ ਵਿਚ ਇਕਸੁਰਤਾ ਜ਼ਰੂਰੀ ਹੈ।

**ਡਾ. ਰਮਿੰਦਰ ਕੌਰ**: ਕਹਾਣੀ ਬਾਰੇ ਬਹੁਤ ਸਾਰੀਆਂ ਗੱਲਾਂ ਹੋ ਚੁਕੀਆਂ ਹਨ। ਮੈਨੂੰ ਤੁਹਾਡੀ ਕਹਾਣੀ ਵਿਚ ਇਕ ਬਹੁਤ ਵੱਡੀ ਤਕਨੀਕੀ ਗਲਤੀ ਨਜ਼ਰ ਆਉਂਦੀ ਹੈ, ਕਹਾਣੀ ਵਿਚ ਜੋ ਦੋ

ਪਾਤਰ ਬਲਕਾਰ ਤੇ ਅਵਤਾਰ ਸਿਰਜੇ ਹਨ, ਤੁਸੀਂ ਕਹਾਣੀ ਵਿਚ ਉਨ੍ਹਾਂ ਨੂੰ ਮਿਕਸ ਕਰ ਦਿੱਤਾ ਹੈ। ਕਹਾਣੀ ਵਿਚ ਜਿਹੜਾ ਪਾਤਰ ਮਰ ਗਿਆ ਹੈ, ਤੁਸੀਂ ਉਸਨੂੰ ਅੰਤਿਮ ਅਰਦਾਸ ਵਿਚ ਆਉਣ ਲਈ ਕਿਹਾ ਹੈ ਤੇ ਜਿਹੜਾ ਪਾਤਰ ਜਿਉਂਦਾ ਹੈ ਉਸਦੀ ਆਤਮਾਂ ਦੀ ਸ਼ਾਂਤੀ ਦੀ ਗੱਲ ਕੀਤੀ ਹੈ। ਇਹ ਸਿਰਫ਼ ਨਾਵਾਂ ਜਾਂ ਵਿਅਕਤੀਆਂ ਦੇ ਮਿਕਸ ਹੋ ਜਾਣ ਦੀ ਗ਼ਲਤੀ ਨਹੀਂ, ਸਗੋਂ ਹੋਰ ਵੀ ਬਹੁਤ ਕੁਝ ਗ਼ਲਤ-ਮਲਤ ਹੋ ਗਿਆ ਹੈ। ਇਸ ਤੋਂ ਇਲਾਵਾ ਬਹੁਤ ਥਾਵਾਂ 'ਤੇ ਸ਼ਬਦ-ਜੋੜਾਂ ਦੀਆਂ ਵੀ ਗ਼ਲਤੀਆਂ ਹਨ। ਇਸ ਕਹਾਣੀ ਵਿਚ ਇਕ ਗੱਲ ਚੰਗੀ ਵੀ ਹੈ ਕਿ ਇਸ ਵਿਚ ਦੁੱਖ ਦਾ ਜ਼ਿਕਰ ਬਹੁਤ ਹੀ ਕਲਾਤਮਿਕ ਢੰਗ ਨਾਲ ਕੀਤਾ ਗਿਆ ਹੈ ਦੁੱਖ ਸਰਬ-ਵਿਆਪਕ ਹੈ। ਬੇਸ਼ੱਕ ਆਪਣਾ ਛੋਟਾ ਦੁੱਖ ਵੀ ਵੱਡਾ ਪ੍ਰਤੀਤ ਹੁੰਦਾ ਹੈ ਪਰ ਦੂਸਰਿਆਂ ਦੇ ਦੁੱਖ ਵੇਖ ਕੇ ਆਪਣੇ ਵਿਚ ਹੀ ਦੁੱਖ ਨੂੰ ਸਹਿਣ ਦੀ ਸਮਰਥਾ ਵਧ ਜਾਂਦੀ ਹੈ, ਪਰ ਵਿਸ਼ੇ ਦੀ ਸਰਬ-ਵਿਆਪਕਤਾ ਦੇ ਬਾਵਜੂਦ ਇਸ ਦਾ ਨਿਭਾਅ ਠੀਕ ਢੰਗ ਨਾਲ ਨਹੀਂ ਹੋ ਸਕਿਆ। ਕਿਉਂਕਿ ਇਹਨਾਂ ਨੂੰ ਜੋੜਨ ਤੇ ਪ੍ਰੋਣ ਵਾਲੀ ਸਾਂਝੀ ਤੰਦ ਗਾਇਬ ਹੈ। ਦੂਸਰੇ, ਕਹਾਣੀ ਵਿਚ ਵੱਖ-ਵੱਖ ਵਿਅਕਤੀ ਆਪਣੇ ਦੁੱਖਾਂ ਨੂੰ ਬਿਆਨ ਕਰਦੇ ਹਨ। ਇਹ ਸਾਰੇ ਪਾਤਰ ਵੱਖ ਵੱਖ ਸਮਾਜਕ ਪਰਿਵੇਸ਼ 'ਚੋਂ ਆਏ ਹਨ, ਪਰ ਉਨ੍ਹਾਂ ਵਿਚ ਭਾਸ਼ਾ ਦੀ ਕੋਈ ਵੱਖਰਤਾ ਨਹੀਂ, ਜਿਹੜੀ ਕਿ ਹੋਣੀ ਚਾਹੀਦੀ ਸੀ।

**ਕੁਲਵੰਤ ਸਿੰਘ**: ਇਸ ਕਹਾਣੀ ਬਾਰੇ ਤਕਰੀਬਨ ਸਾਰੀਆਂ ਗੱਲਾਂ ਹੋ ਚੁੱਕੀਆਂ ਹਨ। ਕਹਾਣੀ ਪੜ੍ਹ/ਸੁਣ ਕੇ ਮੇਰੇ ਜ਼ਿਹਨ ਵਿਚ ਵੀ ਜਿਹੜੀ ਗੱਲ ਆਈ ਸੀ, ਉਹ ਸੁਕੀਰਤ ਨੇ ਕਰ ਦਿੱਤੀ ਹੈ। ਕਹਾਣੀ ਦਾ ਵਿਸ਼ਾ ਜ਼ਰੂਰ ਧਿਆਨ ਮੰਗਦਾ ਹੈ। ਆਮ ਤੌਰ 'ਤੇ ਕਿਹਾ ਜਾਂਦਾ ਹੈ ਦੁੱਖ ਦੀ ਸਾਂਝ ਸਭ ਤੋਂ ਵੱਡੀ ਸਾਂਝ ਹੁੰਦੀ ਹੈ, ਜੋ ਵਿਅਕਤੀਆਂ ਨੂੰ ਜੋੜਦੀ ਹੈ, ਨੇੜੇ ਲਿਆਉਂਦੀ ਹੈ। ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਸਾਂਝ' ਇਸ ਮਾਨਵੀ ਸਾਂਝ ਨੂੰ ਬਹੁਤ ਹੀ ਕਲਾਤਮਿਕ ਢੰਗ ਨਾਲ ਪੇਸ਼ ਕਰਦੀ ਹੈ। ਇਕ ਹੋਰ ਕਹਾਣੀ ਵੀ ਪ੍ਰਚਲਿਤ ਹੈ ਕਿ ਇਕ ਵਾਰ ਕੁਝ ਇਕੱਠੇ ਹੋਏ ਵਿਅਕਤੀ ਆਪਣੇ-ਆਪਣੇ ਦੁੱਖਾਂ ਬਾਰੇ ਚਰਚਾ ਕਰ ਰਹੇ ਸਨ ਤਾਂ ਹਰ ਇਕ ਆਪਣੇ ਦੁੱਖ ਨੂੰ ਇਸ ਤਰ੍ਹਾਂ ਪੇਸ਼ ਕਰ ਰਿਹਾ ਸੀ। ਜਿਵੇਂ ਉਸ ਦਾ ਦੁੱਖ ਹੀ ਸਭ ਤੋਂ ਵੱਡਾ ਹੋਏ ਤਾਂ ਬਾਕੀਆਂ ਦੇ ਦੁੱਖ ਉਸ ਨੂੰ ਆਪਣੇ ਦੁੱਖ ਦੇ ਮੁਕਾਬਲੇ ਨਿਗੁਣੇ ਪ੍ਰਤੀਤ ਹੁੰਦੇ ਸਨ। ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਸਾਰੇ ਆਪਣੇ-ਆਪਣੇ ਦੁੱਖ ਉਸ ਵਿਅਕਤੀ ਨਾਲ ਬਦਲ ਲੈਣ ਜਿਸ ਦਾ ਦੁੱਖ ਆਪਣੇ ਦੁੱਖ ਦੇ ਮੁਕਾਬਲੇ ਛੋਟਾ ਲਗਦਾ ਹੈ। ਅਜੇਹਾ ਕਰਨ ਤੋਂ ਕੁਝ ਦਿਨ ਬਾਅਦ ਹੀ ਉਹ ਫਿਰ ਆਪਣੇ ਪੁਰਾਣੇ ਦੁੱਖ ਲੈਣ ਲਈ ਇਕੱਠੇ ਹੋ ਗਏ। ਇਸ ਕਹਾਣੀ ਵਿਚ ਵੀ ਇਕ ਅਜੇਹੀ ਕਹਾਣੀ ਬਣਾਉਣ ਦੀ ਕੋਸ਼ਿਸ਼ ਕਰਦਿਆਂ ਨਵਾਂ ਤਜਰਬਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬੇਸ਼ੱਕ ਇਹ ਤਜਰਬਾ ਢੁੱਕਵੇਂ ਨਤੀਜੇ 'ਤੇ ਨਹੀਂ ਪਹੁੰਚ ਸਕਿਆ। ਪਰ ਇਹ ਵੀ ਸੱਚ ਹੈ ਕਿ ਨਵੇਂ ਤਜਰਬਿਆਂ ਦੀ ਜ਼ਰੂਰਤ ਹਮੇਸ਼ਾ ਹੀ ਹੁੰਦੀ ਹੈ ਇਸ ਲਿਹਾਜ ਨਾਲ ਇਸ ਨਵੇਂ ਤਜਰਬੇ ਦੀ ਆਪਣੀ ਸਾਰਥਿਕਤਾ ਤੇ ਪ੍ਰਾਪਤੀ ਹੈ।

ਇਹ ਇਸ ਗੋਸ਼ਟੀ ਵਿਚ ਪੜ੍ਹੀ ਤੇ ਵਿਚਾਰੀ ਜਾਣ ਵਾਲੀ ਆਖੀ ਕਹਾਣੀ ਹੈ। ਇਸ ਤੋਂ ਪਹਿਲਾ ਬਾਕੀ ਕਹਾਣੀਆਂ ਬਾਰੇ ਵਿਚਾਰ-ਚਰਚਾ ਹੋ ਚੁਕੀ ਹੈ। ਇਸ ਕਰਕੇ ਇਨ੍ਹਾਂ ਪੰਜਾਂ ਕਹਾਣੀਆਂ ਨੂੰ ਨਵੀਂ ਪੰਜਾਬੀ ਕਹਾਣੀ ਦੀਆਂ ਪ੍ਰਤੀਨਿਧ ਕਹਾਣੀਆਂ ਮੰਨ ਕੇ ਇਸ ਦੇ ਮੁਹਾਂਦਰੇ ਤੇ ਕਲਾਤਮਿਕਤਾ ਬਾਰੇ ਵੀ ਕੁਝ ਗੱਲਾਂ ਕੀਤੀਆਂ ਜਾ ਸਕਦੀਆਂ ਹਨ, ਜੋ ਇਨ੍ਹਾਂ ਪੰਜ ਕਹਾਣੀਆਂ

ਦੀ ਪੜ੍ਹਨ ਤੇ ਵਿਚਾਰ-ਚਰਚਾ ਵਿਚੋਂ ਉਭਰਦੀਆਂ ਹਨ। ਪਹਿਲੀ ਗੱਲ ਕਿ ਤਕਰੀਬਨ ਸਾਰੀਆਂ ਹੀ ਕਹਾਣੀਆਂ ਇਕ ਸਮੱਸਿਆ ਨੂੰ ਲੈ ਕੇ ਸ਼ੁਰੂ ਹੁੰਦੀਆਂ ਹਨ ਤੇ ਅੰਤ ਤੱਕ ਉਸ ਸਮੱਸਿਆ ਦਾ ਸਮਾਧਾਨ ਹੁੰਦਾ ਹੈ ਤੇ ਕਹਾਣੀਆਂ ਤਕਰੀਬਨ ਇਕ ਸੁਖਾਂਤਭਾਵੀ ਤੇ ਆਸ਼ਾ ਭਰੇ ਵਾਤਾਵਰਣ ਵਿਚ ਖ਼ਤਮ ਹੁੰਦੀਆਂ ਹਨ। ਇਸ ਤੋਂ ਪਹਿਲਾ ਪੰਜਾਬੀ ਕਹਾਣੀ ਦਾ ਕੇਂਦਰੀ ਸੁਰ ਟਕਰਾਅ ਵਾਲਾ ਰਿਹਾ। ਇਹ ਟਕਰਾਅ ਚਾਹੇ ਕਿਸੇ ਵੀ ਭਾਂਤ ਦਾ ਹੋਵੇ। ਟਕਰਾਅ ਤੇ ਹਾਲਾਤ ਦੀ ਰਗੜ ਵਿਚੋਂ ਹੀ ਮਾਨਵੀ ਸੁਭਾਅ ਤੇ ਯਥਾਰਥ ਦੇ ਅਨੇਕਾਂ ਪੱਖ ਉਜਾਗਰ ਹੁੰਦੇ ਰਹੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਇਹ ਕਹਾਣੀਕਾਰਾਂ ਦੀ ਰਚਨਾ ਦ੍ਰਿਸ਼ਟੀ ਵਿਚ ਆਏ ਇਕ ਨਵੇਂ ਪਰਿਵਰਤਨ ਨੂੰ ਪੇਸ਼ ਕਰਦੀਆਂ ਹਨ। ਇਸ ਬਾਰੇ ਕੋਈ ਰਾਏ ਬਣਾ ਸਕਣਾ ਸ਼ਾਇਦ ਅਜੇ ਅਗੇਤੀ ਗੱਲ ਹੋ ਸਕਦੀ ਹੈ, ਪਰ ਰਚਨਾ-ਦ੍ਰਿਸ਼ਟੀ ਵਿਚਲੀ ਇਹ ਤਬਦੀਲੀ ਨੋਟ ਕਰਨ ਵਾਲੀ ਜ਼ਰੂਰ ਹੈ।

**ਡਾ. ਕਸ਼ਮੀਰ ਸਿੰਘ ਮਾਸਕੋ**: ਮੈਂ ਪਹਿਲੀ ਵਾਰ ਗੋਸ਼ਟੀ 'ਚ ਸ਼ਾਮਲ ਹੋਇਆ ਹਾਂ। ਇਸ ਮੌਕੇ ਲਈ ਮੰਡ ਤੇ ਸੁਕੀਰਤ ਦਾ ਧੰਨਵਾਦ। ਮੈਂ ਕੋਈ ਲੇਖਕ ਨਹੀਂ, ਪਾਠਕ ਹਾਂ ਤੇ ਥੋੜ੍ਹਾ ਬਹੁਤ ਤਰਜਮੇ ਦਾ ਕੰਮ ਕਰਦਾ ਹਾਂ। ਮੈਂ ਨਾਵਲ 'ਵਾਈਟ ਗਾਰਡ' ਦਾ ਤਰਜਮਾ 'ਸਫ਼ੈਦ ਗਾਰਡ' ਪੰਜਾਬੀ ਵਿਚ ਕੀਤਾ ਹੈ। ਜਦੋਂ ਇਹ ਕਿਤਾਬ ਮੈਂ ਪੜ੍ਹੀ ਤਾਂ ਪਹਿਲੀ ਵਾਰ ਮੈਨੂੰ ਇਸ ਦੀ ਕੋਈ ਸਮਝ ਨਾ ਲੱਗੀ ਫਿਰ ਮੈਂ ਇਸ ਨੂੰ ਚਾਰ-ਪੰਜ ਵਾਰ ਪੜ੍ਹਿਆ, ਫਿਰ ਮੈਨੂੰ ਉਹ ਸਾਂਝੀ ਤੰਦ ਲੱਭ ਸਕੀ ਜਿਹੜੀ ਇਸ ਪੁਸਤਕ ਵਿਚਲੀਆਂ ਕਹਾਣੀਆਂ ਨੂੰ ਇਕ ਸੂਤਰ ਵਿੱਚ ਬੰਨ੍ਹਦੀ ਹੈ। ਇਸ ਕਰਕੇ ਕਿਸੇ ਵੀ ਰਚਨਾ ਵਿਚ ਇਕ ਸਾਂਝਾ ਤੰਦ ਜਾਂ ਸੂਤਰ ਹੋਣਾ ਜ਼ਰੂਰੀ ਹੁੰਦਾ ਹੈ, ਇਸ ਲਈ ਤੁਹਾਨੂੰ ਇਸ 'ਤੇ ਹੋਰ ਮਿਹਨਤ ਕਰਨੀ ਚਾਹੀਦੀ ਹੈ। ਸੁਧਾਰ ਦੀ ਗੁਜਾਇਸ਼ ਸਦਾ ਹੀ ਹੁੰਦੀ ਹੈ।

**ਜਸ ਮੰਡ**: ਮੈਂ ਜਦੋਂ ਇਹ ਕਹਾਣੀ ਪੜ੍ਹੀ ਤਾਂ ਮੈਨੂੰ ਵੀ ਲੱਗਾ ਕਿ ਇਹ ਵੱਖ-ਵੱਖ ਕਹਾਣੀਆਂ ਹਨ, ਜਿਨ੍ਹਾਂ ਨੂੰ ਤੁਸੀਂ ਜੋੜ ਨਹੀਂ ਸਕੇ, ਜੋੜਨ ਲਈ ਇਕ ਤੰਦ ਦੀ ਜ਼ਰੂਰਤ ਹੁੰਦੀ ਹੈ। ਮੈਂ ਅਕੀਰਾ ਕੁਰੋਸਾਵਾ ਦੀ ਫਿਲਮ ਰਾਸ਼ੋਮੋਨ ਵੇਖੀ ਸੀ, ਜਿਸ ਵਿਚ ਇਕ ਘਟਨਾ ਨੂੰ ਵੱਖ-ਵੱਖ ਬੰਦੇ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੇ ਹਨ, ਪਰ ਉਸ ਵਿਚ ਇਕ ਸਾਂਝੀ ਤੰਦ ਕਾਇਮ ਰਹਿੰਦੀ ਹੈ ਕਈ ਕਹਾਣੀਆਂ ਹੋ ਸਕਦੀਆਂ ਹਨ ਜੋ ਆਪਸ ਵਿਚ ਇਕ ਤੰਦ ਨਾਲ ਜੁੜੀਆਂ ਹੋਈਆਂ ਹੋਣ। ਇਨ੍ਹਾਂ ਕਹਾਣੀਆਂ ਵਿਚ ਵੀ ਇਕ ਸਾਂਝੀ ਤੰਦ 'ਨਾਨਕ ਦੁਖੀਆ ਸਭ ਸੰਸਾਰ' ਹੋ ਸਕਦਾ, ਪਰ ਇਹ ਪਾਠਕ ਤੱਕ ਨਹੀਂ ਪਹੁੰਚਦੀ, ਸੰਚਾਰ ਦੀ ਸਮੱਸਿਆ ਵੀ ਹੋ ਸਕਦੀ। ਜੇ ਕਹਾਣੀ ਇਸੇ ਤਰ੍ਹਾਂ ਵੀ ਰੱਖਣੀ ਤਾਂ ਵੀ ਇਸ ਵਿਚ ਕੁਝ ਗੱਲਾਂ ਠੀਕ ਕਰਨੀਆਂ ਪੈਣਗੀਆਂ। ਜਿਵੇਂ ਪਹਿਲਾ ਇਹ ਕਹਾਣੀ ਇਕ ਪਾਤਰ ਸੁਣਾਉਂਦਾ ਹੈ ਪਰ ਅੰਤ ਵਿਚ ਬਿਰਤਾਂਤਕਾਰ ਆ ਜਾਂਦਾ ਹੈ। ਤੁਸੀਂ ਜਿਹੜਾ ਕਹਾਣੀਆਂ ਵਿਚ ਵਕਫ਼ਾ ਸਿਰਜਿਆ ਉਸ ਬਾਰੇ ਵੀ ਸੋਚਣਾ ਪੈਣਾ ਹੈ, ਇਸੇ ਤਰ੍ਹਾਂ ਤੁਸੀਂ ਕਹਾਣੀ ਦੇ ਇਕ ਪਾਤਰ ਵੱਲੋਂ ਜੋ ਸ਼ਬਦ ਮੈਥਿਲੀ ਵਿਚ ਬੁਲਾਏ ਹਨ ਤੇ ਫਿਰ ਬਰੈਕਟਾਂ ਵਿਚ ਉਸਦੀ ਪੰਜਾਬੀ ਦਿੱਤੀ ਹੈ, ਮੈਨੂੰ ਲਗਦਾ ਹੈ ਕਿ ਬਰੈਕਟ ਦੀ ਲੋੜ ਨਹੀਂ। ਖ਼ਾਲਿਦ ਹੁਸੈਨੀ ਨੇ ਆਪਣੇ ਇਕ ਨਾਵਲ ਵਿਚ ਬੜੀ ਖ਼ੂਬਸੂਰਤੀ ਨਾਲ ਅਜੇਹਾ ਤਜਰਬਾ ਕੀਤਾ ਹੈ ਉਸਨੇ ਫਾਰਸੀ ਵਿਚ ਲਿਖ ਕੇ ਫਿਰ ਅੰਗਰੇਜ਼ੀ ਵਿਚ ਲਿਖ ਦਿੱਤਾ। ਬਾਕੀ ਸ਼ਬਦਾਂ ਦੀ ਵਰਤੋਂ ਬਾਰੇ ਵੀ ਸੁਚੇਤ ਹੋਣ ਦੀ ਜ਼ਰੂਰਤ ਹੈ, ਕਿਉਂਕਿ ਇਹ ਕਹਾਣੀ ਅਜੇ ਛਪਣੀ ਹੈ, ਤੁਸੀਂ ਇਸ ਨੂੰ ਬਦਲ ਸਕਦੇ ਹੋ।

**ਡਾ. ਮਨੀਸ਼**: ਸਾਰਿਆਂ ਨੇ ਕਿਹਾ ਕਿ ਇਹ ਕਹਾਣੀ ਨਹੀਂ, ਇਕ ਵੱਖਰੀ ਤਰ੍ਹਾਂ ਦਾ ਬਿਰਤਾਂਤ ਹੈ, ਇਸ ਦਾ ਆਧਾਰ ਡੇਟਾ ਬਣਦਾ ਹੈ। ਮੈਨੂੰ ਲਗਦਾ ਹੈ ਕਿ ਇਹ ਡੇਟਾ ਸਿਰਜਣਾ ਵਿਚ ਨਹੀਂ ਬਦਲ ਸਕਿਆ। ਤੁਸੀਂ ਇਸ ਵਿਚ ਐਪੀਸੋਡਿਕ ਤਕਨੀਕ ਵਰਤੀ ਹੈ। ਉਨ੍ਹਾਂ ਨੂੰ ਜੋੜਨ ਲਈ, ਜਿਹੜੀ ਵਾਰ-ਵਾਰ ਗੱਲ ਹੋਈ ਹੈ, ਸਾਂਝੀ ਤੰਦ ਦੀ, ਉਹ ਮਿਸਿੰਗ ਹੈ। ਦੂਸਰੀ ਗੱਲ ਡੇਟਾ ਮਿੱਤਰ ਸੈਨ ਮੀਤ ਕੋਲ ਵੀ ਹੈ, ਉਹ ਉਸ ਨੂੰ ਆਪਣੀ ਰਚਨਾ ਵਿਚ ਢਾਲਦਾ ਪਿਆ ਹੈ, ਜੋ ਇੱਥੇ ਨਹੀਂ। ਦੂਸਰੇ ਜੋ ਬਿਰਤਾਂਤ ਹੈ। ਉਹ ਕਹਾਣੀ ਦੀ ਵਿਧਾ ਤੋਂ ਬਾਹਰ ਹੈ। ਦੂਸਰੇ, ਇੱਥੇ ਪੜ੍ਹੀਆਂ ਗਈਆਂ ਪੰਜ ਕਹਾਣੀਆਂ ਵਿਚੋਂ ਤਿੰਨਾਂ ਵਿਚ ਪਰਵਾਸੀ ਮਜ਼ਦੂਰਾਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਨੂੰ ਅਸੀਂ ਕਿਸ ਧਿਰ ਨਾਲ ਜੋੜਾਂਗੇ, ਜਾਂ ਜੋ ਇਕ ਰਾਸ਼ਟਰ ਦੀ ਗੱਲ ਚਲ ਰਹੀ ਹੈ ਉਸ ਧਿਰ ਨਾਲ ਜੋੜਾਂਗੇ? ਇਸ ਬਾਰੇ ਸੋਚਣ ਦੀ ਜ਼ਰੂਰਤ ਹੈ।

**ਆਗਾਜ਼ਬੀਰ**: ਸਭ ਤੋਂ ਪਹਿਲਾ ਅਦਾਰਾ ਪ੍ਰਵਚਨ ਤੇ ਖਾਲਸਾ ਕਾਲਜ, ਅੰਮ੍ਰਿਤਸਰ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀ ਕਹਾਣੀ ਦੀ ਚੋਣ ਕੀਤੀ, ਤੁਹਾਡੇ ਸਭ ਵਿਦਵਾਨਾਂ ਦੇ ਵਿਚਾਰ ਸੁਣਨ ਦਾ ਮੌਕਾ ਦਿੱਤਾ। ਮੈਂ ਪ੍ਰਵਚਨ ਦਾ ਪਾਠਕ ਹਾਂ, ਮੈਨੂੰ ਪਤਾ ਸੀ ਇੱਥੇ ਗੋਸ਼ਟੀ ਵਿਚ ਕਿਸੇ ਦਾ ਲਿਹਾਜ਼ ਨਹੀਂ ਕੀਤਾ ਜਾਂਦਾ, ਨਿਰਪੱਖ ਹੋ ਕੇ ਰਚਨਾ ਬਾਰੇ ਗੱਲ ਕੀਤੀ ਜਾਂਦੀ ਹੈ। ਮੈਂ ਵੀ ਮਿੱਠੀਆਂ ਗੱਲਾਂ ਸੁਣਨ ਦਾ ਆਦੀ ਨਹੀਂ। ਮੈਂ ਨਵਾਂ ਤਜਰਬਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਕੁਝ ਰੁਝੇਵਿਆਂ ਕਾਰਣ ਮੈਂ ਇਸ ਕਹਾਣੀ 'ਤੇ ਪੂਰਾ ਕੰਮ ਨਹੀਂ ਕਰ ਸਕਿਆ। ਮੈਂ ਹੁਣ ਇਸ ਨੂੰ ਇਸ ਵਿਚਾਰ-ਚਰਚਾ ਦੀ ਰੋਸ਼ਨੀ ਸੋਧ ਕੇ ਲਿਖਣ ਦੀ ਕੋਸ਼ਿਸ਼ ਕਰਾਂਗਾ।

## ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਚੁਣਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। -ਰਜਨੀਸ਼ ਬਹਾਦਰ ਸਿੰਘ

# ਸਮਕਾਲੀ ਸਾਹਿਤ ਨੂੰ ਵਾਚਦਿਆਂ

**ਕੁਲਵੰਤ ਸਿੰਘ ਸੰਧੂ**

1. ਹਰਵਿੰਦਰ ਭੰਡਾਲ, ਧੁੱਪ ਛਾਂ ਦੇ ਖ਼ਤ (ਨਾਵਲ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2023
2. ਜਸਵਿੰਦਰ ਧਰਮਕੋਟ, ਮੈਲਾਨਿਨ (ਕਹਾਣੀ-ਸੰਗ੍ਰਹਿ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2023
3. ਬਲਬੀਰ ਪਰਵਾਨਾ, ਇਕ ਸੱਚੇ ਕਾਮਰੇਡ ਦਾ ਇਕਲਾਪਾ (ਕਹਾਣੀ ਸੰਗ੍ਰਹਿ), (ਸੰ. ਜਗਵਿੰਦਰ ਜੋਧਾ), ਪੰਜ ਆਬ ਪ੍ਰਕਾਸ਼ਨ, ਜਲੰਧਰ, 2023
4. ਅਨੇਮਨ ਸਿੰਘ, ਚਿਕਨ ਸ਼ਾਪ (ਕਹਾਣੀ ਸੰਗ੍ਰਹਿ), ਸਾਹਿਬਦੀਪ ਪਬਲੀਕੇਸ਼ਨ, ਭੀਖੀ, 2023
5. ਦਵਿੰਦਰ ਕੌਰ ਗੁਰਾਇਆ, ਮਰਿਆ ਨਹੀਂ ਜਿਊਂਦਾ ਹਾਂ (ਕਹਾਣੀ ਸੰਗ੍ਰਹਿ), ਯੂਨੀਸਟਾਰ ਬੁਕਸ, ਮੋਹਾਲੀ 2023
6. ਮਲਵਿੰਦਰ, ਚੁੱਪ ਦਾ ਮਰਮ ਪਛਾਣੀਏ (ਵਾਰਤਕ ਸੰਗ੍ਰਹਿ), ਕੈਫੇ ਵਰਲਡ, ਜਲੰਧਰ, 2023

ਹਰਵਿੰਦਰ ਭੰਡਾਲ ਮੂਲ ਰੂਪ ਵਿਚ ਕਵੀ ਤੇ ਚਿੰਤਕ ਹੈ। ਪਰ ਪਿਛਲੇ ਕੁਝ ਸਮੇਂ ਤੋਂ ਉਹ ਨਾਵਲ ਦੇ ਖੇਤਰ ਵਿਚ ਸਰਗਰਮ ਹੈ। 'ਧੁੱਪ ਛਾਂ ਦੇ ਖ਼ਤ' ਉਸਦਾ ਦੂਸਰਾ ਨਾਵਲ ਹੈ, ਇਸ ਤੋਂ ਪਹਿਲਾ ਉਸ ਨੇ 'ਮੈਲ਼ੀ ਮਿੱਟੀ' ਨਾਵਲ ਲਿਖ ਕੇ ਪੰਜਾਬ ਦੇ ਪਿਛਲੇ ਕੁਝ ਦਹਾਕਿਆਂ ਦੇ ਹਾਲਾਤ ਨੂੰ ਗਲਪ ਵਿਚ ਢਾਲ ਕੇ ਪੇਸ਼ ਕੀਤਾ ਸੀ। 'ਧੁੱਪ ਛਾਂ ਦੇ ਖ਼ਤ' ਵਿਚ ਉਸਨੇ ਤਿੰਨ ਔਰਤਾਂ ਦੀ ਜ਼ਿੰਦਗੀ ਨੂੰ ਖ਼ਤਾਂ ਦੀ ਜੁਗਤ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਅਜੋਕੇ ਸੋਸ਼ਲ ਮੀਡੀਆ ਦੇ ਯੁੱਗ ਵਿਚ, ਜਦੋਂ ਹਰ ਕੋਈ ਲੋੜ ਤੋਂ ਵੱਧ ਬੋਲ ਰਿਹਾ ਹੈ, ਇਸ ਦੌਰ ਵਿਚ ਵੀ ਜਦੋਂ ਔਰਤ ਨੂੰ ਆਪਣੀ ਜ਼ਿੰਦਗੀ ਦੀ ਦਾਸਤਾਂ ਬਿਆਨ ਕਰਨ ਲਈ ਵੇਲਾ ਵਿਹਾ ਚੁੱਕੀ ਖ਼ਤ ਲਿਖਣ ਦੀ ਜੁਗਤ ਦੀ ਸ਼ਰਨ ਵਿਚ ਜਾਣਾ ਪੈਂਦਾ ਹੈ ਤਾਂ ਇਹ ਸਮਝਣਾ ਮੁਸ਼ਕਲ ਨਹੀਂ ਕਿ ਔਰਤ ਦੇ ਹਾਲਾਤ ਓਨੇ ਨਹੀਂ ਬਦਲੇ ਜਿੰਨੇ ਸੋਸ਼ਲ ਮੀਡੀਆ ਦੱਸ ਜਾਂ ਬਿਆਨ ਕਰ ਰਿਹਾ ਹੈ। ਤਿੰਨੇ ਔਰਤਾਂ ਜੋ ਵੱਖ-ਵੱਖ ਸਮਾਜਕ ਪਰਿਵੇਸ਼ ਨਾਲ ਸੰਬੰਧਿਤ ਹਨ, ਪਰ ਇਨ੍ਹਾਂ ਦੀ ਸਮੱਸਿਆ ਸਾਂਝੀ ਹੈ ਕਿ ਇਨ੍ਹਾਂ ਦੀ ਆਪਣੀ ਕੋਈ ਪਛਾਣ ਕੋਈ ਮਰਜ਼ੀ ਜਾਂ ਆਪਣੀ ਕੋਈ ਸਪੇਸ ਨਹੀਂ। ਪਿਤਰਕੀ ਵਿਧਾਨ ਹੀ ਇਨ੍ਹਾਂ ਦੀ ਹੋਣੀ ਦਾ ਇਕੋ-ਇਕ ਨਿਰਧਾਰਕ ਕਾਰਕ ਹੈ। ਪਹਿਲਾ ਖ਼ਤ ਕੁਲਜੀਤ (ਦੁਖੀ ਆਤਮਾ) ਦਾ ਹੈ। ਜਿਸ ਨੂੰ ਬਚਪਨ ਤੋਂ ਲੈ ਕੇ ਸਾਰੀ ਜ਼ਿੰਦਗੀ ਹਰ ਤਰ੍ਹਾਂ ਦੇ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੇਂਡੂ ਸਮਾਜ ਦੇ ਪ੍ਰਵਾਨਿਤ ਚੌਖਟੇ ਤੋਂ ਬਾਹਰ ਨਿਕਲਣ ਦੇ ਯਤਨ ਕਿਤੇ ਵੀ ਪ੍ਰਵਾਨਿਤ ਨਹੀਂ, ਇਹ 'ਖੇਹ ਖਾਣ' ਦੇ ਬਰਾਬਰ ਹਨ। ਇਹ ਸ਼ਬਦ ਪਿਤਰਕੀ ਸੱਤਾ ਵਾਲੇ ਪ੍ਰਵਚਨ ਦਾ ਸਭ ਤੋਂ ਵਧ ਪ੍ਰਵਾਨਿਤ ਤੇ ਸਿਰਫ਼ ਔਰਤ ਲਈ ਰਾਖਵਾਂ ਸ਼ਬਦ ਹੈ, ਮਰਦ ਲਈ ਇਹ ਸ਼ਬਦ ਅਰਥਹੀਣ ਤੇ ਗੂੰਗਾ ਹੈ।

ਪਿੰਡ ਵਿਚ ਵਾਪਰਦੀ ਕੋਈ ਵੀ ਜੱਸੀ ਵਰਗੀ ਅਣਹੋਣੀ ਘਟਨਾ ਬਾਕੀ ਕੁੜੀਆਂ ਦੇ ਰਾਹ ਬੰਦ ਕਰਨ ਦਾ ਸਭ ਤੋਂ ਢੁਕਵਾਂ ਬਹਾਨਾ ਹੈ। ਜੇਕਰ ਕੋਈ ਕੁੜੀ ਸਮਾਜਕ ਮਰਯਾਦਾ ਦਾ ਨਾਲ ਲੜ-ਘੁਲ ਕੇ ਇਸ ਤੋਂ ਬਾਹਰ ਨਿਕਲ ਕੇ ਆਪਣੀ ਮਰਜ਼ੀ ਕਰ ਵੀ ਲੈਂਦੀ ਹੈ ਤਾਂ ਉਸਦੀ ਇਹ ਮਨਮਰਜ਼ੀ ਵਾਲੀ ਖ਼ੁਸ਼ੀ ਦੀ ਉਮਰ ਬਹੁਤੀ ਲੰਮੀ ਨਹੀਂ ਹੁੰਦੀ, ਕਿਉਂਕਿ ਇਕ ਪਿਤਰਕੀ ਵਿਧਾਨ ਤੋਂ ਬਾਗ਼ੀ ਹੋ ਕੇ ਉਹ ਜਿਸ ਦੂਸਰੀ ਸੱਤਾ ਦੀ ਸ਼ਰਨ ਵਿਚ ਜਾਂਦੀ ਹੈ, ਉਹ ਪਹਿਲੀ ਤੋਂ ਵੀ ਵਧੇਰੇ ਨਿਰਕੁੰਸ਼ ਤੇ ਜ਼ਾਲਮ ਸਬਤ ਹੁੰਦੀ ਹੈ ਤੇ ਉਸ ਲਈ ਮੌਤ ਬਣ ਕੇ ਆਉਂਦੀ ਹੈ।

ਨੇਹਾ ਦੀ ਸਥਿਤੀ ਭਾਵੇਂ ਕੁਲਜੀਤ ਤੇ ਦਿਵਿਆਂ ਨਾਲੋਂ ਆਰਥਕ ਤੌਰ ’ਤੇ ਬੇਹਤਰ ਹੈ, ਪਰ ਸਮਾਜਕ ਸਥਿਤੀ ਵਿਚ ਕੋਈ ਬਹੁਤਾ ਅੰਤਰ ਨਹੀਂ, ਉਸ ਨੂੰ ਆਪਣੇ ਪਤੀ ਦੀ ਅਮੀਰੀ ਦਾ ਚਲਦਾ-ਫਿਰਦਾ ਸਾਈਨ ਬੋਰਡ ਬਣਨਾ ਪੈਂਦਾ ਹੈ। ਸਮੁੱਚੇ ਰੂਪ ਵਿਚ ਇਹ ਨਾਵਲ ਸਿਰਫ਼ ਔਰਤ ਦੀ ਸਥਿਤੀ ਬਾਰੇ ਨਹੀਂ, ਸਗੋਂ ਸਾਡੇ ਵਿਦਿਅਕ ਪ੍ਰਬੰਧ ਤੇ ਅਧਿਆਪਕਾ ’ਤੇ ਵੀ ਬਹੁਤ ਸੂਖਮ ਵਿਅੰਗ ਹੈ। ਵਧੇਰੇ ਅਧਿਆਪਕ ਬਾਲ ਮਾਨਸਿਕਤਾ ਨੂੰ ਸਮਝਣ ਤੋਂ ਅਸਮਰੱਥ ਤੇ ਅਨੁਸ਼ਾਸਨ ਦੇ ਨਾਂ ’ਤੇ ਬੱਚਿਆਂ ਦੀ ਮਾਨਸਿਕਤਾ ਦਾ ਦਮਨ ਕਰਨ ਵਾਲੇ ਹਨ। ਨਾਵਲ ਵਿਚ ਚੂੜੀਆਂ, ਰੰਗਦਾਰ ਫੁੰਮਣ, ਫੁੱਲਾਂ ਦੇ ਹਾਰ ਔਰਤ ਦੀਆਂ ਸੱਧਰਾਂ ਦੇ ਮੈਟਾਫਰ ਹਨ ਜੋ ਉਨ੍ਹਾਂ ਤੋਂ ਵੱਖ-ਵੱਖ ਬੰਧਸ਼ਾਂ ਦੇ ਨਾਂ ’ਤੇ ਖੋਹ ਲਏ ਜਾਂਦੇ ਹਨ। ਨਾਵਲ ਦੀ ਭਾਸ਼ਾ, ਮੈਟਾਫਰ ਤੇ ਇਸ ਵਿਚਲਾ ਵਾਤਾਵਰਣ ਖਾਸ ਕਰਕੇ ਦਰਿਆ ਦਾ ਆਲਾ ਦੁਆਲਾ ਲੇਖਕ ਦੀ ਸਿਰਜਣਾਤਮਕ ਸਮਰਥਾ ਦਾ ਪ੍ਰਮਾਣ ਹੈ।ਇਹ ਨਾਵਲ ਰਵਾਇਤੀ ਗਲਪੀ ਭਾਸ਼ਾ ਦੇ ਮੁਕਾਬਲੇ ਸੱਜਰੀ ਭਾਸ਼ਾ ਲੈ ਕੇ ਆਉਂਦਾ ਹੈ ਤੇ ਪੜ੍ਹਨਯੋਗ ਰਚਨਾ ਹੈ।

‘ਮੈਲਾਨਿਨ’ ਜਸਵਿੰਦਰ ਧਰਮਕੋਟ ਦਾ ਪਹਿਲਾ ਕਹਾਣੀ-ਸੰਗ੍ਰਹਿ ਹੈ, ਜਿਸ ਵਿਚ ਭੂਮਿਕਾ ਸਮੇਤ ਅੱਠ ਕਹਾਣੀਆਂ ਦਰਜ ਹਨ। ਇਸ ਸੰਗ੍ਰਹਿ ਤੋਂ ਪਹਿਲਾ ਜਸਵਿੰਦਰ ਦੀ ਪੰਜਾਬੀ ਸਾਹਿਤ ਜਗਤ ਵਿਚ ਕੋਈ ਪਛਾਣ ਨਜ਼ਰ ਨਹੀਂ ਆਉਂਦੀ, ਪਰ ਇਸ ਪਹਿਲੇ ਹੀ ਕਹਾਣੀ-ਸੰਗ੍ਰਹਿ ਦੇ ਸਮਝ ਨਾਲ ਉਹ ਨਵੀਂ ਪੰਜਾਬੀ ਕਹਾਣੀ ਦੇ ਪ੍ਰਤੀਨਿਧ ਕਹਾਣੀਕਾਰ ਵਜੋਂ ਸਥਾਪਿਤ ਹੁੰਦਾ ਨਜ਼ਰ ਆਉਂਦਾ ਹੈ, ਕਿਉਂਕਿ ਇਸ ਸੰਗ੍ਰਹਿ ਦੀਆਂ ਕਹਾਣੀਆਂ ਆਪਣੇ ਕਥਾ-ਵਸਤੂ ਤੇ ਵੱਖਰੀ ਬਿਰਤਾਂਤਕਾਰੀ ਕਰਕੇ ਪੰਜਾਬੀ ਕਹਾਣੀ ਵਿਚ ਆਪਣਾ ਨਿਵੇਕਲਾ ਰੰਗ ਲੈ ਕੇ ਹਾਜ਼ਰ ਹੁੰਦੀਆਂ ਹਨ। ਸਕੂਲ ਅਧਿਆਪਕ ਹੋਣ ਕਰਕੇ ਉਸ ਕੋਲ ਵੱਖਰੇ ਤੇ ਵਿਲੱਖਣ ਅਨੁਭਵ ਹਨ, ਜੋ ਉਹ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ। ‘ਬੱਕਲ ਮਾਈ ਸ਼ੂ’ ਤੇ ‘ਆਖਰੀ ਛੁੱਟੀ’ ਵਿਚ ਬਾਲ-ਮਾਨਸਿਕਤਾ ਦੇ ਨਿਵੇਕਲੇ ਪਹਿਲੂਆਂ ਨੂੰ ਆਪਣੀ ਕਹਾਣੀ ਦੀ ਵਸਤੂ ਬਣਾਉਦਿਆਂ ਉਹ ਅਜੇਹੇ ਬਾਲ ਪਾਤਰ ਸਿਰਜਦਾ ਹੈ, ਜੋ ਸਾਡੀ ਸੰਵੇਦਨਾ ਦਾ ਹਿੱਸਾ ਬਣ ਜਾਂਦੇ ਹਨ। ਪੰਜਾਬੀ ਵਿਚ ਇਸ ਵਿਸ਼ੇ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ, ਸਾਡੇ ਚੇਤਿਆਂ ਵਿਚ ਸਿਰਫ਼ ‘ਪੇਮੀ ਦੇ ਨਿਆਣੇ’ ਹੀ ਸਾਂਭੀ ਪਈ ਹੈ। ‘ਲੀਸੀਅਮ ਨਿਕੇਤਨ’ ਆਦਰਸ਼ ਵਿਦਿਅਕ ਪ੍ਰਬੰਧ ਤੇ ਸੰਸਥਾਵਾਂ ਦੀ ਖ਼ੂਬਸੂਰਤ ਨੂੰ ਉਭਾਰਨ ਵਾਲੀ ਕਹਾਣੀ ਹੈ, ਪਰ ਜੋ ਕੁਝ ਸਾਡੇ ਸਮਾਜ ਨੂੰ ਵਿਦਿਆ ਦੇ ਨਾਂ ਤੇ ਮਿਲ ਰਿਹਾ, ਉਹ ਕਹਾਣੀ ਦੇ ਅੰਤ ਵਿਚ ਇਕ ਤਿੱਖੇ ਵਿਅੰਗ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ। ‘ਪਲੇਟੀ’ ਅਜੋਕੇ ਯੁੱਗ ਦੀ ਅ-ਸੁਰੱਖਿਆ ਨੂੰ ਮਾਂ-ਬਾਪ ਤੇ ਬੱਚਿਆਂ ਦੇ ਪ੍ਰਸੰਗ ਵਿਚ ਪੇਸ਼ ਕਰਦੀ ਹੈ, ਜਿਸ ਵਿਚ ਉਸ ਬੇ-

ਯਕੀਨੀ ਤੇ ਅ-ਸੁਰੱਖਿਅਤ ਮਾਨਸਿਕਤਾ ਨੂੰ ਚਿਤਰਿਆ ਹੈ, ਜੋ ਸਾਡੇ ਸਮਾਜਕ ਵਾਤਾਵਰਣ ਵਿਚ ਪਸਰੀ ਹੋਈ ਹੈ। ਪਰ ਕਹਾਣੀ ਦੇ ਅੰਤ 'ਤੇ ਆ ਕੇ ਲੇਖਕ 'ਵੇਲ ਤੇ ਪਾਮ' ਦੇ ਮੈਟਾਫਰ ਸਿਰਜ ਕੇ ਸਮੁੱਚੀ ਕਹਾਣੀ ਨੂੰ ਇਕ ਨਵੀਂ ਰੰਗਤ ਵਿਚ ਪੇਸ਼ ਕਰ ਜਾਂਦਾ ਹੈ। 'ਊਈ' ਗਭਰੀਟ ਮਾਨਸਿਕਤਾ, ਨਸ਼ੇ ਤੇ ਵਿਦੇਸ਼ ਜਾਣ ਦੀ ਦੌੜ ਦੇ ਬਿਰਤਾਂਤ ਨੂੰ ਪੇਸ਼ ਕਰਦੀ ਹੈ। 'ਯਾਤਰਾ ਅਜੇ ਮੁੱਕੀ ਨਹੀਂ' ਦਾ ਮੈਟਾਫਰ ਜ਼ਿੰਦਗੀ ਦੀ ਯਾਤਰਾ ਦੇ ਗਲਪੀਕਰਨ ਨਾਲ ਸੰਬੰਧਿਤ ਹੈ। 'ਮੈਲਾਨਿਨ' ਇਸ ਸੰਗ੍ਰਹਿ ਦੀ ਤੇ ਅਜੋਕੇ ਪੰਜਾਬੀ ਸਾਹਿਤਕ ਵਾਤਾਵਰਨ ਦੀ ਚਰਚਿਤ ਕਹਾਣੀ ਹੈ ਜੋ ਇਕ ਪਾਸੇ ਵਿਦਿਅਕ ਸਭਿਆਚਾਰ ਵਿਚ ਫੈਲੇ ਨਿਘਾਰ ਤੇ ਨਾਲ ਹੀ ਸਾਡੀ ਸਮਾਜਕ ਬਣਤਰ ਵਿਚ ਗੋਰੇ ਰੰਗ ਨਾਲ ਜੁੜੀ ਭ੍ਰਾਂਤੀ ਨੂੰ ਪੇਸ਼ ਕਰਦੀ ਹੈ, ਜਦਕਿ 'ਸ਼ਾਲ' ਮਾਨਵੀ ਰਿਸ਼ਤਿਆਂ ਤੇ ਅਜੋਕੇ ਰਾਜਨੀਤਿਕ ਵਾਤਾਵਰਣ ਵਿਚ ਇਸ ਦੀ ਜ਼ਰੂਰਤ ਨੂੰ ਉਭਾਰਨ ਨਾਲ ਸੰਬੰਧਿਤ ਹੈ। ਇਸ ਕਹਾਣੀ-ਸੰਗ੍ਰਹਿ ਨੂੰ ਪੰਜਾਬੀ ਕਹਾਣੀ ਦੇ ਹਾਸਿਲ ਵਜੋਂ ਵੇਖਿਆ ਜਾ ਸਕਦਾ ਹੈ।

ਬਲਬੀਰ ਪਰਵਾਨਾ ਸਮਾਜਕ/ਰਾਜਨੀਤਿਕ ਸਰੋਕਾਰਾਂ ਪ੍ਰਤੀ ਸੁਚੇਤ ਗਲਪਕਾਰ ਹੈ, ਉਸ ਦੀਆਂ ਸਾਰੀਆਂ ਰਚਨਾਵਾਂ ਇਸ ਤੱਥ ਦਾ ਪ੍ਰਮਾਣ ਹਨ। 'ਇਕ ਸੱਚੇ ਕਾਮਰੇਡ ਦਾ ਇਕਲਾਪਾ' ਉਸਦੀਆਂ ਵੱਖ-ਵੱਖ ਸਮਿਆਂ ਵਿਚ ਖੱਬੇ-ਪੱਖੀ ਲਹਿਰ ਤੇ ਇਸ ਨਾਲ ਪ੍ਰਤੀਬੱਧ ਵਿਅਕਤੀਆਂ ਬਾਰੇ ਲਿਖੀਆਂ ਕਹਾਣੀਆਂ ਦਾ ਸੰਪਾਦਿਤ ਸੰਗ੍ਰਹਿ ਹੈ। ਲੇਖਕ ਦਾ ਸਰੋਕਾਰ ਉਨ੍ਹਾਂ ਪ੍ਰਸਥਿਤੀਆਂ ਨੂੰ ਸਮਝਣ/ਚਿਤਰਨ ਨਾਲ ਸੰਬੰਧਿਤ ਹੈ, ਜਿਨ੍ਹਾਂ ਕਰਕੇ ਇਹ ਲਹਿਰ ਤੇ ਇਸ ਨਾਲ ਜੁੜੇ ਵਿਅਕਤੀ ਅਜੋਕੀਆਂ ਪ੍ਰਸਥਿਤੀਆਂ ਨਾਲ ਦੋ-ਚਾਰ ਹਨ। ਇਹ ਵੀ ਇਕ ਵਿਰੋਧਾਭਾਸ ਹੈ ਕਿ ਇਕ ਪਾਸੇ ਆਥਕਿਤ-ਸਮਾਜਕ ਤੇ ਰਾਜਨੀਤਿਕ ਪ੍ਰਸਥਿਤੀਆਂ ਦਿਨ-ਬ-ਦਿਨ ਅਮਾਨਵੀ ਰੂਪ ਧਾਰਨ ਕਰਦੀਆਂ ਜਾ ਰਹੀਆਂ ਹਨ ਨੇ ਦੂਸਰੇ ਪਾਸੇ ਇਨ੍ਹਾਂ ਦਾ ਬਦਲ ਦੇ ਸਕਣ ਦੇ ਸਮਰੱਥ ਵਿਚਾਰਧਾਰਾ ਤੇ ਵਿਅਕਤੀ ਗ਼ੈਰ ਪ੍ਰਸੰਗਿਕ ਹੁੰਦੇ ਜਾ ਰਹੇ ਹਨ। ਖੱਬੇ ਪੱਖੀ ਲਹਿਰ ਦੇ ਨਿਘਾਰ ਤੇ ਲੋਕਾਂ ਨਾਲੋਂ ਟੁੱਟ ਜਾਣ ਬਾਰੇ ਬਹੁਤ ਪਹਿਲਾ ਵਰਿਆਮ ਸਿੰਘ ਸੰਧੂ ਨੇ 'ਅਸਲੀ ਤੇ ਵੱਡੀ ਹੀਰ' ਕਹਾਣੀ ਲਿਖ ਕੇ ਕਮਿਊਨਿਸਟ ਪਾਰਟੀਆਂ ਤੇ ਵਿਅੰਗ ਸਿਰਜਿਆ ਸੀ ਤੇ ਫਿਰ ਉਸ ਦੀ ਕਹਾਣੀ 'ਭੱਜੀਆ ਬਾਹੀਂ' ਵਿਚਲਾ ਕਮਿਊਨਿਸਟ ਪਾਤਰ ਵੀ ਇਕੱਲਾ ਹੀ ਰਹਿ ਜਾਂਦਾ ਹੈ। ਬਲਬੀਰ ਪਰਵਾਨਾ ਨੇ ਵੀ ਇਸੇ ਹੀ ਮਸਲੇ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। 'ਇਕ ਸੱਚੇ ਕਾਮਰੇਡ ਦਾ ਇਕਲਾਪਾ' ਕਹਾਣੀ ਦਾ ਸਿਰਲੇਖ ਵੀ ਆਪਣੇ ਆਪ ਵਿਚ ਵਿਅੰਗਾਤਮਕ ਜੁਗਤ ਹੈ, ਜਦੋਂ ਕਾਮਰੇਡ ਨਾਲ ਸੱਚੇ ਹੋਣ ਦਾ ਵਿਸ਼ਲੇਸ਼ਣ ਲਾਉਣਾ ਪੈ ਰਿਹਾ ਹੈ ਤਾਂ ਜ਼ਾਹਰ ਹੈ ਕਿ ਹੁਣ ਇਸ ਲਹਿਰ ਵਿਚ ਸਾਰਾ ਕੁਝ ਠੀਕ ਨਹੀਂ। ਇਹ ਇਕ ਐਸੇ ਖੱਬੇ ਪੱਖੀ ਪਾਤਰ ਦੀ ਕਹਾਣੀ ਹੈ ਜੋ ਲਹਿਰ ਪ੍ਰਤੀ ਸੁਹਿਰਦ ਤੇ ਪ੍ਰਤੀਬੱਧ ਹੁੰਦਾ ਹੋਇਆ ਵੀ ਇਕੱਲਾ ਰਹਿ ਜਾਂਦਾ ਹੈ। 'ਆਪਨੜੇ ਗਿਰੀਵਾਨ ਮਹਿ' ਨਕਸਲਬਾੜੀ ਲਹਿਰ ਦੇ ਉਤਰਾਅ ਤੋਂ ਬਾਅਦ ਦੀ ਸਥਿਤੀ ਨੂੰ ਰਘਬੀਰ ਦੇ ਕਤਲ ਰਾਹੀਂ ਬਿਆਨ ਕਰਦੀ ਹੈ। 'ਕਾਮਰੇਡ ਮਿਹਰ ਸਿੰਘ' ਦੇ ਚੁਪ-ਚੁਪੀਤੇ ਤੁਰ ਜਾਣ ਦਾ ਦੁਖਾਂਤ ਵੀ ਅਸਲ ਵਿਚ ਸਮੁੱਚੀ ਲਹਿਰ ਦਾ ਦੁਖਾਂਤ ਹੈ, ਲੇਖਕ ਉਸ ਦੀ ਮੌਤ ਨੂੰ ਸ਼ਹਾਦਤ ਨਾਲ ਤੁਲਨਾਉਂਦਾ ਹੈ।' ਦੀਨ ਕੇ ਹੇਤ', 'ਗਲੇਸ਼ੀਅਰ', 'ਬੰਦ ਗੇਟ ਤੇ ਵਿਚਾਰਾ ਇਨਕਲਾਬ' ਵੀ

ਸੁਹਿਰਦ ਵਿਅਕਤੀਆਂ ਦੀ ਦੁਖਾਂਤਕ ਸਥਿਤੀ ਤੇ ਲਹਿਰ ਪ੍ਰਤੀ ਇਕ ਆਲੋਚਨਾਤਮਕ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦੀਆਂ ਹਨ। 'ਪਿਤਾ' ਪਿਤਰਕੀ ਸੱਤਾ ਦੇ ਇਕ ਨਿਵੇਕਲੇ ਰੂਪ ਨੂੰ ਪੇਸ਼ ਕਰਦੀ ਹੈ। ਇਨ੍ਹਾਂ ਕਹਾਣੀਆਂ ਵਿਚ ਦੂਸਰਾ ਪੱਖ ਉਨ੍ਹਾਂ ਖੱਬੇ-ਪੱਖੀ ਲੀਡਰਾਂ ਦਾ ਹੈ, ਜੋ ਰਾਜਨੀਤੀ ਦੀ ਖੇਡ ਸਮਝ ਕੇ ਸੱਤਾ ਦਾ ਹਿੱਸਾ ਬਣ ਗਏ। ਕਾਮਰੇਡ ਹਮੀਰ ਸਿੰਘ, ਗੁਰਦੇਵ ਸਿੰਘ, ਪਿਆਰਾ ਸਿੰਘ, ਰਾਜਬੀਰ ਰੰਧਾਵਾ ਆਦਿ ਅਜੇਹੇ ਪਾਤਰ ਕਿ ਜੋ ਇਸ ਲਹਿਰ ਦੇ ਨਿਘਾਰ ਵਿਚੋਂ ਉਭਰੇ ਤੇ ਆਪਣੇ ਹਿੱਤਾਂ ਨੂੰ ਪਹਿਲ ਦੇ ਕੇ 'ਸੱਚੇ ਕਾਮਰੇਡਾਂ' ਦੇ ਦੁਖਾਂਤ ਤੇ ਵਿਛੰਨੇ ਜਾਣ ਦਾ ਕਾਰਨ ਬਣੇ। ਇਹ ਕਹਾਣੀਆਂ ਸਮੁੱਚੇ ਖੱਬੇ ਪੱਖੀ ਲਹਿਰ ਨੂੰ ਸਮਝਣ ਲਈ ਇਕ ਆਧਾਰ ਪੇਸ਼ ਕਰਦੀਆਂ ਹਨ।

ਅਨੇਮਨ ਸਿੰਘ ਦੀ ਪੁਸਤਕ 'ਚਿਕਨ ਸ਼ਾਪ' ਵਿਚ 3 ਕਹਾਣੀਆਂ ਸ਼ਾਮਲ ਹਨ। ਅਨੇਮਨ ਸਿੰਘ ਦੀ ਸਿਰਜਣਾਤਮਕ ਊਰਜਾ ਇਸ ਵੇਲੇ ਸਿਖਰ 'ਤੇ ਹੈ। ਉਹ ਪੰਜਾਬੀ ਵਿਚ ਸ਼ਾਇਦ ਸਭ ਤੋਂ ਵੱਧ ਤੇਜ਼ੀ ਨਾਲ ਕਹਾਣੀਆਂ ਲਿਖਣ ਵਾਲੇ ਲੇਖਕਾਂ ਵਿਚ ਸ਼ੁਮਾਰ ਹੈ। ਉਹ ਆਪਣੀਆਂ ਕਹਾਣੀਆਂ ਵਿਚ ਸਮਾਜਕ ਆਲੇ-ਦੁਆਲੇ ਨਾਲੋਂ ਵਧੇਰੇ ਜ਼ੋਰ ਪਾਤਰਾਂ ਦੀ ਮਾਨਸਿਕਤਾ ਨੂੰ ਚਿਤਰਨ 'ਤੇ ਦੇਂਦਾ ਹੈ। ਇਸ ਕਰਕੇ ਉਸਦੀਆਂ ਵਧੇਰੇ ਕਹਾਣੀਆਂ ਦੇ ਵਿਸ਼ੇ ਮਾਨਸਿਕ ਗੁੰਝਲਾਂ ਨਾਲ ਸੰਬੰਧਿਤ ਹੁੰਦੇ ਹਨ। ਪਰ ਕਈ ਵਾਰ ਉਹ ਜਿਸ ਤਰ੍ਹਾਂ ਦੀਆਂ ਗੁੰਝਲਾਂ ਜਾਂ ਸਮੱਸਿਆਵਾਂ ਪੇਸ਼ ਕਰਦਾ ਹੈ, ਉਨ੍ਹਾਂ ਦੀ ਸੁਭਾਵਿਕਤਾ ਪਾਠਕ ਦੀ ਮਾਨਸਿਕਤਾ ਦਾ ਹਿੱਸਾ ਨਹੀਂ ਬਣਦੀ। ਇਸ ਸੰਗ੍ਰਹਿ ਪਹਿਲੀ ਕਹਾਣੀ 'ਮੇਰੇ ਜਿਹਾ ਕੁਝ' ਵਿਚ ਮਾਨਸਿਕ ਗੁੰਝਲ ਨੂੰ ਤਿੰਨ ਪੀੜ੍ਹੀਆਂ ਦੇ ਪ੍ਰਸੰਗ ਵਿਚ ਪੇਸ਼ ਕਰਦਾ ਹੈ। 'ਮਾਰੂਥਲ' ਕਹਾਣੀ ਵਿਧਵਾ ਔਰਤ ਦੀਆਂ ਅਤ੍ਰਿਪਤੀਆਂ ਦਾ ਬਿਰਤਾਂਤ ਹੈ, ਉਸ ਦੇ ਵਿਆਹ ਬਾਹਰੇ ਸੰਬੰਧਾਂ ਨੂੰ ਔਲਾਦ ਵੱਲੋਂ ਸਵੀਕ੍ਰਿਤੀ ਮਿਲਣ ਤੇ ਆਪਣੇ ਰਾਜ਼ ਦੇ ਖੁਲ੍ਹ ਜਾਣ ਤੇ ਉਹ ਖ਼ੁਸ਼ ਤੇ ਸੁਰਖ਼ਰੂ ਮਹਿਸੂਸ ਕਰਨ ਦੀ ਬਜਾਇ ਹੀਣਤਾ ਦਾ ਸ਼ਿਕਾਰ ਹੋ ਜਾਂਦੀ ਹੈ। ਜਦਕਿ ਪਿਆਰਾ ਨਿਹੰਗ' ਅੱਤਵਾਦ ਦੇ ਸਮੇਂ ਨੂੰ ਪੇਸ਼ ਕਰਦੀ ਹੈ, ਪਰ ਇਸ ਕਹਾਣੀ ਵਿਚ ਘਟਨਾਵਾਂ ਦੇ ਵੇਰਵੇ ਇਤਨੇ ਜ਼ਿਆਦਾ ਹਨ ਕਿ ਕਹਾਣੀ ਦੀ ਬਣਤਰ ਤੇ ਬਿਰਤਾਂਤਕਾਰੀ ਨੂੰ ਪੱਤਰਕਾਰੀ ਦੀ ਪੱਧਰ ਤੱਕ ਲੈ ਜਾਂਦੇ ਹਨ। 'ਡੌਂਟ ਮਾਈਂਡ' ਕਹਾਣੀ ਪੰਜਾਬੀ ਸਮਾਜ ਦੇ ਰਿਸ਼ਤਿਆਂ ਦੇ ਤਾਣੇ-ਬਾਣੇ ਨੂੰ ਪੇਸ਼ ਕਰਦੀ ਹੈ, ਪਰ ਕਹਾਣੀ ਦੇ ਅੰਤ ਵਿਚ ਰਾਜਨ ਵੱਲੋਂ ਆਪਣੇ ਹੀ ਤਾਏ ਦੀ ਧੀ ਨਾਲ ਵਿਆਹ ਕਰਵਾਉਣ ਦਾ ਬਾਪ ਵੱਲੋਂ ਵਿਰੋਧ ਸਮਾਜਕ ਰਿਸ਼ਤਿਆਂ ਕਰਕੇ ਨਹੀਂ, ਸਗੋਂ ਅਨੁਵੰਸ਼ਕ ਬੀਮਾਰੀਆਂ ਕਰਕੇ ਕਰਨਾ ਸੁਭਾਵਿਕ ਪ੍ਰਤੀਤ ਨਹੀਂ ਹੁੰਦਾ। 'ਚਿਕਨ ਸ਼ਾਪ' ਇਕ ਵੱਖਰੀ ਭਾਂਤ ਦੀ ਕਹਾਣੀ ਹੈ ਜਿਸ ਵਿਚ ਪ੍ਰੇਮੀ ਪ੍ਰੇਮਿਕਾ ਦੀ ਬੇ-ਵਫ਼ਾਈ ਦਾ ਬਦਲਾ ਲੈਣ ਲਈ ਤੇ ਸਬਕ ਸਿਖਾਉਣ ਲਈ ਬੱਕਰੇ ਝਟਕਾਉਣੇ ਸਿੱਖਦਾ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚ ਵਿਸ਼ਿਆਂ ਦੀ ਵਿਲੱਖਣਤਾ/ਵੱਖਰਤਾ ਦੇ ਬਾਵਜੂਦ ਕਹਾਣੀਆਂ ਦਾ ਕਲਾਤਮਕ ਪੱਖ ਕਮਜ਼ੋਰ ਹੈ। ਦੁਹਰਾਓ ਤੇ ਭਾਸ਼ਾ ਦੀ ਵਰਤੋਂ ਪ੍ਰਤੀ ਵੀ ਸੁਚੇਤ ਹੋਣ ਦੀ ਜ਼ਰੂਰਤ ਹੈ। ਇਹ ਸਭ ਕੁਝ ਸ਼ਾਇਦ ਨਿਰੰਤਰ ਛਪਦੇ ਰਹਿਣ ਦੀ ਜਲਦਬਾਜ਼ੀ ਦਾ ਪ੍ਰਣਾਮ ਹੈ।

'ਮਰਿਆ ਨਹੀਂ ਜਿਊਂਦਾ ਹਾਂ' ਦਵਿੰਦਰ ਕੌਰ ਗੁਰਾਇਆ ਦੀ ਪਹਿਲੀ ਪੁਸਤਕ ਹੈ, ਜਿਸ ਵਿਚ ਉਸਦੀਆਂ ਸੱਤ ਕਹਾਣੀਆਂ ਦਰਜ ਹਨ। ਇਸ ਪੁਸਤਕ ਦੀ ਪਹਿਲੀ ਕਹਾਣੀ


'ਮਰਿਆ ਨਹੀਂ ਜਿਊਂਦਾ ਹਾਂ' ਸਾਡੇ ਅਜੋਕੇ ਸਮਾਜਕ ਪ੍ਰਸੰਗ ਨੂੰ ਉਜਾਗਰ ਕਰਦੀ ਹੈ। ਇਹ ਸਮਾਜਕ ਪ੍ਰਸੰਗ ਸਾਡੇ ਬੁੱਧੀਜੀਵੀ ਵਰਗ ਦੀਆਂ ਮਾਨਸਿਕ ਵਿਸੰਗਤੀਆਂ ਨੂੰ ਗਲਪ ਵਿਚ ਢਾਲਦੀ ਹੈ। ਇਕ ਪਾਸੇ ਸਮਾਜ ਵਿਚ, ਅਕਾਦਮਿਕ ਜਗਤ ਵਿਚ ਉਨ੍ਹਾਂ ਦਾ ਵੱਡਾ ਦਰਜਾ ਹੈ, ਪਰ ਇਨਸਾਨੀ ਪੱਧਰ 'ਤੇ ਉਹ ਵੀ ਸਾਧਾਰਣ ਮਨੁੱਖਾਂ' ਨਾਲੋਂ ਵੱਖਰੇ ਨਹੀਂ, ਸਗੋਂ ਕਈ ਵਾਰ ਉਨ੍ਹਾਂ ਦੀ ਅਕਾਦਮਿਕ ਉਚਤਾ ਤੇ ਸਮਾਜਕ ਜੀਵਨ ਵਿਚ ਨਿਰੰਤਰ ਇਕ ਸੰਘਰਸ਼ ਚਲਦਾ ਨਜ਼ਰ ਆਉਂਦਾ ਹੈ। ਅਸਲ ਵਿਚ ਇਹ ਕਹਾਣੀ ਲੇਖਿਕਾ ਨੇ ਆਪਣੇ ਬਹੁਤ ਹੀ ਨਜ਼ਦੀਕੀ ਬਾਰੇ ਲਿਖੀ ਹੈ ਜਿਸ ਕਰਕੇ ਉਹ ਵਾਸਤਵਿਕਤਾ ਤੇ ਸਿਰਜਣਾਤਮਿਕਾ ਵਿਚਲੀ ਵਿੱਥ ਕਾਇਮ ਨਾ ਰੱਖ ਸਕੀ। ਇਹ ਕਹਾਣੀ ਕਿਤੇ-ਕਿਤੇ ਵਿਅਕਤੀ ਚਿਤਰ ਵਰਗੀ ਪ੍ਰਤੀਤ ਲੱਗ ਜਾਂਦੀ ਹੈ। 'ਬੇਰੀ' ਕਹਾਣੀ ਅਜੋਕੇ ਸਮਾਜ ਵਿਚ ਔਰਤ ਦੀ ਦੁਖਾਂਤਕ ਤੇ ਪਰਨਿਰਭਰਤਾ ਵਾਲੀ ਸਥਿਤੀ ਨੂੰ ਬਹੁਤ ਹੀ ਭਾਵਨਾਤਮਕ ਤਰੀਕੇ ਨਾਲ ਪੇਸ਼ ਕਰਦੀ ਹੈ। ਨਿਰੰਤਰ ਇਕ ਸਥਿਤੀ ਦਾ ਸਾਹਮਣਾ ਕਰਨ ਤੋਂ ਬਾਅਦ ਔਰਤ ਆਪਣੇ ਵਿਰੋਧੀ ਹਾਲਾਤ 'ਚ ਆਪਣੀ ਹੋਂਦ ਨੂੰ ਬਚਾਈ ਰੱਖਣ ਵਾਲਾ ਹੌਂਸਲਾ ਤੇ ਸਵੈ-ਵਿਸ਼ਵਾਸ ਆਪਣੇ ਅੰਦਰ ਕਾਇਮ ਕਰ ਲੈਂਦੀ ਹੈ ਤੇ ਉਲਟ ਪ੍ਰਸਥਿਤੀਆਂ ਵਿਰੁੱਧ ਲੜਨ ਲਈ ਤਿਆਰ ਹੋ ਜਾਂਦੀ ਹੈ। 'ਚਾਚੀ ਵੀਰੋ' ਵੀ ਔਰਤ ਦੀ ਹੀਣੀ ਸਥਿਤੀ ਦੀ ਕਹਾਣੀ ਹੈ, ਜਿਸ ਨੂੰ ਪਿਤਰਕੀ ਸੱਤਾ ਵਾਲੇ ਸਮਾਜ ਵਿਚ ਮਰਦਾਵੀਂ ਹਉਮੈਂ ਦਾ ਸ਼ਿਕਾਰ ਬਣਨਾ ਪੈਂਦਾ ਹੈ। ਵੀਰੋ ਵਿਰੋਧੀ ਹਾਲਾਤ ਸਾਹਮਣੇ ਸਮਰਪਣ ਨਹੀਂ ਕਰਦੀ, ਸਗੋਂ ਆਪਣੀ ਸੀਮਤ ਸਮਰੱਥਾ ਮੁਤਾਬਿਕ ਲੜਨ ਦਾ ਯਤਨ ਕਰਦੀ ਹੈ, ਪਰ ਉਸਦਾ ਅਤੀਤ ਫਿਰ ਉਸ ਦੇ ਸਾਹਮਣੇ ਆ ਖੜ੍ਹਾ ਹੁੰਦਾ ਹੈ। 'ਤੂੰ ਇਸ ਨੂੰ ਵੰਡ ਆਖਦੀ ਏਂ' ਦੇਸ਼ ਵੰਡ ਨਾਲ ਜੁੜੇ ਦੁਖਾਂਤ ਨੂੰ ਔਰਤ ਦੇ ਪ੍ਰਸੰਗ ਵਿਚ ਪੇਸ਼ ਕਰਦੀ ਹੈ, ਕਿਉਂਕਿ ਅਜੇਹੇ ਹਾਲਾਤ ਦਾ ਸ਼ਿਕਾਰ ਸਭ ਤੋਂ ਵੱਧ ਔਰਤ ਹੀ ਹੁੰਦੀ ਹੈ। 'ਹੱਥ ਦੀ ਛੋਹ' ਇਕ ਪਿਆਰ ਕਹਾਣੀ ਹੈ। 'ਰੀਝਾਂ ਦਾ ਮੁੱਲ' ਵਿਚ ਔਰਤ ਨੂੰ ਆਪਣੀਆਂ ਨਿਗੁਣੀਆਂ ਰੀਝਾਂ ਲਈ ਮਰਦ ਦੀ ਹਵਸ ਦਾ ਸ਼ਿਕਾਰ ਬਣਨਾ ਪੈਂਦਾ ਹੈ। ਕੁਝ ਆਪਣੇ ਪਲ' ਵਿਦੇਸ਼ਾਂ ਵਿਚਲੀ ਜ਼ਿੰਦਗੀ ਦਾ ਬਿਰਤਾਂਤ ਹੈ। ਪੱਛਮੀ ਤਰਜ਼ੇ-ਜ਼ਿੰਦਗੀ ਨੇ ਮਨੁੱਖ ਨੂੰ ਮਨੁੱਖ ਨਾਲੋਂ ਤਾਂ ਤੋੜਿਆ ਈ ਹੈ, ਸ੍ਵੈ ਨਾਲੋਂ ਵੀ ਤੋੜ ਦਿੱਤਾ ਹੈ ਤੇ ਵਿਅੰਗ ਦੀ ਸਥਿਤੀ ਇਹ ਹੈ ਕਿ ਆਪਣੇ ਆਪ ਨੂੰ ਮਿਲਣ ਲਈ ਵੀ ਵਿਅਕਤੀ ਨੂੰ ਕੰਮ ਤੋਂ ਛੁੱਟੀ ਲੈਣੀ ਪੈਂਦੀ ਹੈ। ਇਸ ਸੰਗ੍ਰਹਿ ਦੀਆਂ ਵਧੇਰੇ ਕਹਾਣੀਆਂ ਔਰਤ ਦੀ ਸਥਿਤੀ ਨੂੰ ਚਿਤਰਦੀਆਂ ਹਨ।

'ਚੁੱਪ ਦਾ ਮਰਮ ਪਛਾਣਾਈਏ' ਮਲਵਿੰਦਰ ਦੀ ਵਾਰਤਕ ਪੁਸਤਕ ਹੈ। ਮਲਵਿੰਦਰ ਮੂਲ ਰੂਪ ਵਿਚ ਕਵੀ ਹੈ। ਇਸ ਪੁਸਤਕ ਨਾਲ ਉਹ ਵਾਰਤਕ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਲੇਖਕ ਨੇ ਪੁਸਤਕ ਨੂੰ ਦੋ ਭਾਗਾਂ ਵਿਚ; 'ਸਵੈ ਤੇ ਸਮਾਜ ਸਰੋਕਾਰ' ਤੇ 'ਪਰਵਾਸ ਦੇ ਸਰੋਕਾਰ' ਵੰਡਿਆ ਹੈ। ਪਹਿਲੇ ਭਾਗ ਦੇ ਲੇਖ ਸਿੱਖਿਆ ਦੇ ਵਿਭਿੰਨ ਸਰੋਕਾਰਾਂ ਨਾਲ ਸੰਬੰਧਿਤ ਹਨ, ਜਿਸ ਵਿਚ ਸਿੱਖਿਆ, ਭਾਸ਼ਾ ਤੇ ਸਾਹਿਤ ਵਿਚ ਸਿੱਖਿਆ ਦੇ ਵੱਖ-ਵੱਖ ਪੱਖਾਂ, ਚਾਹੇ ਉਹ ਸੰਸਥਾਗਤ ਜਾਂ ਵਿਧੀਵਤ ਸਿੱਖਿਆ ਹੈ, ਜੋ ਵਿਅਕਤੀ ਨੂੰ ਰੁਜ਼ਗਾਰ ਦੇ ਕਾਬਲ ਬਣਾਉਂਦੀ ਹੈ, ਪਰ ਜ਼ਿੰਦਗੀ ਦੇ ਸਕੂਲ 'ਚੋਂ ਹਾਸਲ ਕੀਤੀ ਸਿੱਖਿਆ ਸਾਨੂੰ ਸਮਾਜ ਵਿਚ ਵਿਚਰਣਾ ਸਿਖਾਉਂਦੀ ਹੈ। ਦੋਹਾਂ ਦਾ ਆਪਣਾ-ਆਪਣਾ ਮਹੱਤਵ ਹੈ। 'ਕਵਿਤਾ ਦੇ ਸਵੈ-ਸੰਵਾਦ' ਲੇਖ

ਵਿਚ 'ਲੇਖਕ ਅਜੋਕੀ ਪੰਜਾਬੀ ਕਵਿਤਾ ਬਾਰੇ ਗੱਲ ਕਰਦਿਆਂ ਇਸ ਨੂੰ ਅਜੋਕੇ ਸਸ਼ੋਲ ਮੀਡੀਆ ਦੇ ਪ੍ਰਸੰਗ ਵਿਚ ਵੇਖਦਾ ਹੈ। ਉਸ ਮੁਤਾਬਿਕ ਸੋਸ਼ਲ ਮੀਡੀਆ ਨੇ ਚੰਗੀ ਕਵਿਤਾ ਦੀ ਥਾਂ ਸਾਧਾਰਨ ਪੱਧਰ ਦੀ ਕਵਿਤਾ ਨੂੰ ਵਧੇਰੇ ਵਡਿਆਇਆ ਹੈ। ਪਾਠਕ ਅਜੋਕੀ ਕਵਿਤਾ ਤੋਂ ਦੂਰ ਜਾ ਰਹੇ ਹਨ। 'ਚੁੱਪ ਦਾ ਮਰਮ ਪਛਣਾਈਏ' ਇਸ ਕਿਤਾਬ ਦਾ ਹਾਸਲ ਲੇਖ ਹੈ, ਜਿਸ ਵਿਚ 'ਚੁੱਪ' ਦੇ ਅਨੇਕਾ ਰੂਪ ਤੇ ਭੇਦ ਬਿਆਨ ਕੀਤੇ ਗਏ ਹਨ। ਇਸੇ ਤਰ੍ਹਾਂ 'ਮੇਰੀ ਪਹਿਲੀ ਰਚਨਾ', 'ਆਓ ਵਾਰਤਕ ਲਿਖੀਏ', 'ਸੁਚੱਜ ਸੰਜਮ ਤੇ ਸੁਹਜ', 'ਭੀੜ' ਲੇਖਾਂ ਦੀ ਸੁਹਜਾਤਮਕ ਭਾਸ਼ਾ ਪ੍ਰਭਾਵਿਤ ਕਰਦੀ ਹੈ। ਇਸ ਤੋਂ ਇਲਾਵਾ ਇਸ ਭਾਗ ਵਿਚ ਕੁਝ ਲੇਖ ਯਾਦਾਂ ਨਾਲ ਸੰਬੰਧਿਤ ਤੇ ਕੁਝ ਮਨੁੱਖੀ ਜੀਵਨ ਨਾਲ।

ਦੂਸਰੇ ਭਾਗ ਵਿਚ ਪਰਵਾਸ ਦੇ ਮਸਲਿਆਂ ਨੂੰ ਕੈਨੇਡਾ ਦੇ ਪ੍ਰਸੰਗ ਵਿਚ ਵਿਚਰਿਆ ਗਿਆ ਹੈ। ਅਜੋਕੇ ਸਮਿਆਂ ਵਿਚ ਬਹੁਤ ਸਾਰੇ ਲੇਖਕ ਜੋ ਵੱਖ-ਵੱਖ ਸਾਹਿਤਕ ਵਿਧਾਵਾ ਦੇ ਜਾਣੇ-ਪਛਾਣੇ ਜਾਂ ਸਥਾਪਿਤ ਲੇਖਕ ਹਨ ਵਾਰਤਕ ਵੱਲ ਰੁਚਿਤ ਹੋ ਰਹੇ ਹਨ। ਕਿਉਂਕਿ ਸਾਡੇ ਆਲੇ-ਦੁਆਲੇ ਬਹੁਤ ਕੁਝ ਅਜੇਹਾ ਬਹੁਤ ਤੇਜ਼ੀ ਨਾਲ ਵਾਪਰ ਰਿਹਾ ਹੈ, ਜਿਸ ਨੂੰ ਉਨ੍ਹਾਂ ਨੂੰ ਆਪਣੀਆਂ ਵਿਧਾਵਾਂ ਵਿਚ ਰੂਪਾਂਤਰਿਤ ਕਰਨ ਵਿਚ ਮੁਸ਼ਕਲ ਆਉਂਦੀ ਹੈ, ਜਦਕਿ ਵਾਰਤਕ ਵਿਚ ਬਿਆਨ ਕਰਨਾ ਮੁਕਾਬਲਾਤਮਕ ਆਸਾਨ ਹੁੰਦਾ ਹੈ। ਇਸ ਪੁਸਤਕ ਦੇ ਪਹਿਲੇ ਹਿੱਸੇ ਵਾਲੇ ਲੇਖਾਂ ਦੀ ਭਾਸ਼ਾ ਬਹੁਤ ਸੁਹਜਾਤਮਕ ਹੈ ਤੇ ਪ੍ਰਭਾਵਿਤ ਕਰਦੀ ਹੈ ਜਦਕਿ ਦੂਸਰੇ ਹਿੱਸੇ ਦੇ ਬਹੁਤੇ ਲੇਖ ਪੱਤਰਕਾਰੀ ਦੀ ਲੋੜ 'ਚੋਂ ਉਪਜੇ ਪ੍ਰਤੀਤ ਹੁੰਦੇ ਹਨ। ਕਿਤੇ ਕਿਤੇ ਦੁਹਰਾਓ ਵੀ ਨਜ਼ਰ ਆਉਂਦਾ ਹੈ। ਪਰ ਕੁਲ ਮਿਲਾ ਕੇ ਇਹ ਪੁਸਤਕ ਦਾਰਸ਼ਨਿਕ ਪੱਧਰ ਤੋਂ ਲੈ ਕੇ ਸੁਹਜਾਤਮਕ ਤੇ ਰੋਜ਼ਾਨਾ ਜ਼ਿੰਦਗੀ ਦੇ ਮਸਲਿਆਂ ਨੂੰ ਵਾਰਤਕ ਵਿਚ ਵਧੀਆ ਢੰਗ ਨਾਲ ਪੇਸ਼ ਕਰਦੀ ਹੈ।

**ਪੰਜਾਬੀ ਕਵਿਤਾ ਦੇ ਵਿਲੱਖਣ ਹਸਤਾਖ਼ਰ**
**ਸਵਰਨਜੀਤ ਸਵੀ**
**ਨੂੰ 'ਮਨ ਦੀ ਚਿੱਪ' 'ਤੇ**
**ਭਾਰਤੀ ਸਾਹਿਤ ਅਕਾਦਮੀ ਸਨਮਾਨ ਮਿਲਣ 'ਤੇ ਅਤੇ**
**ਦੀਪਤੀ ਬਬੂਟਾ ਨੂੰ 'ਭੁੱਖ ਇਉਂ ਵੀ ਸਾਹ ਲੈਂਦੀ ਹੈ' ਅਤੇ**
**ਬਲੀਜੀਤ ਨੂੰ 'ਉੱਚੀਆਂ ਆਵਾਜ਼ਾਂ' ਲਈ ਢਾਹਾਂ**
**ਐਵਾਰਡ ਮਿਲਣ 'ਤੇ**
**ਅਦਾਰਾ ਪ੍ਰਵਚਨ ਵਲੋਂ ਮੁਬਾਰਕਾਂ।**





**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ**
**ਸਫ਼ੇ: 208 ਕੀਮਤ: 300/-**


ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਆਲੋਚਕਾਂ ਦੀ ਉਸ ਤਕਰੀਬਨ ਖੁਆਚ ਰਹੀ ਸ਼੍ਰੇਣੀ ਦਾ ਨੁਮਾਇੰਦਾ ਹੈ ਜੋ ਨਾ ਸਿਰਫ਼ ਸਿਧਾਂਤਕ ਸੂਝ ਦੇ ਧਨੀ ਹਨ, ਬਲਕਿ ਇਸ ਸੂਝ ਨੂੰ ਬਦਲਦੇ ਹਾਲਾਤ ਦੀ ਸਾਣ ਉਤੇ ਲਗਾਤਾਰ ਤਿੱਖਿਆਂ ਕਰਦੇ ਰਹਿਣ ਦੇ ਉਪਰਾਲੇ ਵਿਚ ਵੀ ਰਹਿੰਦੇ ਹਨ। ਆਪਣੇ ਇਨ੍ਹਾਂ ਗੁਣਾਂ ਕਾਰਨ ਹੀ ਇਹ ਸਾਡੀ ਬੋਲੀ ਦਾ ਉਹ ਆਲੋਚਕ ਹੈ ਜਿਸਦੀ ਨਾ ਤਾਂ ਕਦੇ ਦ੍ਰਿਸ਼ਟੀ ਧੁੰਦਲਾਈ ਹੈ ਅਤੇ ਨਾ ਹੀ ਕਦੇ ਉਸਦੇ ਵਿਚਾਰਾਂ ਵਿਚ ਖੜੋਤ ਦਾ ਅਹਿਸਾਸ ਹੋਇਆ ਹੈ। ਹਥਲੀ ਪੁਸਤਕ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਨੇ ਆਪਣੀ ਆਲੋਚਨਾਤਮਕ ਪ੍ਰਤਿਭਾ ਨੂੰ ਕਹਾਣੀ ਦੀ ਵਿਧਾ ਉਤੇ ਕੇਂਦਰਤ ਕਰਦੇ ਹੋਏ, ਜੇ ਇਕ ਪਾਸੇ ਪੰਜਾਬੀ ਕਹਾਣੀ ਦੀ ਸਮੁੱਚੀ ਇਤਿਹਾਸਕਾਰੀ ਪੇਸ਼ ਕੀਤੀ ਹੈ, ਤਾਂ ਦੂਜੇ ਪਾਸੇ ਇਸ ਦੀਆਂ ਵੱਖੋ-ਵੱਖ ਧਾਰਾਵਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਕਹਾਣੀਆਂ ਵਿਚ ਪਾਤਰਾਂ ਦੀ ਖੁਦਮੁਖਤਾਰੀ ਦਾ ਨਿਵੇਕਲਾ ਪੈਮਾਨਾ ਸਿਰਜ ਕੇ ਉਸਨੇ ਸਾਡੇ ਸਾਹਿਤ ਦੇ ਮੰਨੇ ਕਹਾਣੀਕਾਰਾਂ ਦੀਆਂ ਪਰਮੰਨੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਇਸ ਕਾਰਨ ਡਾ. ਰਜਨੀਸ਼ ਬਹਾਦਰ ਸਿੰਘ ਦੀ ਇਹ ਰਚਨਾ ਨਾ ਸਿਰਫ਼ ਪੰਜਾਬੀ ਕਹਾਣੀ ਦੇ ਖੋਜਾਰਥੀਆਂ, ਸਗੋਂ ਆਮ ਪਾਠਕਾਂ ਦੀ ਵੀ ਦਿਲਚਸਪੀ ਦਾ ਬਾਇਸ ਬਣਨ ਦੀ ਸਮਰੱਥਾ ਰੱਖਦੀ ਹੈ।

-ਸੁਕੀਰਤ

# ਜਸ ਮੰਡ ਦਾ ਰਚਨਾ ਸੰਸਾਰ




ਮਾਸਕੋ ਤੋਂ ਅੰਤਰਰਾਸ਼ਟਰੀ ਕਾਨੂੰਨ ਵਿਚ ਪੀ ਐਚ. ਡੀ. ਪ੍ਰਾਪਤ ਜਸ ਮੰਡ ਦੀ ਪੁਸਤਕ '*ਮਸ਼ਕੂਲੇ*' ਅਸਲ ਵਿਚ ਸੋਵੀਅਤ ਯੂਨੀਅਨ ਤੇ ਪੰਜਾਬੀ ਸਮਾਜ ਦਾ ਮਜ਼ਾਕਾਂ ਰਾਹੀਂ ਕੀਤਾ ਡੂੰਘਾ ਵਿਸ਼ਲੇਸ਼ਣ ਹੈ। ਉਸਦੀ ਅੰਗਰੇਜ਼ੀ ਵਿੱਚ ਲਿਖੀ ਤੇ ਹਿੰਦੀ ਤਰਜਮੇ ਵਿੱਚ ਵੀ ਛਪੀ ਪੁਸਤਕ '*The Secret Of Happiness*' ਖੁਸ਼ੀ ਦੇ ਸੰਕਲਪ ਬਾਰੇ ਗੰਭੀਰ ਖੋਜ ਵੀ ਹੈ, ਤੇ ਸ਼ਖਸੀਅਤ ਉਸਾਰੀ ਦੀ ਰਾਹ-ਦਸੇਰਾ ਵੀ। ਉਸਦੇ ਸਫਰਨਾਮੇ '*ਕਾਲੇ ਸਾਗਰ ਚਿੱਟੇ ਪਰਬਤ*' ਤੇ '*ਰੇਤੀਲੇ ਤੇ ਬਰਫੀਲੇ ਮਾਰੂਥਲ*' ਪੰਜਾਬੀ ਯਾਤਰੂਆਂ ਤੇ ਟ੍ਰੈਕਰਾਂ ਨੂੰ ਘਰ ਬੈਠੇ ਸੈਰ ਕਰਵਾਣ ਦੇ ਨਾਲ-ਨਾਲ ਉਨ੍ਹਾਂ ਨੂੰ ਸੈਰ ਕਰਨ ਲਈ ਉਕਸਾਂਦੇ ਵੀ ਹਨ, ਤੇ ਸੈਰ-ਸਪਾਟੇ ਦੀ ਗਾਈਡ ਦਾ ਕੰਮ ਵੀ ਕਰਦੇ ਹਨ। ਪੰਜ ਦਰਜਨਾਂ ਤੋਂ ਵੱਧ ਦੇਸਾਂ ਦੀ ਸੈਰ ਕਰ ਚੁੱਕੇ ਇਸ ਘੁਮੱਕੜ ਚਿੰਤਕ ਦੀਆਂ ਕਿਰਤਾਂ ਹਰ ਪੰਜਾਬੀ ਨੂੰ ਕੇਵਲ ਪੜ੍ਹਨੀਆਂ ਹੀ ਨਹੀਂ, ਸਗੋਂ ਚਿੱਥਣੀਆਂ ਚਾਹੀਦੀਆਂ ਹਨ।




**- ਡਾ. ਰਜਨੀਸ਼ ਬਹਾਦਰ ਸਿੰਘ**

# ਮਾਝਾ ਕਾਲਜ ਫ਼ਾਰ ਵੂਮੈਨ, ਤਰਨ ਤਾਰਨ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ

TARN TARAN

**ਨੋਟ:**
ਸਾਰੇ ਕੋਰਸਾਂ ਵਿੱਚ
ਸੈਸ਼ਨ 2022-23 ਲਈ
ਰਜਿਸਟ੍ਰੇਸ਼ਨ/ਅਡਵਾਂਸ
ਬੁਕਿੰਗ ਸ਼ੁਰੂ




- ਕੇਂਦਰ/ਪੰਜਾਬ ਸਰਕਾਰ ਵੱਲੋਂ SC, BC ਅਤੇ ਘੱਟ ਗਿਣਤੀ (ਮਨਿਉਰਟੀ) ਵਿਦਿਆਰਥੀਆਂ ਲਈ ਵਜ਼ੀਫੇ ਦੀ ਸਹੂਲਤ।
- ਯੂਨੀਵਰਸਿਟੀ ਮੈਰਿਟ ਹੋਲਡਰ ਵਿਦਿਆਰਥੀਆਂ ਨੂੰ ਫੀਸਾਂ ਵਿਚ ਰਿਆਇਤ।

## ਚੱਲ ਰਹੇ ਕੋਰਸ

+1, +2 ਆਰਟਸ, ਕਾਮਰਸ, ਮੈਡੀਕਲ ਅਤੇ ਨਾਨ ਮੈਡੀਕਲ ਗਰੁੱਪ
(ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ)

- ਬੀ.ਏ.
- ਬੀ.ਐੱਸ-ਸੀ. (ਇਕਨਾਮਿਕਸ)
- ਬੀ.ਐੱਸ.ਸੀ. (ਕੰਪਿ. ਸਾਇੰਸ)
- ਬੀ.ਐੱਸ-ਸੀ. (ਨਾਨ-ਮੈਡੀਕਲ)
- ਬੀ.ਐੱਸ.ਸੀ. (ਫੈਸ਼ਨ ਡਿਜ਼ਾਈਨਿੰਗ)
- ਬੀ.ਕਾਮ.
- ਬੀ.ਬੀ.ਏ.
- ਬੀ.ਸੀ.ਏ.
- ਪੀ.ਜੀ.ਡੀ.ਸੀ.ਏ.
- ਐੱਮ.ਏ. (ਪੰਜਾਬੀ)
- ਐੱਮ.ਐੱਸ.ਸੀ. (ਕੰਪਿ. ਸਾਇੰਸ)
- ਡਿਪਲੋਮਾ ਇੰਨ ਕੌਸਮੈਟੋਲਾਜੀ

## ਕਾਲਜ ਬੱਸਾਂ ਦੇ ਰੂਟ



ਅੰਮ੍ਰਿਤਸਰ, ਤਰਨ ਤਾਰਨ,
ਦਿਆਲਪੁਰ, ਝਬਾਲ, ਗੋਇੰਦਵਾਲ ਸਾਹਿਬ
ਖਡੂਰ ਸਾਹਿਬ, ਰਾਜੋਕੇ, ਅਮਰਕੋਟ
ਵਲਟੋਹਾ, ਘਰਿਆਲਾ, ਪੱਟੀ
ਸਰਹਾਲੀ, ਸਭਰਾਂ।

## ਵਿਸ਼ੇਸ਼ਤਾਵਾਂ

- ਬੱਸਾਂ ਦੀ ਸਹੂਲਤ
- ਤਜ਼ਰਬੇਕਾਰ ਸਟਾਫ਼
- ਸੈਮੀਨਾਰ ਰੂਮ
- ਜਨਰੇਟਰ ਦੀ ਸਹੂਲਤ
- ਵਿਸ਼ਾਲ ਲਾਇਬ੍ਰੇਰੀ
- ਨਵੀਂ ਸ਼ਾਨਦਾਰ ਆਧੁਨਿਕ ਬਿਲਡਿੰਗ
- ਕੁਆਲਟੀ ਐਜੂਕੇਸ਼ਨ ਉੱਤੇ ਜ਼ੋਰ
- ਅਲਟਰਾ ਮਾਡਰਨ ਸਾਇੰਸ, ਫੈਸ਼ਨ ਡਿਜ਼ਾਇਨਿੰਗ, ਕੋਸਮੈਟੋਲਾਜੀ ਅਤੇ ਕੰਪਿਊਟਰ ਲੈਬ
- ਕੰਟੀਨ
- ਘੱਟ ਫੀਸਾਂ
- ਖੁੱਲੀਆਂ ਗਰਾਊਂਡਾਂ
- WI-FI ਕੈਂਪਸ

## ਨੇੜੇ ਬਾਬਾ ਦੀਪ ਸਿੰਘ ਗੇਟ, ਤਰਨ ਤਾਰਨ


E-mail :mcwtarntaran@ymail.com Website : www.majhacollegeforwomen.in (Principal Off.) 98764-82175

ਅਮਨਪ੍ਰੀਤ ਕੌਰ
ਵਾਈਸ ਪ੍ਰਿੰਸੀਪਲ
Mob.: 9646882940

ਹਰਮਿੰਦਰ ਕੌਰ
ਰਜਿਸਟ੍ਰਾਰ
Mob.: 9914489959

ਡਾ. ਹਰਦੀਪ ਕੌਰ
ਪ੍ਰਿੰਸੀਪਲ